ISSN: 2277-9930

88

ਅਪ੍ਰੈਲ-ਜੂਨ 2026

# ਪ੍ਰਤਿਮਾਨ

ਮੁੱਲ: 75/-



ਸੰਪਾਦਕ : ਅਮਰਜੀਤ ਕੌਂਕੇ

## ਮਹਿਮਾਨ ਸ਼ਾਇਰ / ਭੁਪਿੰਦਰ ਸਿੰਘ ਸੱਗੂ (ਯੂ.ਕੇ.)

### ਨਦੀ ਨੇ ਕਿਹਾ

ਤੁਰਕੀ ਦੀਆਂ ਅਸਮਾਨ-ਛੂੰਹਦੀਆਂ
ਚੋਟੀਆਂ ਤੋਂ ਸ਼ਾਂਤ ਚਿੱਤ,
ਇਕਾਗਰ ਧਿਆਨ ਨਾਲ
ਮੈਡੀਟੇਰੀਨੀਅਨ ਦੇ
ਵਿਸ਼ਾਲ ਮਹਾਂਸਾਗਰ ਵੱਲ
ਵਲ ਖਾਂਦੀ, ਵਹਿੰਦੀ
'ਡੁੱਡਨ' ਦੀ ਨਦੀ।

ਉਸ ਦੇ ਕਿਨਾਰੇ ਖੜ੍ਹ ਕੇ
ਮੈਂ ਨਦੀ ਨੂੰ ਕਿਹਾ:

ਰੁਕ ਜਾ ਕੁਝ ਪਲਾਂ ਲਈ,
ਤੇਰੀ ਸੁੰਦਰਤਾ ਦੇ ਅਕਸ ਵਿੱਚ
ਮੈਂ, ਮਰ ਕੇ ਜਿਉਣ ਦਾ,
ਜਿਉਂਦੇ ਮਰਨ ਦਾ
ਅਦ੍ਰਿਸ਼ ਭੇਦ ਜਾਨਣਾ ਚਾਹੁੰਦਾ ਹਾਂ।

ਨਦੀ ਨੇ ਕਿਹਾ :
ਮੈਂ ਕਿਰਿਆਸ਼ੀਲ ਹਾਂ! ਰੁਕਣਾ
ਕੁਦਰਤ ਦੀ ਨਾਫ਼ਰਮਾਨੀ ਹੈ।

ਤੂੰ ਪੰਜ ਤੱਤਾਂ ਦਾ ਪੁਤਲਾ ਹੈ
ਤੇਰੀ ਹੋਂਦ ਇਕ ਬੂੰਦ ਸਮਾਨ ਏ,
ਤੈਨੂੰ ਕੀ ਪਤਾ
ਤੇਰੇ ਆਲੇ-ਦੁਆਲੇ ਹਾਉਮੈ ਦੀ
ਅਦਿੱਖ ਫ਼ਸੀਲ ਤਣੀ ਹੋਈ ਹੈ।

ਮੇਰੀ ਹੋਂਦ
ਕਿਸੇ ਇਕ ਆਕਾਰ ਵਿੱਚ
ਕੈਦ ਨਹੀਂ,
ਮੈਂ ਤਾਂ ਵਿਸ਼ਾਲ ਮਹਾਂਸਾਗਰ ਵੱਲ
ਨਿਰੰਤਰ ਵਹਿਣ ਦੀ ਯਾਤਰਾ ਹਾਂ।
ਮੈਂ ਆਜ਼ਾਦ ਹਾਂ,
ਮੈਂ ਸਦੀਵੀ ਚਾਲ ਹਾਂ।
ਆ ਇਸ ਵਹਿਣ ਵਿੱਚ
ਮੇਰੇ ਨਾਲ ਤੁਰ,
ਤੂੰ ਆਪ ਹੀ
ਜੀਵਨ-ਮਰਨ ਦਾ
ਭੇਦ ਜਾਣ ਲਵੇਂਗਾ।



### ਮਿੱਟੀ

ਘਣਾ ਜੰਗਲ
ਚਾਰੋਂ ਚੁਫੇਰੇ
ਉੱਚੇ-ਉੱਚੇ ਪਰਬਤ ,
ਵਿਚਕਾਰ ਡੂੰਘੀਆਂ ਖੱਡਾਂ।
ਪੈਰ-ਪੈਰ 'ਤੇ ਤਿਲਕਣਬਾਜ਼ੀ,
ਪੈਰਾਂ ਨਾਲ ਤੁਰਦੀ
ਉਮਰੋਂ ਲੰਮੀ
ਵਲ੍ਹ ਖਾਂਦੀ ਪਗਡੰਡੀ
ਵਿਚਕਾਰੋਂ ਪਾਉਂਦੀ ਵੰਡੀ।
ਆਦਿ ਕਾਲ ਤੋਂ
ਇਸ ਮਿੱਟੀ ਦੇ ਸਿਰ ਉੱਤੇ
ਇੱਛਾਵਾਂ ਦੀ ਭਾਰੀ ਪੰਡ,
ਉੱਖੜੇ ਸਾਹਾਂ ਨਾਲ ਤੁਰਦੀ ਜਾਵੇ -
ਖ਼ੌਰੇ ਇਸ ਨੂੰ ਕਾਹਦੀ ਕਾਹਲੀ।
ਇਹ ਮਿੱਟੀ-ਮੇਰੇ ਤਨ ਦੀ ਮਿੱਟੀ,
ਨਿਮਖ-ਨਿਮਖ ਕਰ ਭੁਰਦੀ।
ਸ਼ਾਮ ਪਈ ਤਾਂ
ਦਿਲ ਦੀ ਧੜਕਣ ਵਧਦੀ ਜਾਵੇ।
ਕਿੱਦਾਂ ਆਪਣਾ ਸਫ਼ਰ ਮੁਕਾਵੇ ?

### ਬੱਚਾ ਤੇ ਖਿਡੌਣਾ

ਬੱਚੇ ਦੀ ਜਾਨ
ਉਸ ਦੇ ਖਿਡੌਣੇ ਵਿੱਚ ਹੁੰਦੀ ਹੈ।
ਮੇਰੇ ਨਜ਼ਦੀਕ
ਇੱਕ ਸਪੇਨੀ ਬੱਚਾ ਖੇਡ ਰਿਹਾ ਹੈ।
ਅਚਾਨਕ
ਇੱਕ ਹੋਰ ਬੱਚਾ ਆਉਂਦਾ ਹੈ,
ਅਤੇ ਉਸ ਦਾ ਖਿਡੌਣਾ
ਚੁੱਕ ਕੇ ਲੈ ਜਾਂਦਾ ਹੈ।
ਖਿਡੌਣੇ ਵਾਲਾ ਬੱਚਾ
ਜਾਰੋ-ਜਾਰ ਰੋਂਦਾ ਹੈ,
ਅੱਡੀਆਂ ਘਸਾਉਂਦਾ ਹੈ,
ਆਪਣੀ ਮਾਂ ਦੇ
ਮੁੱਕੀਆਂ ਮਾਰਦਾ ਹੈ,
ਖਿਡੌਣੇ ਵੱਲ ਉਂਗਲ ਕਰਦੈ
ਉਸਨੂੰ ਵਾਪਸ ਲੈਣ ਦੀ
ਜ਼ਿੱਦ ਕਰਦਾ ਹੈ।

ਮਾਂ ਬੁੱਲ੍ਹਾਂ 'ਤੇ ਮੁਸਕਾਨ ਲਿਆ ਕੇ
ਅਪਣਾ ਮੋਬਾਇਲ ਫੜਾਉਂਦੀ ਹੈ,
ਪੁਚਕਾਰਦੀ ਹੈ, ਦੁਲਾਰਦੀ ਹੈ,
ਵਰਾਉਂਦੀ ਹੈ,
ਉਸ ਦੇ ਹੰਝੂ ਪੂੰਝਦੀ ਹੈ।

ਪਰ ਬੱਚਾ ਮੋਬਾਇਲ
ਪਰ੍ਹਾਂ ਵਗਾਹ ਮਾਰਦਾ ਹੈ,
ਉਸਨੂੰ ਤਾਂ ਆਪਣਾ ਹੀ
ਖਿਡੌਣਾ ਚਾਹੀਦਾ ਹੈ।

ਕਿਉਂਕਿ ਬੱਚੇ ਦੀ ਜਾਨ
ਖਿਡੌਣਾ ਹੈ,
ਅਤੇ ਖਿਡੌਣੇ ਵਿੱਚ
ਉਸ ਦੀ ਜਾਨ ਹੈ।
ਇਸ ਬਚਕਾਨੇ ਵਰਤਾਰੇ ਨੂੰ
ਦੇਖ ਕੇ ਮੈਂ
ਬੁੱਢੀ-ਵਰੇਸ ਕੁਰਸੀ 'ਤੇ ਬੈਠਾ
ਸੋਚ ਰਿਹਾ ਹਾਂ,

ਕਾਸ਼
ਅਪਣੇ ਜੀਵਨ ਦੀ ਡੋਰ
ਇਸ ਮਾਸੂਮੀਅਤ ਦੇ
ਹਵਾਲੇ ਕਰ ਦਿਆਂ,
ਤਾਂ ਕਿ ਮੇਰੀ ਹੋਂਦ ਦੀ
ਦਿਸ਼ਾ ਵੀ ਬਦਲੇ,
ਅਤੇ ਦਸ਼ਾ ਵੀ।

# ਪ੍ਰਤਿਮਾਨ

A Peer Reviewed Research Journal

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਪ੍ਰੈਲ-ਜੂਨ 2026, ਅੰਕ 88

ISSN: 2277-9930

RNI No. PUNPUN/2006/16230



**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
pratimaan@yahoo.co.in
www.pratimaan.in



**Peer Review Board**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਯੋਗਰਾਜ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ, ਡਾ. ਆਤਮ ਰੰਧਾਵਾ, ਡਾ. ਭੀਮ ਇੰਦਰ ਸਿੰਘ, ਡਾ. ਅਮਰਜੀਤ ਸਿੰਘ



**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com
www.raadesigns.com

TITLE PAINTING BY :

PETRA DOBREVSKA
(BULGARIA)

**ਸਹਿਯੋਗ ਰਾਸ਼ੀ**

ਇੱਕ ਅੰਕ: 75/-, 5 ਸਾਲ: 1500/-
ਜੀਵਨ ਮੈਂਬਰਸ਼ਿਪ: 3000/-
ਵਿਦੇਸ਼: $250

ਪ੍ਰਤਿਮਾਨ ਲਈ ਸਹਿਯੋਗ ਰਾਸ਼ੀ ਹੇਠ ਲਿਖੇ ਨੰਬਰ ਤੇ ਗੂਗਲ ਪੇਅ ਕਰ ਸਕਦੇ ਹੋ :
+91 98142-31698


## ਤਰਤੀਬ

ਮੁੱਦਤੇਂ ਗੁਜ਼ਰੀਂ ਤੇਰੀ ਯਾਦ ਭੀ ਨਾ ਆਈ ਹਮੇਂ,
ਔਰ ਹਮ ਭੂਲ ਗਏ ਹੋਂ ਤੁਝੇ, ਐਸਾ ਭੀ ਨਹੀਂ।
- ਫ਼ਿਰਾਕ ਗੋਰਖਪੁਰੀ


### ਸੰਪਾਦਕੀ / 2

### ਵਿਸ਼ੇਸ਼ ਲੇਖ

ਵਿਸ਼ੇਸ਼ ਲੇਖ / ਭਾਸ਼ਾ ਅਤੇ ਚੁੱਪ / ਗੁਰਦੇਵ ਚੌਹਾਨ 3

### ਕਹਾਣੀਆਂ

ਸਾਬਣ ਦੀ ਚਿੱਪਰ / ਕੁਲਵੰਤ ਸਿੰਘ ਵਿਰਕ / 9, ਮਾਤ / ਕਿਰਪਾਲ ਕਜ਼ਾਕ / 12, ਉਲਝੇ ਰਿਸ਼ਤਿਆਂ ਦੀ ਤੰਦਾਂ / ਬਲਵੀਰ ਕੌਰ ਰੀਹਲ / 18, ਖੱਟਾ ਰੰਗ / ਮੁਹੰਮਦ ਇਮਤਿਆਜ਼ / 22

### ਕਵਿਤਾ / ਗ਼ਜ਼ਲ / ਗੀਤ

ਭੁਪਿੰਦਰ ਸਿੰਘ ਸੱਗੂ / ਟੀ-2, ਜਗਤਾਰ ਢਾਅ / 5, ਮਨਮੋਹਨ / 6 ਅਜੈ ਤਨਵੀਰ / 7, ਜਸਬੀਰ ਮਾਹਲ / 8, ਹਰਵਿੰਦਰ ਕੌਰ / 11, ਸੁਰਜੀਤ / 16, ਸਿਮਰਤ ਗਗਨ / 17, ਮਾਲਵਿੰਦਰ ਸ਼ਾਇਰ / 20, ਜਸ਼ਨਪ੍ਰੀਤ ਕੌਰ ਸਿੱਧੂ / 21, ਅਮਨਜੀਤ ਕੌਰ ਸ਼ਰਮਾ / 25, ਡਾ. ਜਤਿੰਦਰ ਕੁਮਾਰ ਸੋਨੀ / 26, ਪਰਮਜੀਤ ਸੋਹਲ / 29, ਨਵਦੀਪ ਸਿੰਘ ਮੁੰਡੀ / 36, ਜਸਪ੍ਰੀਤ ਕੌਰ / 48

### ਆਲੋਚਨਾ ਨਿਬੰਧ / ਰੀਵੀਊ

ਅਮਰਜੀਤ ਕੌਂਕੇ ਦੀ ਕਵਿਤਾ ਵਿਚਲਾ ਕਾਵਿ-ਵਿਅੰਗ / ਜਗਸੀਰ ਸਿੰਘ / 27, ਪਾਨਿਨੀ ਵਿਆਕਰਨ 'ਅਸ਼ਟਾਧਿਆਈ' / ਡਾ. ਲਖਵਿੰਦਰ ਸਿੰਘ / 30, ਮੇਜਰ ਮਾਂਗਟ ਦੀ ਕਹਾਣੀ 'ਘੁੰਮਣਘੇਰ' ਵਿੱਚ ਪੇਸ਼ ਮਨੋਪਰਤਾਂ / ਨੀਰੂ ਗੁਪਤਾ / 33, ਬਦਲਾ: ਸਮਾਜ-ਮਨੋਵਿਗਿਆਨਕ ਅਧਿਐਨ / ਡਾ.ਗੁਰਵੰਤ ਸਿੰਘ / 37, ਕਾਵਿ ਸੰਗ੍ਰਹਿ 'ਜ਼ਿੰਦਗੀ ਜ਼ਿੰਦਗੀ' / ਗ.ਸ. ਨਕਸ਼ਦੀਪ ਪੰਜਕੋਹਾ / 40, ਪੰਜਾਬ ਦੀ ਭਾਰਤੀ ਧਰਮ ਅਤੇ ਗਿਆਨ-ਪਰੰਪਰਾ ਨੂੰ ਦੇਣ / ਡਾ.ਰੁਪਿੰਦਰ ਕੌਰ / 42, ਭਾਰਤ ਵਿਚ ਸੂਫ਼ੀਵਾਦ ਦੀ ਆਮਦ ਅਤੇ ਸਥਿਤੀ / ਸ਼ਹਿਜੀਤ ਸਿੰਘ ਕੰਗ / 44, ਮਾਨਵੀ ਚੇਤਨਾ ਨੂੰ ਹਲੂਣਦੀ ਵਾਰਤਕ : 'ਪਿੰਡ ਤਾਂ ਗੁਆਚ ਗਿਆ' / ਡਾ. ਜਸਪਾਲਜੀਤ / 47



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।

* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਸਲਿਊਸ਼ਨਜ਼,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਜੰਗ ਦੇ ਡਰਾਉਣੇ ਬੱਦਲ

ਅੱਜ ਦੁਨੀਆ ਇੱਕ ਅਜਿਹੇ ਸੰਵੇਦਨਸ਼ੀਲ ਮੋੜ 'ਤੇ ਖੜ੍ਹੀ ਹੈ ਜਿੱਥੇ ਜੰਗ ਦੇ ਬੱਦਲ ਬਹੁਤ ਸੰਘਣੇ ਅਤੇ ਡਰਾਉਣੇ ਨਜ਼ਰ ਆ ਰਹੇ ਹਨ। ਅਮਰੀਕਾ ਅਤੇ ਇਰਾਨ ਵਿਚਕਾਰ ਵਧ ਰਹੀ ਤਣਾਅਪੂਰਨ ਸਥਿਤੀ ਸਿਰਫ਼ ਦੋ ਦੇਸ਼ਾਂ ਦੀ ਰਾਜਨੀਤਿਕ ਜਾਂ ਸੈਨਿਕ ਖਿੱਚੋਤਾਣ ਹੀ ਨਹੀਂ ਰਹੀ, ਸਗੋਂ ਇਹ ਹੁਣ ਅਜਿਹਾ ਮੁੱਦਾ ਬਣ ਚੁੱਕਾ ਹੈ ਜਿਸਦਾ ਅਸਰ ਵਿਸ਼ਵ ਪੱਧਰ 'ਤੇ ਮਹਿਸੂਸ ਕੀਤਾ ਜਾ ਰਿਹਾ ਹੈ। ਇਸ ਟਕਰਾਅ ਦੇ ਗਹਿਰੇ ਪੱਖਾਂ ਨੂੰ ਸਮਝਣਾ ਅਤੇ ਇਸਦੇ ਸੰਭਾਵਿਤ ਨਤੀਜਿਆਂ ਦੀ ਪੜਤਾਲ ਕਰਨੀ ਅੱਜ ਦੀ ਸਭ ਤੋਂ ਵੱਡੀ ਲੋੜ ਹੈ।

ਅਮਰੀਕਾ ਇਰਾਨ ਰਿਸ਼ਤਿਆਂ ਦਾ ਪਿਛੋਕੜ ਲੰਮਾ ਅਤੇ ਪੇਚੀਦਾ ਰਿਹਾ ਹੈ। 1979 ਦੇ ਇਰਾਨੀ ਇਨਕਲਾਬ ਤੋਂ ਬਾਅਦ ਦੋਵੇਂ ਦੇਸ਼ਾਂ ਵਿਚਕਾਰ ਆਪਸੀ ਭਰੋਸਾ ਲਗਭਗ ਖ਼ਤਮ ਹੋ ਗਿਆ ਸੀ। ਇਸ ਤੋਂ ਬਾਅਦ ਪਰਮਾਣੂ ਪ੍ਰੋਗਰਾਮ, ਆਰਥਿਕ ਪਾਬੰਦੀਆਂ ਅਤੇ ਮੱਧ-ਪੂਰਬ ਵਿੱਚ ਪ੍ਰਭਾਵ ਲਈ ਮੁਕਾਬਲਾ ਲਗਾਤਾਰ ਤਣਾਅ ਦਾ ਕਾਰਨ ਬਣਦੇ ਰਹੇ ਹਨ। ਅਮਰੀਕਾ ਇਰਾਨ ਦੇ ਪਰਮਾਣੂ ਇਰਾਦਿਆਂ ਨੂੰ ਖ਼ਤਰਾ ਮੰਨਦਾ ਹੈ, ਜਦਕਿ ਇਰਾਨ ਇਸਨੂੰ ਆਪਣੀ ਸੁਰੱਖਿਆ ਅਤੇ ਖੁਦਮੁਖਤਿਆਰੀ ਨਾਲ ਜੋੜਦਾ ਹੈ। ਇਹ ਆਪਸੀ ਅਵਿਸ਼ਵਾਸ ਹੀ ਇਸ ਟਕਰਾਅ ਦੀ ਜੜ੍ਹ ਹੈ।

ਮੌਜੂਦਾ ਸਥਿਤੀ ਵਿੱਚ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਇਹ ਟਕਰਾਅ ਖੇਤਰੀ ਸੀਮਾਵਾਂ ਤੋਂ ਬਾਹਰ ਨਿਕਲ ਚੁੱਕਿਆ ਹੈ। ਮੱਧ-ਪੂਰਬ ਇੱਕ ਅਜਿਹਾ ਖੇਤਰ ਹੈ ਜਿੱਥੇ ਕਈ ਤਾਕਤਵਰ ਦੇਸ਼ਾਂ ਦੇ ਹਿੱਤ ਜੁੜੇ ਹੋਏ ਹਨ। ਅਮਰੀਕਾ ਅਤੇ ਇਰਾਨ ਵਿਚਕਾਰ ਸਿੱਧੀ ਜੰਗ ਜੇਕਰ ਹੋਰ ਲੰਬੀ ਹੁੰਦੀ ਹੈ, ਤਾਂ ਇਸ ਵਿੱਚ ਸਾਊਦੀ ਅਰਬ, ਰੂਸ ਅਤੇ ਚੀਨ ਵਰਗੇ ਦੇਸ਼ ਵੀ ਅਪ੍ਰਤੱਖ ਜਾਂ ਪ੍ਰਤੱਖ ਰੂਪ ਵਿੱਚ ਸ਼ਾਮਿਲ ਹੋ ਸਕਦੇ ਹਨ। ਇਹੀ ਉਹ ਮੰਜ਼ਰ ਹੈ ਜਿੱਥੇ ਦੋ ਮੁਲਕਾਂ ਦਾ ਟਕਰਾਅ ਵਿਸ਼ਵ ਜੰਗ ਦਾ ਰੂਪ ਧਾਰ ਸਕਦਾ ਹੈ। ਇਸ ਟਕਰਾਅ ਦਾ ਸਭ ਤੋਂ ਤੁਰੰਤ ਅਤੇ ਵਿਆਪਕ ਅਸਰ ਵਿਸ਼ਵ ਆਰਥਿਕਤਾ 'ਤੇ ਪੈ ਸਕਦਾ ਹੈ। ਮੱਧ-ਪੂਰਬ ਦੁਨੀਆ ਦੇ ਤੇਲ ਦਾ ਕੇਂਦਰ ਹੈ, ਅਤੇ ਜੇ ਇੱਥੇ ਅਸਥਿਰਤਾ ਵਧਦੀ ਹੈ ਤਾਂ ਤੇਲ ਦੀਆਂ ਕੀਮਤਾਂ ਵਿੱਚ ਬੇਹੱਦ ਵਾਧਾ ਹੋ ਸਕਦਾ ਹੈ। ਇਸਦਾ ਨਤੀਜਾ ਮਹਿੰਗਾਈ, ਆਰਥਿਕ ਮੰਦੀ ਅਤੇ ਗਰੀਬੀ ਦੇ ਵਾਧੇ ਰੂਪ ਵਿੱਚ ਸਾਹਮਣੇ ਆਵੇਗਾ। ਖ਼ਾਸ ਕਰਕੇ ਭਾਰਤ ਵਰਗੇ ਦੇਸ਼, ਜੋ ਤੇਲ ਦੀ ਆਮਦ 'ਤੇ ਨਿਰਭਰ ਹਨ, ਇਸਦਾ ਭਾਰ ਸਿੱਧਾ ਆਪਣੇ ਲੋਕਾਂ 'ਤੇ ਮਹਿਸੂਸ ਕਰਨਗੇ।

ਸਿਰਫ਼ ਆਰਥਿਕ ਪੱਖ ਹੀ ਨਹੀਂ, ਸੁਰੱਖਿਆ ਪੱਖੋਂ ਵੀ ਇਹ ਸਥਿਤੀ ਬਹੁਤ ਹੀ ਸੰਵੇਦਨਸ਼ੀਲ ਹੈ। ਆਧੁਨਿਕ ਜੰਗ ਸਿਰਫ਼ ਹਥਿਆਰਾਂ ਨਾਲ ਨਹੀਂ ਲੜੀ ਜਾਂਦੀ; ਇਸ ਵਿੱਚ ਸਾਈਬਰ ਹਮਲੇ, ਡਰੋਨ ਯੁੱਧ ਅਤੇ ਜਾਣਕਾਰੀ ਦੀ ਜੰਗ ਵੀ ਸ਼ਾਮਿਲ ਹੁੰਦੀ ਹੈ। ਜੇ ਇਹ ਟਕਰਾਅ ਵਧਦਾ ਹੈ, ਤਾਂ ਦੁਨੀਆ ਦੇ ਕਈ ਹਿੱਸਿਆਂ ਵਿੱਚ ਅਸਥਿਰਤਾ ਅਤੇ ਅਸੁਰੱਖਿਆ ਦਾ ਮਾਹੌਲ ਬਣ ਸਕਦਾ ਹੈ। ਆਮ ਲੋਕਾਂ ਲਈ ਇਹ ਡਰ ਅਤੇ ਅਨਿਸ਼ਚਿਤਤਾ ਨਾਲ ਭਰਪੂਰ ਸਮਾਂ ਹੋਵੇਗਾ। ਇੱਕ ਹੋਰ ਮਹੱਤਵਪੂਰਨ ਪੱਖ ਮਨੁੱਖੀ ਸ਼ਰਨਾਰਥੀ ਸੰਕਟ ਦਾ ਹੈ। ਜੰਗਾਂ ਹਮੇਸ਼ਾਂ ਸ਼ਰਨਾਰਥੀ ਸੰਕਟ ਪੈਦਾ ਕਰਦੀਆਂ ਹਨ। ਜੇ ਮੱਧ-ਪੂਰਬ ਵਿੱਚ ਵੱਡਾ ਟਕਰਾਅ ਹੁੰਦਾ ਹੈ, ਤਾਂ ਲੱਖਾਂ ਲੋਕ ਆਪਣੇ ਘਰ ਛੱਡਣ 'ਤੇ ਮਜਬੂਰ ਹੋ ਸਕਦੇ ਹਨ। ਇਸ ਨਾਲ ਨਾ ਸਿਰਫ਼ ਉਹਨਾਂ ਦੇ ਜੀਵਨ 'ਤੇ ਪ੍ਰਭਾਵ ਪਵੇਗਾ, ਸਗੋਂ ਇਸ ਨਾਲ ਹੋਰ ਦੇਸ਼ਾਂ ਅਤੇ ਯੂਰਪ 'ਤੇ ਵੀ ਵੱਡਾ ਬੋਝ ਪਵੇਗਾ।

ਪਰ ਇਸ ਸਾਰੀ ਸਥਿਤੀ ਦੇ ਬਾਵਜੂਦ, ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਵਿਸ਼ਵ ਜੰਗ ਕੋਈ ਆਸਾਨ ਜਾਂ ਤੁਰੰਤ ਨਤੀਜਾ ਨਹੀਂ ਹੁੰਦੀ। ਅੱਜ ਦੇ ਸਮੇਂ ਵਿੱਚ ਪਰਮਾਣੂ ਹਥਿਆਰਾਂ ਦੀ ਮੌਜੂਦਗੀ ਨੇ ਵੱਡੀਆਂ ਤਾਕਤਾਂ ਨੂੰ ਸਿੱਧੀ ਜੰਗ ਤੋਂ ਰੋਕਿਆ ਹੋਇਆ ਹੈ, ਕਿਉਂਕਿ ਇਸਦਾ ਨਤੀਜਾ ਸਿਰਫ਼ ਇੱਕ ਦੇਸ਼ ਲਈ ਨਹੀਂ, ਸਾਰੀ ਮਨੁੱਖਤਾ ਲਈ ਵਿਨਾਸ਼ਕਾਰੀ ਹੋਵੇਗਾ। ਇਸ ਲਈ ਅਕਸਰ ਦੇਸ਼ ਪਰੌਕਸੀ ਯੁੱਧਾਂ, ਕੂਟਨੀਤਿਕ ਦਬਾਅ ਅਤੇ ਆਰਥਿਕ ਪਾਬੰਦੀਆਂ ਦਾ ਸਹਾਰਾ ਲੈਂਦੇ ਹਨ। ਅਸਲ ਚੁਣੌਤੀ ਇਹ ਹੈ ਕਿ ਕੀ ਵਿਸ਼ਵ ਸਮਾਜ ਸਮੇਂ 'ਤੇ ਇਸ ਤਣਾਅ ਨੂੰ ਘਟਾਉਣ ਲਈ ਕਦਮ ਚੁੱਕੇਗਾ। ਸੰਯੁਕਤ ਰਾਸ਼ਟਰ, ਅੰਤਰਰਾਸ਼ਟਰੀ ਸੰਸਥਾਵਾਂ ਅਤੇ ਵੱਡੀਆਂ ਤਾਕਤਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸੰਵਾਦ ਅਤੇ ਸਮਝੌਤੇ ਦੇ ਰਸਤੇ ਨੂੰ ਮਜ਼ਬੂਤ ਕਰਨ। ਨਹੀਂ ਤਾਂ ਜੰਗ ਦਾ ਇਹ ਹਨ੍ਹੇਰਾ ਸਿਰਫ਼ ਦੋ ਦੇਸ਼ਾਂ ਨੂੰ ਹੀ ਨਹੀਂ, ਸਗੋਂ ਸਮੁੱਚੇ ਵਿਸ਼ਵ ਨੂੰ ਆਪਣੀ ਲਪੇਟ ਵਿੱਚ ਲੈ ਸਕਦਾ ਹੈ।

# ਵਿਸ਼ੇਸ਼ ਲੇਖ / ਕਵਿਤਾ, ਭਾਸ਼ਾ ਅਤੇ ਚੁੱਪ / ਗੁਰਦੇਵ ਚੌਹਾਨ



ਭਾਸ਼ਾ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹੈ। ਅਸੀਂ ਹਵਾ ਵਿਚ ਹੀ ਨਹੀਂ ਸ਼ਬਦਾਂ ਵਿਚ ਵੀ ਸਾਹ ਲੈਂਦੇ ਹਾਂ। ਸਾਡੀ ਜ਼ਿੰਦਗੀ ਦਾ ਸਭ ਤੋਂ ਵੱਧ ਸਮਾਂ ਸ਼ਬਦਾਂ ਦੀ ਸੰਗਤ ਵਿਚ ਬੀਤਦਾ ਹੈ। ਇਕ ਤਰਾਂ ਨਾਲ ਸੁੱਤੇ ਹੋਏ ਵੀ ਅਸੀਂ ਸ਼ਬਦਾਂ ਤੋਂ ਬਹੁਤ ਦੂਰ ਨਹੀਂ ਜਾਂਦੇ ਕਿਉਂਕਿ ਸਾਡੇ ਸੁਪਨੇ ਵੀ ਸ਼ਬਦਾਂ ਨਾਲ ਬੁਣੇ ਹੁੰਦੇ ਹਨ ਜਿਹੜੇ ਸਾਡੀ ਅਵਚੇਤਨਾਂ ਦਾ ਹੀ ਪਦਾਰਥ , ਪੱਖ ਅਤੇ ਅੰਗ ਹੁੰਦੇ ਹਨ। ਭਾਸ਼ਾ ਅਤੇ ਚੇਤਨਾ ਇਕ ਦੂਜੇ ਦੇ ਪੂਰਕ ਹਨ ਅਤੇ ਆਪਸ ਵਿਚ ਇਵੇਂ ਰਲੇ ਮਿਲੇ ਹੁੰਦੇ ਹਨ ਜਿਵੇਂ ਖੀਰ ਵਿਚ ਖੰਡ, ਜਿਵੇਂ ਸਰੀਰ ਵਿਚ ਆਤਮਾ।

ਭਾਸ਼ਾ ਦਾ ਪ੍ਰਯੋਗ ਹੀ ਮਨੁੱਖ ਨੂੰ ਪਸ਼ੂ ਤੋਂ ਅੱਡ ਕਰਦਾ ਅਤੇ ਰੱਖਦਾ ਹੈ। ਚੁੱਪ ਵੀ ਭਾਸ਼ਾ ਦਾ ਹੀ ਇਕ ਪੱਖ ਹੈ ਕਿਉਂਕਿ ਚੁੱਪ ਚੇਤਨਾ ਤੋਂ ਬਗੈਰ ਅਧੂਰੀ ਹੈ, ਸੰਭਵ ਨਹੀਂ, ਮਨੁੱਖੀ ਨਹੀਂ, ਸੰਜੀਵ ਨਹੀਂ। ਭਾਸ਼ਾ ਤੋਂ ਬਗੈਰ ਚੁੱਪ ਇਵੇਂ ਹੈ ਜਿਵੇਂ ਸਾਹ-ਹੀਣ ਪ੍ਰਾਣੀ, ਚੁੱਪ ਸ਼ਬਦਹੀਣਤਾ ਨਾਲ ਨਹੀਂ ਸ਼ਾਬਦਿਕ ਅਵਸਥਾ ਨਾਲ ਜੁੜੀ ਹੁੰਦੀ ਹੈ, ਮਨੁਖੀ ਬੋਲ ਨਾਲ। ਇਕ ਤਰਾਂ ਨਾਲ ਚੁੱਪ ਸ਼ਬਦ ਦੀ ਪੂਰਕ ਹੈ। ਚੁੱਪ ਸ਼ਬਦ ਤੋਂ ਬਾਅਦ ਵਿਚ ਆਈ ਹੈ। ਇਸ ਵਿਚ ਸ਼ਬਦ ਦੀ ਪਕਿਆਈ ਹੰਦੀ ਹੈ,ਇਕ ਠਹਿਰੀ ਹੋਈ ਪ੍ਰਕਿਆ ਜਿਵੇਂ ਦੁੱਧ ਉਤੇ ਤਰ ਰਹੀ ਮਲਾਈ, ਜਿਵੇਂ ਅਰਥਾਂ ਦੀ ਜੁਗਾਲੀ।

ਇਹ ਵੀ ਨਹੀਂ ਕਿ ਕੇਵਲ ਸ਼ਬਦਾਂ ਰਾਹੀਂ ਹੀ ਚੁੱਪ ਤੀਕ ਅੱਪੜਿਆ ਜਾ ਸਕਦਾ ਹੈ, ਚੁੱਪ ਤੋਂ ਚੁੱਪ ਤੀਕ ਦਾ ਸਫਰ ਵੀ ਹੰਦਾ ਹੈ, ਕੀਤਾ ਜਾ ਸਕਦਾ ਹੈ, ਚੁੱਪ ਤੋਂ ਸ਼ਬਦ ਵਲ ਪਰਤਣਾ ਇਕ ਤਰਾਂ ਨਾਲ ਸ਼ਬਦ ਤੋਂ ਸ਼ਬਦ ਵਲ ਪਰਤਣਾ ਹੀ ਹੈ, ਭਾਸ਼ਾ ਵੱਲ ਜਿਹੜੀ ਮਨੁੱਖ ਦਾ ਘਰ ਹੈ।

ਭਾਸ਼ਾ ਦੀ ਵਰਤੋਂ ਦੇ ਮਾਮਲੇ ਵਿਚ ਜਾਂ ਭਾਸ਼ਾ ਦੇ ਪ੍ਰਸਪਰ, ਵਾਰਤਕ ਅਤੇ ਕਵਿਤਾ ਅੱਡ ਤਰਾਂ ਪੇਸ਼ ਆਉਂਦੀ ਹੈ। ਗਲਪ ਵੀ। ਜਿੱਥੇ ਵਾਰਤਕ ਅਤੇ ਗਲਪ ਸ਼ਬਦਾਂ ਨੂੰ ਸਿੱਧੇ ਤਰਾਂ ਵਸਤਾਂ ਨਾਲ ਜੋੜਦੇ ਹਨ, ਸ਼ਬਦਾਂ ਚਿਹਨਾਂ ਵਿਚ ਢਾਲਦੇ ਹੋਏ ਅਤੇ ਇਸ ਤਰਾਂ ਚਿਹਨੀਕਰਣ ਵਲ ਵਧਦੇ ਹਨ ਉਥੇ ਕਵਿਤਾ ਵਸਤਾਂ ਹੀ ਨਹੀਂ ਸ਼ਬਦਾਂ ਵੀ ਆਪਣਾ ਅੰਤਮ ਲਕਸ਼ ਬਣਾਉਂਦੀ ਹੈ। ਬਿਆਨ, ਵਰਨਣ, ਬਿਰਤਾਂਤ, ਪ੍ਰਤੱਖਣ ਅਤੇ ਤਰਕ, ਵਾਰਤਕ ਅਤੇ ਗਲਪ ਦੇ ਹਥਿਆਰ ਅਤੇ ਪ੍ਰਕਾਰਜ ਹਨ। ਪਰ ਇਸ ਦੇ ਬਾਬਜੂਦ ਕਵਿਤਾ ਲਈ ਸ਼ਬਦ ਅਤੇ ਵਸਤਾਂ ਇਕਦਮ ਆਖ਼ਰੀ ਹਨ ਅਤੇ ਆਖ਼ਰੀ ਨਹੀ। ਕਵਿਤਾ ਇਹਨਾਂ ਦਾ ਸੰਗ ਅਤੇ ਇਹਨਾਂ ਦੇ ਵਿਸਥਾਰ ਦੀ ਧਾਰਨੀ ਹੈ, ਕਵਿਤਾ ਇਹਨਾਂ ਦੀ ਪਾਰਗਾਮਿਕਤਾ ਵਲ ਰੁਚਿਤ ਹੁੰਦੀ ਹੈ। ਭਾਸ਼ਾ ਰਾਹੀਂ ਭਾਸ਼ਾ ਦੀ ਮੌਤ ਵਲ। ਸਬਦਾਂ ਰਾਹੀਂ ਚੁੱਪ ਵਲ। ਇਹ ਇਕਦੰਮ ਅਸੰਭਵਤਾ ਨਾਲ ਦੋ ਚਾਰ ਹੁੰਦੀ ਹੈ।

ਭਾਸ਼ਾ ਦੀ ਚੁੱਪ, ਹੋਏ ਬੀਤੇ ਨੂੰ ਪਰੇ ਕਰ ਕੇ ਵੇਖਣ ਦੀ ਕੋਸ਼ਿਸ਼ ਹੈ। ਆਪਣੇ ਤੋਂ ਪਾਰ ਜਾਣ ਦਾ ਕਰਮ। ਰੱਬ ਵਾਂਗ ਰਚਨਾ ਨੂੰ ਵੇਖਣ ਦਾ ਕਾਰਜ। ਰੱਬ ਅਨੰਤ ਦੂਰੀ ਦਾ ਨਾਂ ਹੈ। ਰਚਨਾ ਤੋਂ ਵਿੱਥ ਦਾ। ਆਦਿ-ਆਰੰਭ ਤੋਂ ਅੱਡ ਅਤੇ ਵੱਖ਼ ਹੋਣ ਦਾ। ਅਸੀਂ ਸਭ ਛੋਟੇ ਛੋਟੇ ਰੱਬ ਹਾਂ। ਆਪੋ ਆਪਣੀ ਛੋਟੀ ਵੱਡੀ ਰਚਨਾ ਦੇ ਰੱਬ, ਪਰ ਰਚਨਾਤਮਿਕਤਾ ਦੇ ਟੋਟੇ ਨਹੀਂ ਕੀਤੇ ਜਾ ਸਕਦੇ। ਹਰ ਇਕ ਮਨੁੱਖ ਆਪਣੀ ਰਚਨਾਤਮਿਕਤਾ ਰਾਹੀਂ ਆਪਣੇ ਰੱਬ ਨਾਲ ਜੁੜਨ ਦਾ ਉਪਰਾਲਾ ਕਰਦਾ ਹੈ, ਆਪਣੇ ਸਰੋਤ ਨਾਲ। ਰਚਨਾਤਮਿਕਤਾ ਸਮੇਂ ਦੀ ਮਾਰ ਦੇ ਵਿਰੁੱਧ ਖੜੋਤੀ ਹੁੰਦੀ ਹੈ।

ਇਹ ਵਕਤ ਤੋਂ ਆਪਣਾ ਸਪੇਸ ਹਥਿਆਉਣ ਦਾ ਨਾਂ ਹੈ। ਰਚਨਾਤਮਿਕਤਾ ਨਾਸ਼ਵਾਨਤਾ ਦੇ ਵਿਰੁਧ ਖਲੋਤੀ ਹੁੰਦੀ ਹੈ। ਕਵਿਤਾ ਭਾਸ਼ਾ ਰਾਹੀਂ ਭਾਸ਼ਾ ਨੂੰ ਤਿਆਗਦੀ ਹੈ। ਭਾਸ਼ਾ ਦਾ ਸਭ ਤੋਂ ਵੱਧ ਅਤੇ ਗਹਿਰਾ ਓਪਯੋਗ ਕਵਿਤਾ ਹੀ ਕਰਦੀ ਹੈ। ਪਰ ਕਵਿਤਾ ਦੇ ਹੱਥਾਂ ਵਿਚ ਭਾਸਾ ਇਕ ਮਾਧਿਅਮ ਨਾ ਹੋ ਕੇ ਇਕ ਮੰਤਵ ਗ੍ਰਹਿਣ ਕਰਣ ਲਗ ਪੈਂਦੀ ਹੈ। ਕਵਿਤਾ ਦੇ ਹੱਥਾਂ ਵਿਚ ਸ਼ਬਦ ਖੇਡਣ ਲਗ ਪੈਂਦੇ ਹਨ। ਇਹ ਚਿਹਨ ਨਹੀਂ ਰਹਿੰਦੇ ਸਗੋਂ ਖ਼ੁਦ ਵਸਤਾਂ ਬਣ ਜਾਂਦੇ ਹਨ, ਕਵਿਤਾ ਇੰਝ ਸਿਗਨੀਫਾਇਰਾਂ ਦੀ ਖੇਡ ਬਣ ਜਾਂਦੀ ਹੈ।

ਕਵਿਤਾ ਮਨੁੱਖੀ ਜ਼ਿੰਦਗੀ ਦੇ ਨਾਲ ਹੀ ਜਨਮੀ ਹੈ, ਜਵਾਨ ਹੋਈ ਹੈ, ਅੱਧਖੜ ਹੋਈ ਹੈ, ਸ਼ਾਇਦ ਬੁੱਢੀ ਵੀ। ਪਰ ਇਹ ਮਨੁੱਖੀ ਜ਼ਿੰਦਗੀ ਨਾਲ ਇਸ ਦੇ ਸੁਪਨੇ ਵਾਂਗ ਜੁੜੀ ਰਹੀ ਹੈ। ਕਵਿਤਾ ਹਮੇਸ਼ਾਂ ਜ਼ਿੰਦਗੀ ਦਾ ਹਾਂ-ਪੱਖੀ ਰੁਤਬਾ ਮਿਲਿਆ ਹੈ। ਜ਼ਿੰਦਗੀ ਵਿਚੋਂ ਕਵਿਤਾ ਦੇ ਖਾਰਜ ਹੋ ਜਾਣ ਨੂੰ ਜ਼ਿੰਦਗੀ ਦੀ ਮੌਤ ਆਖਿਆ ਗਿਆ ਹੈ। ਜ਼ਿੰਦਗੀ ਦੀ ਚੜ੍ਹਤ ਦੇ ਯੁਗ ਕਵਿਤਾ ਦੇ ਯੁਗ ਦੇ ਰੂਪ ਵਿਚ ਲਿਆ ਗਿਆ ਹੈ। ਕਵਿਤਾ ਨੂੰ ਜਿਹੜਾ ਮਾਣ ਮਿਲਿਆ ਹੈ ਉਹ ਜ਼ਿੰਦਗੀ ਦੇ ਸੁਹਜਾਤਮਿਕ ਪਖ ਦਾ ਮਾਣ ਹੈ, ਉਸ ਲੁਕੀ ਸੁੰਦਰਤਾ ਦਾ ਜਿਹੜੀ ਕਵਿਤਾ ਦਾ ਕੇਵਲ ਵਿਸ਼ਾ ਹੀ ਨਹੀਂ ਹੈ ਸਗੋਂ ਕਵਿਤਾ ਖ਼ੁਦ ਉਸਦਾ ਵਿਸ਼ਾ ਵੀ ਬਣ ਜਾਂਦੀ ਹੈ।

ਜ਼ਿੰਦਗੀ ਦੇ ਜਟਲ ਹੋਣ ਨਾਲ ਕਵਿਤਾ ਦਾ ਕਸਾਅ ਵੀ ਵਧ ਗਿਆ ਹੈ। ਹੁਣ ਇਹ ਕਦੀਮੀ ਭਾਵਾਂ ਦੇ ਨਾਲ ਨਾਲ ਦੈਨਿਕ ਜੀਵਨ ਦੇ ਮਸਲਿਆਂ ਨਾਲ ਵੀ ਨਿਬੜ ਰਹੀ ਹੈ। ਕਵਿਤਾ ਦੇ ਉਤੱਰਾਂ ਵਿਚ ਸਮੇਂ ਦੇ ਹਾਕਮਾਂ ਨੂੰ ਬਗਾਵਤ ਨਜ਼ਰ ਆਉਂਦੀ ਹੈ ਅਤੇ ਕਦੇ ਨਿਰਾ ਬਚਪਣਾ। ਹੋਰ ਤਾਂ ਹੋਰ ਕਦੇ ਕਦੇ ਸਮਾਜ ਨੂੰ ਵੀ ਕਵਿਤਾ ਰਵਾਇਤ ਦੇ ਵਿਰੁੱਧ ਖੜ੍ਹੀ ਨਜ਼ਰ

ਆਉਂਦੀ ਹੈ, ਪ੍ਰਮਾਣਤ ਅਸੂਲਾਂ ਅਤੇ ਕੀਮਤਾਂ ਦੇ ਨਿਘਾਰ ਦੇ ਰੂਪ ਵਿਚ ਦਿਸਦੀ ਹੈ। ਪਰ ਕਵਿਤਾ ਦਾ ਜਿਹੜਾ ਚਿਹਰਾ ਸਮੇਂ ਸਮੇਂ ਨਜ਼ਰ ਆਂਦਾ ਹੈ ਉਸ ਵਿਚ ਮਨੁੱਖੀ ਜਿੰਦਗੀ ਦੇ ਸਮੁੱਚੇ ਸਫਰ ਦੀ ਥਕਾਵਟ ਅਤੇ ਆਭਾ ਦਾ ਅਕਸ ਹੁੰਦਾ ਹੈ। ਇਕ ਤਰਾਂ ਨਾਲ ਕਵਿਤਾ ਮਨੁਖੀ ਵਲਵਲਿਆਂ ਦਾ ਇਤਿਹਾਸ ਰਚਦੀ ਹੈ।

ਅਸਲ ਵਿਚ ਕਵਿਤਾ ਦਾ ਇਹ ਦੁਖਾਂਤ ਰਿਹਾ ਹੈ ਕਿ ਇਸ ਨੂੰ ਅਸੀਂ ਹਮੇਸ਼ਾਂ ਇਸਦੀ ਮਰਜ਼ੀ ਦੇ ਵਿਰੁਧ ਅਤੇ ਇਸਦੀ ਹਿੰਮਤ ਤੋਂ ਵੱਧ ਅਤੇ ਵੱਖਰਾ ਭਾਰ ਚੁਕਾਇਆ ਹੈ। ਅਸੀਂ ਇਸ ਨੂੰ ਕਦੇ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ ਹੈ ਅਤੇ ਕਦੇ ਨਿਰਾ ਪ੍ਰਚਾਰ ਦਾ ਅਤੇ ਕਦੇ ਨਿਰੇ ਪ੍ਰਯੋਗ ਦਾ। ਇਸ ਭਾਰ ਥੱਲੇ ਕਵਿਤਾ ਨਿਰਾ ਦੱਬ ਕੇ ਰਹਿ ਗਈ ਹੈ। ਪਰ ਇਹ ਵੀ ਸਾਡਾ ਦੁਖਾਂਤ ਹੈ ਕਿ ਸਾਨੂੰ ਹੁਣ ਕਵਿਤਾ ਸਿਰਫ ਆਪਣੇ ਵਿਚਾਰਾਂ ਦੀ ਪੁਸ਼ਟਗੀ ਦੇ ਰੂਪ ਵਿਚ ਹੀ ਨਜ਼ਰ ਆਣ ਲਗ ਪਈ ਹੈ। ਜਿਵੇਂ ਵਿਚਾਰ ਹੀ ਕਵਿਤਾ ਹੋਣ ਅਤੇ ਕਵਿਤਾ ਕੇਵਲ ਇਸ ਲਈ ਹੀ ਜੀ ਰਹੀ ਹੋਵੇ ਕਿ ਉਸਨੇ ਸਮਾਜ ਦੇ ਕਿਸੇ ਖਾਸ ਵਰਗ ਦੀ ਵਿਚਾਰਧਾਰਾ ਦਾ ਹੱਥਠੋਕਾ ਬਨਣਾ ਹੈ।

ਹੋਰ ਤਾਂ ਹੋਰ ਅਸੀਂ ਕਵਿਤਾ ਵਿਚੋਂ ਕਵਿਤਾ ਲੱਭਣੀ ਬੰਦ ਕਰ ਦਿਤੀ ਹੈ। ਅਸੀਂ ਜਾਂ ਤੇ ਨਿਰਾ ਛੰਦਾਬੰਦੀ ਨੂੰ ਕਵਿਤਾ ਦਾ ਨਾਂ ਦੇ ਦਿਤਾ ਹੈ ਜਾਂ ਕਵਿਤਾ ਸਮਝ ਲਿਆ ਹੈ ਅਤੇ ਜਾਂ ਨਿਰੀ ਵਾਰਤਕ ਨੂੰ ਜਿਹੜੀ ਕਵਿਤਾ ਵਾਂਗ ਲਿਖੀ ਗਈ ਹੋਵੇ। ਸ਼ਾਇਦ ਅਸੀਂ ਇਹ ਭੁੱਲ ਗਏ ਹਾਂ ਕਿ ਕਵਿਤਾ ਇਕ ਰਚਨਾਤਮਿਕ ਕਾਰਜ ਹੈ ਜਿਹੜਾ ਭਾਸ਼ਾ ਦੀ ਰਚਨਾਤਮਿਕਤਾ ਉਤੇ ਨਿਰਭਰ ਹੁੰਦਾ ਹੈ। ਕਵਿਤਾ ਨਵੀਂ ਭਾਸ਼ਾ ਦੀ ਤਲਾਸ਼ ਹੁੰਦੀ ਹੈ।

ਨਵੀਂ ਭਾਸ਼ਾ ਤੋਂ ਭਾਵ ਨਵੇਂ ਕਹਿਣ ਮੁਹਾਵਰੇ ਦੀ ਭਾਲ ਤੋਂ ਹੈ, ਸ਼ਬਦਾਂ ਤੋਂ ਨਵਾਂ ਅਤੇ ਵੱਧ ਭਾਰ ਚੁਕਾਉਣ ਤੋਂ, ਸ਼ਬਦਾਂ ਦੇ ਨਵੇਂ ਪ੍ਰਯੋਗ ਤੋਂ, ਵਾਕ ਬਣਤਰ ਨੂੰ ਉਸ ਦੇ ਬਣੇ ਮੁਹਾਵਰੇ ਤੋਂ ਤੋੜਣ ਤੋਂ, ਸ਼ਬਦਾਂ ਦੇ ਪਰੇ ਜਾਣ ਤੋਂ, ਪੁਰਾਣੇ ਅਰਥ ਚੌਖਟਿਆਂ ਵਿਚ ਨਵੇਂ ਅਰਥ ਭਰਨ ਤੋਂ , ਤਸ਼ਬੀਹਾਂ ਅਤੇ ਅਲੰਕਾਰਾਂ ਰਾਹੀਂ ਨਵੀਆਂ ਸੰਰਚਨਾਵਾਂ ਘੜਣ ਤੋਂ, ਅਤਿਕਥਨੀ ਅਤੇ ਪੈਰਾਡਾਕਸ ਦੀ ਵਰਤੋਂ ਨਾਲ ਭਾਸ਼ਾ ਦੀ ਖੜੋਤ ਤੋੜਣ ਤੋਂ ਇਤਆਦ। ਅਸਲ ਵਿਚ ਭਾਸ਼ਾ ਦੀ ਖੜੋਤ ਅਰਥਾਂ ਦੀ ਖੜੋਤ ਵੀ ਹੁੰਦੀ ਹੈ। ਹੁਣ ਤਕ ਦੇ ਅਰਥਾਂ ਦੀ ਬਣੀ ਬਣਾਈ ਤਸਵੀਰ ਦੀ ਖੜੋਤ। ਪਹਿਲਾਂ ਤੋਂ ਤਜ਼ਵੀਜੇ ਅਤੇ ਘੜੇ ਅਰਥਾਂ ਵਿਚ ਸਿਥਲਤਾ ਆ ਚੁਕੀ ਹੁੰਦੀ ਹੈ। ਉਹਨਾਂ ਦਾ ਵਿਸਥਾਰ ਅਤੇ ਪੜ੍ਹਤ ਰੁਕ ਚੁਕੀ ਹੁੰਦਾ ਹੈ। ਅਜੇਹੇ ਅਰਥਾਂ ਨੂੰ ਸਮਝਿਆ ਤਾਂ ਜਾ ਸਕਦਾ ਹੈ ਪਰ ਇਹਨਾਂ ਦਾ ਮੰਨਿਆ ਜਾਣਾ ਯਕੀਨੀ ਨਹੀਂ ਹੁੰਦਾ। ਸਮਝਦਾ ਸਾਡਾ ਮਨ ਹੈ ਪਰ ਮੰਨਦਾ ਸਾਡਾ ਦਿਲ ਹੈ ਅਤੇ ਆਤਮਾ।

ਅਸਲ ਵਿਚ ਅਸੀਂ ਅਕਸਰ ਅਰਥਾਂ ਨੂੰ ਸਮਝਣ ਦੀ ਹੱਦ ਤੀਕ ਜਾ ਕੇ ਰੁਕ ਜਾਂਦੇ ਹਾਂ।

ਸਮਝਣਾ ਅਰਥ ਨਿਰਮਾਣ ਦਾ ਆਖਰੀ ਪੜਾਅ ਨਹੀਂ। ਅਰਥ ਨਿਰਮਾਣ ਦਾ ਪਹਿਲਾ ਪੜਾਅ ਤਾਂ ਅਸਲ ਵਿਚ ਅਰਥਾਂ ਦੀ ਤੋੜਫੋੜ ਹੈ, ਇਹਨਾਂ ਦੀ ਡੀਕੰਸਟਰਕਸ਼ਨ। ਇਸ ਤੋਂ ਬਾਅਦ ਹੀ ਅਰਥ ਨਿਰਮਾਣ ਦਾ ਵਾਪਰਨਾ ਯਕੀਨੀ ਬਣਾਇਆ ਜਾ ਸਕਦਾ ਹੈ। ਕਵਿਤਾ ਇਹੋ ਕਰਦੀ ਹੈ ਅਕਸਰ। ਇਸਦਾ ਜਾਦੂ ਇਸੇ ਵਿਚ ਹੀ ਹੈ। ਇਹ ਪਾਠਕ ਨੂੰ ਅਰਥ ਨਿਰਮਾਣ ਦੀ ਪ੍ਰਕਿਰਿਆ ਵਿਚ ਪਾਂਦੀ ਹੈ। ਪਾਠਕ ਆਪ ਇਸ ਕੰਮ ਵਿਚ ਅਗੇ ਵਧਦਾ ਹੈ। ਕਵਿਤਾ ਨੂੰ ਪੜ੍ਹ ਰਿਹਾ ਉਹ ਆਪ ਵੀ ਕਵਿਤਾ ਸਿਰਜ ਰਿਹਾ ਹੰਦਾ ਹੈ। ਸਿਰਜਨ ਹੀ ਅਸਲ ਅਨੰਦ ਦੀ ਅਵਸਥਾ ਹੰਦੀ ਹੈ, ਧਿਆਨ ਦੀ, ਭਗਤੀ ਦੀ।

ਅੱਜ ਦੀ ਦੌੜ ਭਰੀ ਜਿੰਦਗੀ ਵਿਚ ਸਾਡਾ ਧਿਆਨ ਖਿਚਣ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ ਹਨ। ਮੰਡੀ ਵਿਚ ਬੰਦਾ ਵਸਤਾਂ ਵਿਚ ਵੰਡ ਜਾਂਦਾ ਹੈ, ਇਹਨਾਂ ਦੀਆਂ ਕੀਮਤਾਂ ਵਿਚ, ਇਹਨਾਂ ਨੂੰ ਜੁਟਾਉਣ ਦੀ ਕਦੇ ਨਾ ਖਤਮ ਹੋਣ ਵਾਲੀ ਪ੍ਰਕਿਰਿਆ ਵਿਚ। ਦੌੜ ਵਿਚ। ਇਸ ਦੌੜ ਦੀ ਦਵੰਦਤਾ ਵਿਚ, ਜਿਹੜੀ ਅਕਸਰ ਖੁਦ ਜਿੰਦਗੀ ਦੀ ਦਵੰਦਤਾ ਵਿਚ ਵੀ ਬਦਲ ਜਾਂਦੀ ਹੈ। ਅਤੇ ਬੰਦੇ ਦਾ ਆਪ ਵਸਤ ਵਿਚ ਤਬਦੀਲ ਹੋਣਾ ਗ਼ੈਰ ਕੁਦਰਤੀ ਨਹੀਂ ਰਹਿੰਦਾ। ਵਸਤ ਵਿਚ ਤਬਦੀਲ ਹੋਣਾ ਆਪਣਾ ਸਵੈ ਖਾਰਜ਼ ਕਰਨਾ ਹੈ। ਆਪਣੀ ਹੋਂਦ ਖਾਰਜ ਕਰਨਾ।

ਕਵਿਤਾ ਅਸਲ ਵਿਚ ਬੁੱਕਲ ਦੀ ਚੀਜ਼ ਹੈ, ਨੇੜ ਦਾ ਨਿੱਘ ਅਤੇ ਤਾਜ਼ਗੀ ਦੀ ਖੁਸਬੋ। ਅਜੋਕੇ ਸਮਿਆਂ ਵਿਚ ਨਿਜਤਾ ਲਗਭਗ ਖਤਮ ਹੋ ਗਈ ਹੈ।ਭੀੜ, ਬਜ਼ਾਰ ਵਿਚੋਂ ,ਗਲੀ ਵਿਚੋਂ ਨਿਕਲ ਕੇ ਘਰ ਵਿਚ ਵੜ ਗਈ ਹੈ। ਭੀੜ ਦੇ ਨਾਲ ਹੀ ਮਨੁੱਖ ਵਿਚ ਸ਼ਾਮਲ ਹੋ ਗਿਆ ਹੈ ਵਸਤਾਂ, ਸੰਦਾਂ , ਮਸ਼ੀਨਾਂ ਦੇ ਨਿਰਮਾਣ, ਉਪਯੋਗ ਅਤੇ ਭੋਗ ਦਾ ਸ਼ੋਰ, ਬਾਜ਼ਾਰੀ ਸ਼ਬਦਾਂ ਦਾ ਸ਼ੋਰ।

ਸ਼ਾਇਦ ਇਹ ਹੀ ਕਾਰਣ ਹੈ ਕਿ ਸ਼ਬਦਾਂ ਦੀ ਸੰਗੀਤਾਮਿਕਤਾ ਖਤਮ ਹੋ ਗਈ ਹੈ। ਹੁਣ ਸ਼ਬਦ ਅਹਿਸਾਸ ਅਤੇ ਭਾਵ ਨਹੀਂ ਉਪਜਾ ਰਹੇ। ਇਹਨਾਂ ਦਾ ਪ੍ਰਭਾਵੀਕਰਣ ਰੁਕ ਗਿਆ ਹੈ।

ਕਵਿਤਾ ਸ਼ਬਦਾਂ ਵਿਚ ਮੁੜ ਵਿਸ਼ਵਾਸ਼ ਜਗਾਉਣ ਦੀ ਕੋਸ਼ਿਸ਼ ਕਰਦੀ ਹੈ। ਇਹ ਚੀਜ਼ਾਂ ਦੇ ਚਿਹਨੀਕਰਨ ਰਾਹੀਂ ਹੋ ਰਹੇ ਘਾਣ ਨੂੰ ਰੋਕਣ ਦਾ ਅਤੇ ਚਿਹਨਤੀਕਰਨ ਵਿਚ ਢਾਲਣ ਦਾ ਉਪਰਾਲਾ ਹੈ। ਸਾਥੋਂ ਖੋਹੀ ਗਈ ਵਸਤ ਨੂੰ ਵਸਤ ਵਾਂਗ ਵੇਖਣ ਦੀ ਨਜ਼ਰ ਦੀ ਮੁੜ- ਬਹਾਲੀ ਦਾ। ਵਸਤਾਂ ਨੂੰ ਇਕ ਦੂਜੀ ਨਾਲ ਸਾਂਝੇ ਸਰੋਤਾਂ ਜਾਂ ਗੁਣਾਂ ਰਾਹੀਂ ਨਾਲ ਜੋੜਣ ਦਾ, ਅਨੇਕਤਾ ਵਿਚ ਏਕਤਾ ਲੱਭਣ ਦਾ, ਮਨ ਅਤੇ ਸਰੀਰ ਦੇ ਸੁਮੇਲ ਦਾ, ਧਰਤੀ ਅਤੇ ਆਕਾਸ਼ ਨੂੰ ਜੋੜਣ ਦਾ, ਨਾਸ਼ਵਾਨਤਾ ਨੂੰ ਅਨੰਤਤਾ ਵਿਚ ਰਲਾ ਕੇ ਜਾਂ ਉਸੇ ਦੇ ਹੀ ਇਕ ਪੱਖ ਹੋਣ ਦੇ ਰੂਪ ਵਿਚ ਪੇਸ਼

## ਕਵਿਤਾਵਾਂ / ਜਗਤਾਰ ਢਾਅ



### ਹਨ੍ਹੇਰੀ

ਪਦਾਰਥਾਂ ਦੀ ਹਨ੍ਹੇਰੀ ਆਈ
ਉਸ ਨੂੰ ਫੜ੍ਹਨ ਲਈ
ਮੈਂ ਦੌੜਨ ਲੱਗਾ
ਕਦੀ ਇਕ
ਕਦੀ ਦੂਜੀ ਦਿਸ਼ਾ

ਹਫ਼ਦਾ ਹੰਭਦਾ ਵੀ
ਵਸਤੂਆਂ ਮਗਰ
ਦੌੜਦਾ ਰਿਹਾ
ਮੰਡੀ ਵਿਚ ਲਿਸ਼ਕੋਰਾਂ ਮਾਰਦੀਆਂ
ਸੋਹਣੇ ਮੁੱਲ ਪੁਆਉਂਦੀਆਂ
ਦਿਲਾਂ ਨੂੰ ਭਾਉਂਦੀਆਂ ਵਸਤੂਆਂ ਨਾਲ
ਘਰ ਆਪਣਾ ਭਰਦਾ ਰਿਹਾ

ਹਨ੍ਹੇਰੀ ਰੁਕੀ
ਤਾਂ ਦੇਖਿਆ
ਗੱਡਿਆਂ ਦੇ
ਗੱਡੇ ਕੂੜੇ ਨਾਲ
ਘਰ ਮੇਰਾ ਭਰਿਆ ਪਿਆ
ਤੇ ਮੈਂ
ਪਹਿਲਾਂ ਤੋਂ ਵੀ ਵੱਧ
ਨਕਾਰਾ ਹੋ ਗਿਆ।

### ਯੋਧਾ

ਛਾਤੀ ਉੱਤੇ ਤਗਮੇ
ਸਜਾਈ ਯੋਧਾ ਖੜ੍ਹਾ ਹੈ
ਹਾਕਮ ਸਾਹਮਣੇ
ਕਸ ਕੇ ਸਲੂਟ ਮਾਰਦਾ

ਜਿਨ੍ਹਾਂ ਚੰਦ ਸੂਰਜ ਨੂੰ ਗ੍ਰਹਿਣ ਲਾਇਆ
ਯੋਧੇ ਨੇ ਸਾਰਾ ਜੀਵਨ
ਉਨ੍ਹਾਂ ਦੀ ਸੁਰੱਖਿਆ ਲਈ
ਲੰਘਾਇਆ

ਹਾਕਮ ਯੋਧਿਆਂ ਦੇ
ਪਰਛਾਵੇਂ ਹੇਠ
ਸ਼ੇਰਾਂ ਨੂੰ ਲੜਾਉਂਦੇ ਰਹੇ
ਦਿਲ ਪ੍ਰਚਾਵੇ ਲਈ
ਘੋੜਿਆਂ ਕੁੱਤਿਆਂ
ਕੁੱਕੜਾਂ ਦੇ ਮੁਕਾਬਲੇ
ਕਰਾਉਂਦੇ ਰਹੇ

ਯੋਧਾ ਸਾਰੀ ਉਮਰ ਹਾਕਮ ਨੂੰ
ਜਾਣ ਹੀ ਨਾ ਸਕਿਆ
ਸਾਹਮਣੇ ਖੜ੍ਹੇ ਦੁਸ਼ਮਣ ਨੂੰ
ਪਹਿਚਾਣ ਹੀ ਨਾ ਸਕਿਆ।

ਕਰਨ ਦਾ, ਕੁਦਰਤ ਅਤੇ ਮਨੁੱਖ ਵਿਚਕਾਰ ਸਾਂਝ ਵੇਖਣ ਅਤੇ ਪੈਦਾ ਕਰਨ ਦਾ, ਸਮੁੱਚ ਤੋਂ ਭਾਗਾਂ ਨੂੰ ਸਮਝਣ ਅਤੇ ਮਹਾਤਮ ਦੇਣ ਦਾ, ਲੋਕਰਾਜੀ ਕੀਮਤਾਂ ਦੀ ਬਹਾਲੀ ਦਾ ਇਤਆਦ।

ਕਵਿਤਾ ਮੂਲ ਰੂਪ ਵਿਚ ਵਿਚਾਰਾਂ ਅਤੇ ਮਨੁੱਖਤਾ ਦੀ ਮੰਡੀਕਰਣ ਦੇ ਵਿਰੁਧ ਹੈ। ਵਿਚਾਰਾਂ ਦੇ ਸ਼ੋਰ ਦੇ ਵਿਰੁੱਧ। ਵਿਚਾਰ ਦੇ ਅੰਦਰੂਨੀ ਸ਼ੋਰ ਦੇ ਵਿਰੁਧ। ਵਿਚਾਰ ਦੀ ਇਜ਼ਾਰੇਦਾਰੀ ਅਤੇ ਸਮੰਤਤਾ ਨੇ ਵਿਦਵਤਾ ਅਤੇ ਅੱਸਤਿਤਵਵਾਦੀ ਪੱਖਾਂ ਨੂੰ ਪਰੋਖ ਕੀਤਾ ਅਤੇ ਨਿਘਾਰਿਆ ਹੈ। ਨਿਪਟ ਵਿਚਾਰਵਾਦ (ਵਿਚਾਰ, ਕਾਰਣ, ਸਪਸ਼ਟੀਕਰਨ, ਤਰਕ, ਪੂਰਵਅਗ੍ਰਿਹ) ਨੂੰ ਗੱਦੀ ਤੇ ਬਿਠਾਉਣਾ ਜ਼ਿੰਦਗੀ ਨੂੰ ਗੱਦੀ ਤੋਂ ਲਾਹੁਣਾ ਹੈ। ਵਿਚਾਰ ਵਿਚੋਂ ਸਥਿਤੀ ਅਤੇ ਸਮੇਂ ਦਾ ਵਿਕਾਸ ਮਨਫ਼ੀ ਹੋ ਗਿਆ ਹੁੰਦਾ ਹੈ। ਵਿਚਾਰ ਦਾ ਲਹੂ ਸੰਚਾਰ ਰੁਕ ਗਿਆ ਹੁੰਦਾ ਹੈ।

ਕਵਿਤਾ ਜ਼ਿੰਦਗੀ ਦਾ ਕੇਂਦਰੀਕਰਣ ਹੈ। ਨਾਲ ਹੀ ਇਹ ਯਥਾਰਤ ਦਾ ਕੇਂਦਰੀਕਰਣ ਵੀ ਹੈ। ਯਥਾਰਥ ਰੁਕੀ ਹੋਈ ਵਸਤ ਨਹੀਂ ਹੁੰਦੀ। ਨਾ ਹੀ ਇਹ ਪੂਰਵਨਿਰਧਾਰਤ ਹੁੰਦੀ ਹੈ। ਯਥਾਰਤ ਦਾ ਆਖਰੀ ਪੜਾਅ ਅਰਥਵਾਨਤਾ ਹੁੰਦੀ ਹੈ। ਅਰਥ ਪਹਿਲਾਂ ਹੀ ਪਏ ਨਹੀ ਮਿਲਦੇ, ਇਹ ਅਰਜਤ ਕੀਤੇ ਜਾਂਦੇ ਹਨ। ਜ਼ਿੰਦਗੀ ਵਿਚ ਜ਼ਿੰਦਗੀ ਨਾਲੋਂ ਵੱਡੇ ਅਰਥ ਨਹੀਂ ਪਾਏ ਜਾ ਸਕਦੇ। ਕਵਿਤਾ ਜ਼ਿੰਦਗੀ ਨੂੰ ਵਡਿਆਂਦੀ ਹੈ। ਭਾਵਾਂ ਨੂੰ ਪਹਿਲ ਦੇਂਦੀ ਹੈ। ਚੀਜ਼ਾਂ ਨੂੰ ਪਹਿਲ ਦੇਂਦੀ ਹੈ। ਚਿਹਨਕਾਂ ਨੂੰ ਅਗਰਭੂਮਿਤ ਕਰਦੀ ਹੈ। ਮੱਨੁਖੀ ਵਸਤੂਕਰਨ ਦੇ ਵਿਰੁੱਧ ਖਲੋਂਦੀ ਹੈ।

ਕਵਿਤਾ ਵਿਚਾਰਾਂ ਦਾ ਖੌਰੂ ਨਹੀਂ ਪਾਂਦੀ। ਇਹ ਤਾਂ ਕੁਝ ਕਹਿੰਦੀ ਵੀ ਨਹੀਂ ਸਿਰਫ ਜ਼ਿੰਦਗੀ ਨੂੰ ਪੇਸ਼ ਕਰਦੀ ਹੈ। ਇਸ ਦੇ ਅਰਥ ਤਾਂ ਪਾਠਕ ਹੀ ਉਠਾਲਦਾ ਹੈ, ਪਾਠਕ ਦੇ ਹੀ ਹੁੰਦੇ ਹਨ। ਕਵੀ ਤਾਂ ਬਸ ਆਪਣੀ ਚੁੱਪ ਹੀ ਪੇਸ਼ ਕਰਦਾ ਹੈ ਜਿਹੜੀ ਸ਼ਬਦ ਇਸ ਤਰਾਂ ਸਾਂਭ ਕੇ ਰਖਦੇ ਹਨ ਜਿਵੇਂ ਬੱਚੇ ਨੂੰ ਮਾਂ , ਜਿਵੇਂ ਫੁੱਲਾਂ ਨੂੰ ਬੂਟੇ, ਜਿਵੇਂ ਬਿਮਾਰ ਆਪਣੀ ਦਵਾਈ।

ਕਵਿਤਾ ਸ਼ਬਦਾਂ ਰਾਹੀਂ ਸਾਹ ਨਹੀਂ ਲੈਂਦੀ ਸਿਰਫ ਅਗੇ ਵਧਦੀ ਹੈ। ਉਸ ਦੀ ਮੰਜ਼ਲ ਸ਼ਬਦਾਂ ਤੇ ਨਹੀਂ ਟੁੱਟਦੀ। ਭਾਸ਼ਾ ਸੀਮਾ ਹੋ ਸਕਦੀ ਹੈ ਪਰ ਮੰਜ਼ਲ ਨਹੀਂ, ਸ਼ਾਇਦ ਸੀਮਾ ਵੀ ਨਹੀਂ। ਕਵਿਤਾ ਦੀ ਆਖਰੀ ਸੀਮਾਂ ਤਾਂ ਸ਼ਾਇਦ ਚੁੱਪ ਹੈ, ਜਿਹੜੀ ਹੋਰ ਵੀ ਅਰਥਵਾਨ ਹੋ ਗਈ ਹੋਵੇ, ਹੋਰ ਵੀ ਉਘੜ ਗਈ ਹੋਵੇ, ਹੋਰ ਵੀ ਗ਼ਹਿਰੀ ਹੋ ਗਈ ਹੋਵੇ, ਹੋਰ ਵੀ ਸੰਘਣੀ ਅਤੇ ਹੋਰ ਵੀ ਵਿਆਪਕ।

**001-647-866-2630**

# ਮਾਂ ਦੀ ਆਖ਼ਰੀ ਨਿਸ਼ਾਨੀ / ਮਨਮੋਹਨ



ਮਾਂ ਆਪਣੇ ਆਖ਼ਰੀ ਸਮਿਆਂ 'ਤੇ ਸੀ
ਲਗਭਗ ਗਤੀਹੀਣ, ਅਹਿੱਲ ਤੇ ਮੁਨਾਖੀ ਵੀ
ਦੂਜੇ ਨੂੰ ਆਵਾਜ਼, ਛੋਹ ਜਾਂ
ਗੰਧ ਨਾਲ ਸਿਆਣਦੀ

ਮੇਰਾ ਸਵੇਰੇ ਦਫ਼ਤਰ ਜਾਣ ਤੇ
ਸ਼ਾਮ ਪਰਤ ਆਉਣ 'ਤੇ
ਮਾਂ ਕੋਲ ਕੁੱਝ ਮਿੰਟ ਬੈਠ
ਹਾਲ ਚਾਲ ਪੁੱਛਣਾ ਪੱਕਾ ਮਾਮੂਲ ਸੀ

ਇਕ ਸਵੇਰ ਮਾਂ ਨੇ ਕਿਹਾ;
"ਆਹ ਮੇਰੀ ਉਂਗਲੀ ਦਾ ਨਹੁੰ ਤੰਗ ਕਰ ਰਿਹਾ..."

ਮਾਂ ਨੇ ਮੇਰੇ ਮੂਹਰੇ ਹਥੇਲੀ ਫੈਲਾਅ ਦਿੱਤੀ
ਖੱਬੇ ਹੱਥ ਦੀ ਚੀਚੀ ਦੇ ਨਾਲ ਦੀ ਉਂਗਲ
ਜਿਸ ਨੂੰ ਸੂਰਜ ਦੀ ਉਂਗਲ ਵੀ ਕਹਿੰਦੇ ਨੇ,
ਉਸ ਦਾ ਨਹੁੰ ਇਕ ਥਾਂ ਤੋਂ ਸੀ ਉੱਖੜ ਗਿਆ

ਮਾਂ ਦੀਆਂ ਉਂਗਲੀਆਂ ਬਹੁਤ ਹੀ ਪਤਲੀਆਂ
ਰਤਾ ਮਾਸਾ ਵੀ ਲਹੂ ਊਰਜਾ ਨਹੀਂ ਸੀ
ਪੀਲ਼ੀ ਜਿਹੀ ਚਮੜੀ...ਪਤੰਗੀ ਕਾਗ਼ਜ਼ ਵਰਗੀ
ਪੀਲ਼ੀ ਵੀ ਨਹੀਂ...ਬਲਕਿ ਜ਼ਰਦ...ਬੇਹੱਦ ਠੰਡੀ.. !

ਅਜਿਹਾ ਠੰਡਾਪਨ ਬੇਜਾਨ ਚੀਜ਼ਾਂ 'ਚ ਹੁੰਦਾ
ਕੁਰਸੀਆਂ ਮੇਜ਼ਾਂ ਬਰਤਨਾਂ ਜਾਂ ਬਚਪਨ 'ਚ
ਸਕੂਲ ਜਾਂਦੇ ਸਾਈਕਲ ਦੇ ਹੈਂਡਲ 'ਚ ਮਹਿਸੂਸ ਹੁੰਦਾ

ਮਾਂ ਦਾ ਹੱਥ ਕਿੰਨਾ ਭਾਰਹੀਣ ਹੋ ਗਿਆ ਸੁੱਕੇ ਪੱਤੇ ਜਿਹਾ
ਕਿੱਥੇ ਚਲਾ ਗਿਆ ਭਾਰ ਜਿਸਨੂੰ ਧਰਤੀ ਗਰੂਤਾ ਨਾਲ
ਆਪਣੀ ਹਿੱਕ ਨਾਲ ਲਾ ਕੇ ਰੱਖਦੀ ਸੀ ਸਦਾ...!

ਦੇਹ ਦਾ ਭਾਰ ਮਾਂ ਕੋਲ ਬਹੁਤਾ ਰਹਿ ਹੀ ਨਹੀਂ ਗਿਆ
ਧਰਤੀ ਮਾਂ ਨੂੰ ਆਪਣੇ ਵੱਲ ਖਿੱਚਣਾ ਛੱਡ ਚੁੱਕੀ ਸੀ...

ਮੈਂ ਥੋੜਾ ਜਿਹਾ ਹੱਸਿਆ ਫਿਰ ਮੁਸਕਰਾਉਂਦਾ ਰਿਹਾ
ਮਾਂ ਨੂੰ ਖੁਸ਼ ਰੱਖਣ ਦਾ ਇਹ ਸੀ
ਮੇਰਾ ਈਜਾਦ ਕੀਤਾ ਤਰੀਕਾ

ਮੈਂ ਨਹੁੰ  ਨੂੰ ਜ਼ਰਾ ਕੁ ਛੂਹਿਆ

ਤਾਂ ਆ ਗਿਆ ਮੇਰੇ ਪੋਟਿਆਂ 'ਚ ਦੁੱਧ ਚਿੱਟਾ,
ਅਰਧ ਗੋਲਾਕਾਰ ਜਿਵੇਂ ਏਕਮ ਦਾ ਚੰਨ...
ਮੈਂ ਸਾਂਭ ਕੇ ਰੱਖ ਲਿਆ ਸਿਰਹਾਣੇ
ਆਪਣੇ ਅੰਦਰਲੇ ਹਨੇਰਿਆਂ 'ਚ...

ਕੁਝ ਦਿਨਾਂ ਬਾਅਦ ਜਦ
ਮੈਂ ਦਫ਼ਤਰ ਜਾਣ ਲੱਗਿਆਂ ਮਾਂ ਕੋਲ ਗਿਆ
ਤਾਂ ਜਾਪਿਆ ਜਿਉਂ ਉਹ
ਆਖ਼ਰੀ ਸਾਹ ਲੈ ਰਹੀ ਹੋਵੇ...

ਮਾਂ ਦੇ ਠੰਡੇ ਹੱਥ ਮੈਂ ਹੱਥਾਂ 'ਚ
ਲੈ ਬੈਠਾ ਰਿਹਾ ਦੇਰ ਤੱਕ
ਦੇਖਦਿਆਂ ਦੇਖਦਿਆਂ ਮਾਂ ਹੱਥਾਂ 'ਚੋਂ
ਨਿਕਲ ਗਈ ਕਿਸੇ ਪਰੀ ਵਾਂਗ
ਬਹੁਤ ਦੂਰ ਧੁੰਦਲੇ ਜਿਹੇ
ਨਾਮਾਲੂਮ ਅਜਨਬੀ ਦਿੱਸਹੱਦਿਆਂ ਵੱਲ...

ਸਸਕਾਰ ਸਾਰੇ ਕਾਰ ਵਿਹਾਰ
ਕਰਨ ਮਗਰੋਂ ਮੈਂ ਲੱਭਣ ਲੱਗਾ
ਦੁੱਧ ਚਿੱਟਾ ਨਿਰਮਲ ਜਿਹਾ ਏਕਮ ਦਾ ਚੰਨ...

ਮੇਰੇ ਚੇਤਿਆਂ 'ਚ ਵਸੀ ਮਾਂ ਦੀ ਅੰਤਿਮ ਨਿਸ਼ਾਨੀ
ਪਤਾ ਨਹੀਂ ਕਿੱਥੇ ਗਵਾਚ ਗਿਆ
ਨਹੀਂ ਮਿਲਿਆ ਹੁਣ ਤੱਕ

ਹੋ ਸਕਦਾ ਕਿਸੇ ਬਹੁਤ ਸੌਖੀ
ਜਿਹੀ ਥਾਂ ਰੱਖਿਆ ਗਿਆ ਹੋਵੇ
ਸਿਰਫ਼ ਮੇਰੇ ਭੁੱਲ ਜਾਣ ਕਾਰਨ ਹੀ
ਨਾ ਮਿਲ ਰਿਹਾ ਹੋਵੇ...

ਮੈਂ ਅੱਜ ਵੀ ਲੱਭ ਰਿਹਾਂ ਕਿਉਂਕਿ
ਕੁਝ ਚੀਜ਼ਾਂ ਗੁਆਚਦੀਆਂ ਨਹੀਂ
ਉਹ ਤਾਂ ਰਹਿੰਦੀਆਂ ਹੀ ਨੇ
ਆਪਣੇ ਪੂਰੇ ਵਜੂਦ, ਰੂਪ ਅਕਾਰ ਨਾਲ
ਸਿਰਫ਼ ਅਸੀਂ ਅਕਸਰ
ਉਹਨਾਂ ਦੀ ਥਾਂ ਭੁੱਲ ਜਾਂਦੇ ਆਂ...

ਮਾਂ ਦਾ ਏਕਮ ਦਾ ਚੰਨ
ਮੇਰੇ ਲਈ ਈਦ ਦਾ ਚੰਨ ਹੋ ਗਿਆ...!

# ਕਵਿਤਾਵਾਂ / ਅਜੈ ਤਨਵੀਰ

## ਅੰਨ ਦਾਤਾ

ਪਵਣ ਗੁਰੂ ਪਾਣੀ ਪਿਤਾ
ਮਾਤਾ ਧਰਤ ਮਹੱਤ
ਉਹ ਇਹਨਾਂ ਸ਼ਬਦਾਂ ਦਾ
ਸਤਿਕਾਰ ਕਰਦਾ
ਕੁਦਰਤ ਨੂੰ ਪਿਆਰ ਕਰਦਾ
ਹਰ ਆਦਮੀ 'ਚੋਂ ਇਨਸਾਨ ਦੇ
ਤੇ ਸ਼ਖ਼ਸ 'ਚੋਂ ਸ਼ਖ਼ਸੀਅਤ ਦੇ
ਦੀਦਾਰ ਕਰਦਾ।

ਕਦੇ ਕਾਮਾ
ਕਦੇ ਕਿਰਤੀ
ਕਦੇ ਕਿਸਾਨ
ਉਸ ਦੇ ਅਨੇਕਾਂ ਹੀ ਨਾਮ
ਜੋ ਸਰਬੱਤ ਦਾ ਭਲਾ ਮੰਗਦਾ
ਸਵੇਰੇ ਸ਼ਾਮ ।

ਮਿੱਟੀ ਨਾਲ ਮਿੱਟੀ ਹੋ ਕੇ
ਮੁੜ੍ਹਕੇ ਨਾਲ ਮਿੱਟੀ ਧੋ ਕੇ
ਸਿਆੜਾਂ ਦੀ ਮਾਲਾ ਵਿੱਚ
ਮੋਤੀਆਂ ਵਰਗੇ ਦਾਣੇ ਪਰੋ ਕੇ
ਮੀਹਾਂ ਨੇਰ੍ਹੀਆਂ ਵਿੱਚ
ਇਕ ਲੱਤ ਭਾਰ ਖਲੋ ਕੇ
ਮਿੱਟੀ 'ਚੋਂ ਸੋਨਾ ਉਗਾਉਂਦਾ
ਸਬਰ ਸੰਤੋਖ ਦੇ ਰਾਗ ਗਾਉਂਦਾ
ਦਿਨ ਰਾਤ ਕਿਰਤ ਕਰਦਾ
ਸਾਰੇ ਦੇਸ਼ ਦਾ ਢਿੱਡ ਭਰਦਾ।

ਧਰਤੀ ਮਾਂ ਫਖਰ ਮਹਿਸੂਸ ਕਰਦੀ
ਜਦੋਂ ਉਸ ਦੇ ਪੁੱਤ ਨੂੰ ਲੋਕ
ਉੱਠਦੇ ਬਹਿੰਦੇ
ਅੰਨ ਦਾਤਾ ਕਹਿੰਦੇ
ਮਾਂ ਦੇ ਕਾਲ਼ਜੇ ਤਪਦੇ ਹਾੜ ਵਿੱਚ
ਠੰਡ ਪੈ ਜਾਂਦੀ ।

ਪਰ ਹੁਣ
ਧਰਤ ਸੁਹਾਵੀ ਨੂੰ ਇੰਜ ਲਗਦਾ
ਜਿਵੇਂ ਪੌਣਾਂ ਰੁਮਕਦੀਆਂ ਤੋਂ



ਜ਼ਹਿਰ ਚੜ੍ਹਦਾ
ਹਵਾ ਦੀ ਥਾਂ ਅੱਗ ਦਾ ਬੁੱਲਾ ਵਗਦਾ
ਅੱਧ ਖਿੜੇ ਫੁੱਲਾਂ ਤੇ
ਅੱਗ ਬਣ ਵਰ੍ਹਦਾ

ਹੁਣ ਧਰਤੀ ਮਾਂ ਨੂੰ
ਅੰਨ ਦਾਤੇ ਤੋਂ ਡਰ ਲੱਗਦਾ।

## ਤਰੱਕੀ

ਨਿਰਮਲਾ, ਰਾਵੀ,
ਸਤਲੁਜ, ਮੰਗਲ
ਡੀਕ ਲਾਕੇ ਪੀ ਗਏ
ਚੈੱਲਪਾਰਕ ਦੀ ਸਿਆਹੀ
ਸੋਚ ਰਿਹਾਂ,
ਉਹ ਕਿਤੇ ਗੁਆਚੀ ਨਹੀ
ਇਹਨਾਂ ਕਰਕੇ
ਐਨਿਆਂ ਸਾਲਾਂ ਤੋ
ਕਿਤੇ ਵੀ
ਨਜ਼ਰ ਨਹੀਂ ਆਈ ...

ਪਤਾ ਨਹੀਂ
ਕਿਹੜੇ ਅੰਬਰਾਂ ਤੇ
ਘਰ ਪਾ ਲਿਆ
ਸਲੇਟਾਂ, ਸਲੇਟੀਆਂ,
ਕਲਮਾਂ, ਦਵਾਤਾਂ ਨੇ
ਸਾਡੀਆਂ ਕੀਮਤੀ ਸੁਗਾਤਾਂ ਨੇ
ਵੇਖਦਿਆਂ ਵੇਖਦਿਆਂ
ਕਿਤਾਬਾਂ ਦੀ ਜਗ੍ਹਾ
ਪੀ ਡੀ ਐਫ ਆ ਗਈਆਂ

ਖੁਸ਼ੀਆਂ ਗ਼ਮੀਆਂ ਦਾ ਸੁਨੇਹਾ
ਲੈ ਕੇ ਆਉਣ ਵਾਲੀਆਂ
ਚਿੱਠੀਆਂ ਨੂੰ
ਈਮੇਲਾਂ ਖਾ ਗਈਆਂ
ਨੀਲੇ ਲਿਫਾਫੇ,
ਪੀਲੇ ਕਾਰਡ
ਬਿਨਾਂ ਸਿਰਨਾਵੇਂ ਤੋਂ
ਐਸੇ ਗੁਆਚੇ
ਹਾਲੇ ਤੀਕਰ ਨਾ ਲੱਭੇ ...

ਨਾ ਰਹੇ ਰਿਸ਼ਤੇ
ਅਪਣੱਤ ਦੇ
ਨਾ ਲਹੂ ਦੇ ਨਾ
ਮੁਹੱਬਤ ਦੇ
ਹੁਣ ਰਿਸ਼ਤੇ ਰਹਿ ਗਏ
ਫੇਸਬੁਕ, ਇੰਸਟਾਗਰਾਮ,
ਟਵੀਟਰ ਦੇ
ਜਾਂ ਫਿਰ ਵੱਟਸ ਐਪ ਦੇ
ਰਿਸ਼ਤਿਆਂ ਦੀ
ਗਹਿਰਾਈ
ਹੁਣ ਇਹ ਹੀ
ਤੈਅ ਕਰਦੇ
ਮੁਹੱਬਤ ਕਿੰਨੀ ਗੂੜ੍ਹੀ
ਕਿੰਨੀ ਫਿੱਕੀ
ਕਿੰਨੀ ਕੌੜੀ
ਕਿੰਨੀ ਮਿੱਠੀ
ਹੁਣ ਇਹ ਹੀ ਤੈਅ ਕਰਦੇ

ਇਸ ਉਲਝਣ 'ਚ
ਉਲਝਿਆ
ਸੋਚ ਰਿਹਾਂ
ਕੀ ਅਸੀਂ ਸੱਚੀਂ
ਤਰੱਕੀ ਕਰ ਗਏ
ਜਾਂ ਫਿਰ ...?

# ਕਵਿਤਾਵਾਂ / ਜਸਬੀਰ ਮਾਹਲ



## ਸਹਿਜ ਸਾਧਨਾ

ਸਹਿਜ ਹੋਣਾ ਇਉਂ ਹੈ ਜਿਵੇਂ
ਹੌਲੀ-ਹੌਲੀ
ਸੂਰਜ ਚੜ੍ਹੇ ਜਾਂ ਦਿਨ ਢਲੇ...

ਸਹਿਜੇ ਸਹਿਜੇ
ਪੀਲਾ ਰੰਗ ਪੱਤਿਆਂ 'ਚ
ਜਿਵੇਂ ਪੱਤਝੜ ਭਰੇ ਜਾਂ
ਜਿਵੇਂ ਬਸੰਤ ਰੁੱਤੇ
ਹੌਲੀ-ਹੌਲੀ ਢੱਕ ਲੈਣ
ਬਿਰਖ਼ਾਂ ਦਾ ਨੰਗੇਜ
ਨਵੇਂ ਨਕੋਰ ਪੱਤੇ

ਸਾਗਰ ਕੰਢੇ ਪਏ
ਪੱਥਰ ਨੂੰ ਜਿਵੇਂ
ਵਰ੍ਹਿਆਂ ਦੇ ਚੁੰਮਣਾਂ ਨਾਲ
ਮੁਲਾਇਮ ਕਰਨ ਲਹਿਰਾਂ...

ਪਰ ਬਹੁਤ ਕਠਿਨ ਹੈ
ਹਰ ਪਲ ਕਿਸੇ ਦੌੜ ਵਿੱਚ
ਸ਼ਾਮਲ ਮਨੁੱਖ ਲਈ
ਕੁਦਰਤ ਵਾਂਗ ਸਹਿਜ ਹੋਣਾ।

## ਆਖਰੀ ਵੇਰ

ਸਵੇਰੇ ਬਿਸਤਰੇ 'ਚੋਂ
ਪੈਰ ਥੱਲੇ ਧਰਦਿਆਂ
ਅੰਗੜਾਈ ਭਰਦਿਆਂ
ਸੋਚੋ ਕਿ ਤੁਹਾਡੇ ਜੀਵਨ 'ਚ ਇਹ
ਆਖਰੀ ਵੇਰ ਹੈ

ਹੱਥ-ਮੂੰਹ ਧੋਂਦਿਆਂ ਜਾਂ ਨਹਾਉਂਦਿਆਂ
ਮਨ ਪਸੰਦ ਕੱਪੜੇ ਪਾਉਂਦਿਆਂ
ਸੋਚੋ ਕਿ ਆਖਰੀ ਵੇਰ ਹੈ

ਨਾਸ਼ਤਾ ਕਰਦਿਆਂ
ਘਰ ਦਾ ਬੂਹਾ ਬੰਦ ਕਰ ਕੇ ਬਾਹਰ
ਪੈਰ ਧਰਦਿਆਂ
ਸੋਚੋ ਕਿ ਆਖਰੀ ਵੇਰ ਹੈ

ਸੜਕ ਉੱਤੇ ਤੁਰਦਿਆਂ
ਜਾਂ ਪਾਰਕ ਵਿਚ ਫਿਰਦਿਆਂ
ਆਪਣੇ ਪਰਾਏ ਨੂੰ ਮਿਲਦਿਆਂ
ਸੋਚੋ ਕਿ ਆਖਰੀ ਵੇਰ ਹੈ

ਰਾਤੀਂ ਬਿਸਤਰੇ ਵਿੱਚ ਪੈਂਦਿਆਂ ਜਾਂ
ਕਰਵਟ ਲੈਂਦਿਆਂ ਸੁਖੀ-ਸਾਂਦੀ
ਲੰਘ ਗਏ ਦਿਨ ਲਈ
ਜ਼ਿੰਦਗੀ ਨੂੰ ਧੰਨਵਾਦ ਦਿੰਦਿਆਂ
ਸੋਚੋ ਕਿ ਆਖਰੀ ਵੇਰ ਹੈ।

## ਯੁੱਧ ਦੀ ਸਵੇਰ ਸ਼ਾਮ

ਜੰਗ ਤੋਂ ਪਹਿਲਾਂ
ਸੌਣ ਸਮੇਂ
ਕਰਦੇ ਸਨ ਲੋਕੀ
ਸੁਖੀ-ਸਾਂਦੀ ਬੀਤੇ ਦਿਨ ਲਈ
ਰੱਬ ਦਾ ਸ਼ੁਕਰਾਨਾ...

ਜੰਗ ਵੇਲੇ ਹੁਣ
ਜਾਗ ਸਵੇਰੇ
ਸਹੀ ਸਲਾਮਤ ਟੱਬਰ ਤੱਕ ਕੇ
ਰੱਬ ਦਾ ਸ਼ੁਕਰ ਮਨਾਉਂਦੇ ਲੋਕੀ...।

## ਦਰਿਆ ਦੀ ਨਿਮਰਤਾ

ਬੜੀ ਨਿਰਾਲੀ
ਦਰਿਆ ਦੀ ਨਿਮਰਤਾ
ਬੜੀ ਅਨੋਖੀ
ਉਹਦੀ
ਸਹਿਣਸ਼ੀਲਤਾ

ਅਜਬ ਸਬਰ
ਤੇ ਅਜਬ ਸਾਦਗੀ
ਹੈ ਦਰਿਆ ਦੀ...

ਰੋਕੇ ਜੇ ਰਾਹ ਪਰਬਤ
ਕੋਈ ਪਾਸਿਓਂ ਵਗ ਕੇ
ਦਰਿਆ ਲੰਘ ਜਾਵੇ
ਕੋਈ ਉਲਾਹਮਾ
ਕਦੀ ਨਾ ਉਹਦੀ
ਜ਼ੁਬਾਨ 'ਤੇ ਆਵੇ !

## ਭਵਿੱਖ ਦਾ ਸ਼ੀਸ਼ਾ

ਮਾਂ ਬਹੁਤ ਬਿਰਧ ਹੋ ਗਈ ਹੈ
ਬਿਰਧ ਮਾਂ
ਟੀ.ਵੀ. ਦੇਖ ਰਹੀ ਹੈ
ਟੀ.ਵੀ. ਉੱਤੇ
ਉਹਦੀ ਜਵਾਨੀ ਵੇਲੇ ਦਾ
ਕੋਈ ਫ਼ਿਲਮੀ ਗੀਤ
ਚੱਲ ਰਿਹੈ
ਮਾਂ ਦੇ ਚਿਹਰੇ 'ਤੇ
ਰੌਣਕ ਬਿਖ਼ਰੀ ਹੈ।
ਉਹ ਮੇਜ਼ 'ਤੇ
ਉਂਗਲਾਂ ਨਾਲ ਗੀਤ ਦੀ
ਧੁਨ ਦਾ ਸਾਥ ਦਿੰਦੀ ਹੋਈ
ਮਸਤ ਹੈ...

ਬਾਹਰਲੀ ਧੁੱਪ
ਮਾਂ ਦੇ ਚਿਹਰੇ 'ਤੇ
ਫੈਲ ਗਈ ਹੈ...।

# ਕਹਾਣੀ / ਸਾਬਣ ਦੀ ਚਿੱਪਰ / ਕੁਲਵੰਤ ਸਿੰਘ ਵਿਰਕ



ਅਸੀਂ ਤਿੰਨੇ ਹੋਟਲ ਵਿਚ ਬੈਠੇ ਚਾਹ ਪੀ ਰਹੇ ਸਾਂ, ਮੈਂ, ਪ੍ਰੇਮ ਤੇ ਨਰਿੰਦਰ। ਨਰਿੰਦਰ ਸਰਦਾਰਾਂ ਦਾ ਮੁੰਡਾ ਸੀ। ਹੁਣ ਕਹਾਣੀਆਂ ਲਿਖਣ ਲੱਗ ਪਿਆ ਸੀ। ਇਹ ਤੇ ਕੋਈ ਅਨੋਖੀ ਗੱਲ ਨਹੀਂ ਸੀ। ਸਰਦਾਰਾਂ ਦੇ ਮੁੰਡਿਆਂ ਤੋਂ ਕਿਹੜਾ ਕੰਮ ਭੁੱਲਿਆ ਹੋਇਆ ਏ। ਆਪਣੀਆਂ ਪੈਲੀਆਂ ਦੀ ਵੱਟਾਂ ਤੇ ਫੇਰੇ ਵੀ ਮਾਰਦੇ ਨੇ ਤੇ ਵਜ਼ੀਰੀਆਂ ਵੀ ਕਰਦੇ ਨੇ। ਹਵਾਈ ਜਹਾਜ਼ ਵੀ ਚਲਾਂਦੇ ਨੇ ਤੇ ਸ਼ਿਕਾਰ ਮਗਰ ਕੁੱਤੇ ਵੀ ਭਜਾਂਦੇ ਨੇ, ਨੌਕਰੀਆਂ ਵੀ ਕਰਦੇ ਨੇ ਤੇ ਜਲੂਸ ਕੱਢ ਕੇ ਕੈਦ ਵੀ ਹੁੰਦੇ ਨੇ। ਮਜ਼ੇ ਦੀ ਗੱਲ ਤੇ ਇਹ ਸੀ ਕਿ ਉਸ ਦੀਆਂ ਕਹਾਣੀਆਂ ਮਾਰਕਸ ਦੇ ਸ਼ਬਦਾਂ ਵਿਚ 'ਲੁੱਟੇ ਹੋਏ ਲੋਕਾਂ' ਦਾ ਪੱਖ ਪੂਰਦੀਆਂ ਸਨ। ਸਮਾਜਕ ਨਿਆਂ ਲਈ ਰੌਲਾ ਪਾਉਂਦੀਆਂ ਸਨ। ਇਸ ਬਾਰੇ ਹੀ ਗੱਲਾਂ ਹੋ ਰਹੀਆਂ ਸਨ।

ਪ੍ਰੇਮ ਤੇ ਮੈਂ ਇਸ ਦੇ ਹੱਕ ਵਿਚ ਨਹੀਂ ਸਾਂ ਕਿ ਕਹਾਣੀਆਂ ਇਸੇ ਸਵਾਲ ਦੀ ਭੇਟਾ ਕਰ ਦਿੱਤੀਆਂ ਜਾਣ।

''ਇਹ ਗਰੀਬੀ ਅਮੀਰੀ ਦਾ ਰੌਲਾ ਐਵੇਂ ਮੋਟੀ ਬੁੱਧ ਦੀ ਨਿਸ਼ਾਨੀ ਏ,'' ਪ੍ਰੇਮ ਕਹਿ ਰਿਹਾ ਸੀ, ''ਜਿਨ੍ਹਾਂ ਲੋਕਾਂ ਦੀ ਸੂਝ ਲਿੱਸੀ ਏ ਉਹ ਸਮਝਦੇ ਨੇ ਕਿ ਬਹੁਤੇ ਪੈਸੇ ਨਾਲ ਬਹੁਤੀਆਂ ਮੌਜਾਂ ਨੇ ਤੇ ਜੇ ਥੋੜਾ ਹੋਵੇ ਤਾਂ ਕੋਈ ਸਵਾਦ ਨਹੀਂ। ਉਹ ਲੋਕ ਗਰੀਬ ਦੇ ਦਿਲ ਨੂੰ ਇਕ ਐਸੀ ਥਾਂ ਗਿਣਦੇ ਨੇ ਜਿਸ ਵਲ ਕੇਵਲ ਇਕ ਪਾਸੇ ਦਾ ਰਸਤਾ ਹੀ ਖੁੱਲ੍ਹਾ ਏ। ਉਸ ਰਸਤੇ ਤੇ ਦੁੱਖ ਕਲੇਸ਼ ਉਸ ਵਲ ਭੱਜੇ ਜਾਂਦੇ ਨੇ, ਪਰ ਉਧਰੋਂ ਦੂਜੇ ਪਾਸਿਓਂ ਕੋਈ ਖੇੜਾ, ਕੋਈ ਲਿਸ਼ਕ ਉਸ ਦੇ ਮੂੰਹ 'ਤੇ ਨਹੀਂ ਆ ਸਕਦੀ। ਰਸਤਾ ਹੀ ਬੰਦ ਕਰ ਦਿੰਦੇ ਨੇ, ਇਹ ਲੋਕ। ਮੈਂ ਇਹ ਨਹੀਂ ਮੰਨਦਾ।'' ਪ੍ਰੇਮ ਨੇ 'ਨਾਂਹ' ਵਿਚ ਸਿਰ ਹਿਲਾਇਆ ਤੇ ਨਰਿੰਦਰ ਵਲ ਇਸ ਤਰ੍ਹਾ ਵੇਖਿਆ ਜਿਵੇਂ ਉਸ ਦੇ ਉਲਟ ਗੱਲ ਕਰਦੇ ਸਾਰ ਹੀ ਹੂਰੋ-ਹੂਰੀ ਹੋ ਪਏਗਾ।

ਪਾਸੇ ਵਾਲੇ ਕਮਰੇ ਦਾ ਬੂਹਾ ਖੁੱਲ੍ਹਾ, ਵਿਚੋਂ ਇਕ ਖੂਬਸੂਰਤ ਔਰਤ, ਇਕ ਆਦਮੀ ਤੇ ਇਕ ਬੱਚਾ ਨਿਕਲੇ। ਅਸੀਂ ਉਨ੍ਹਾਂ ਵਲ ਵੇਖਣ ਲਗ ਪਏ। ਔਰਤ ਇੰਨੇ ਆਦਮੀਆਂ ਦੀਆਂ ਤਿੱਖੀਆਂ ਨਜ਼ਰਾਂ ਹੇਠ ਘਬਰਾਈ ਹੋਈ ਸਿੱਧੀ ਦਰਵਾਜ਼ੇ ਵੱਲ ਵੇਖਦੀ ਬਾਹਰ ਨਿਕਲ ਗਈ। ਬੱਚਾ ਮੇਜ਼ 'ਤੇ ਟਿਕਾਏ ਫੁੱਲਾਂ ਨੂੰ ਹੱਥ ਲਾ ਕੇ ਵੇਖਣ ਲਈ ਖੜ੍ਹਾ ਹੋ ਗਿਆ। ਆਦਮੀ ਬਾਹਰੋਂ ਵਾਪਸ ਆ ਕੇ ਉਸ ਨੂੰ ਨਾਲ ਲੈ ਗਿਆ। ਸਾਡਾ ਧਿਆਨ ਫਿਰ ਆਪਣੀ ਚਾਹ ਤੇ ਆਪਣੀਆਂ ਗੱਲਾਂ ਵਲ ਮੁੜ ਆਇਆ।

ਮੈਨੂੰ ਪ੍ਰੇਮ ਦੀ ਗੱਲ ਸਿਆਣੀ ਲੱਗੀ। ''ਇਹ ਥੀਊਰੀ ਤੇ ਮੈਨੂੰ ਵੀ ਗਲਤ ਜਾਪਦੀ ਏ।'' ਮੈਂ ਆਪਣਾ ਹਿੱਸਾ ਪਾਇਆ। ''ਜੇ ਅਸੀਂ ਇਸ ਹੋਟਲ ਵਿਚ ਬੈਠ ਕੇ ਚੋਖੇ ਪੈਸਿਆਂ ਦੀ ਚਾਹ ਪੀ ਰਹੇ ਹਾਂ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਹੋਟਲ ਤੋਂ ਬਾਹਰ ਕਿਸੇ ਨੂੰ ਚਾਹ ਦਾ ਸੁਆਦ ਹੀ ਨਹੀਂ ਆ ਰਿਹਾ। ਹੋ ਸਕਦਾ ਹੈ ਕਿ ਕੋਈ ਆਪਣੀ ਵਹੁਟੀ ਜਾਂ ਧੀ ਹੱਥੋਂ ਚਾਹ ਪੀ ਕੇ ਕਿਤੇ ਸੁਆਦ ਲੈ ਰਿਹਾ ਹੋਵੇ।''

ਪ੍ਰੇਮ ਨੇ ਮੇਰੀ ਗੱਲ ਦੀ ਤਾਕੀਦ ਵਿਚ ਦੋ ਵਾਰ ਸਿਰ ਹਿਲਾਇਆ ਤੇ ਫਿਰ ਚਾਹ ਦਾ ਘੁੱਟ ਭਰਿਆ ਸ਼ਾਇਦ ਇਹ ਵੇਖਣ ਲਈ ਕਿ ਇਸ ਮਹਿੰਗੇ ਹੋਟਲ ਦੀ ਚਾਹ ਕਿੰਨੀ ਕੁ ਸੁਆਦ ਏ। ਫਿਰ ਉਸ ਨੇ ਮੇਰੇ ਵਲ ਵੇਖ ਕੇ ਕਿਹਾ, ''ਹਾਂ, ਇਹੀ ਤੇ ਮੈਂ ਕਹਿੰਦਾ ਹਾਂ। ਮੈਂ ਪੁੱਛਣਾ ਵਾਂ ਕੀ ਰਾਂਝਾ ਬਹੁਤ ਅਮੀਰ ਸੀ? ਪਰ ਅੱਜ ਕਿਹੜਾ ਏ ਜਿਹੜਾ ਇਹ ਆਖੇ ਕਿ ਉਸ ਦੀ ਜ਼ਿੰਦਗੀ ਫਜ਼ੂਲ ਤੇ ਘਟੀਆ ਸੀ?''

ਨਰਿੰਦਰ ਬੁੱਲ੍ਹਾਂ ਵਿਚ ਮੁਸਕਰਾਇਆ । ਅੱਖ ਦੇ ਫੋਰ ਲਈ ਇਸ ਤਰ੍ਹਾਂ ਲਗਾ ਜਿਵੇਂ ਕੁਝ ਕਹਿਣ ਲੱਗਾ ਏ, ਪਰ ਉਹ ਬੋਲਿਆ ਕੁਝ ਨਾ। ਮੈਦਾਨ ਸਾਡੇ ਹੱਥ ਸੀ।

ਪ੍ਰੇਮ ਨੇ ਚਾਹ ਦੇ ਦੋ ਘੁੱਟ ਹੋਰ ਭਰੇ ਤੇ ਫਿਰ ਕੁਝ ਜੋਸ਼ ਵਿਚ ਆ ਕੇ ਕਿਹਾ :

''ਮੈਨੂੰ ਉਹ ਲੋਕ ਬਹੁਤ ਬੁਰੇ ਲਗਦੇ ਨੇ ਜਿਹੜੇ ਦੇਸ਼ ਦੀ ਵੱਸੋਂ ਦੇ ਵੱਡੇ ਹਿੱਸੇ ਨੂੰ ਕਦੀ ਤੇ ਮਧੋਲਿਆ ਹੋਇਆ ਕਹਿੰਦੇ ਨੇ ਤੇ ਕਦੀ ਲਿਤਾੜਿਆ ਹੋਇਆ। ਉਹ ਕਿਹੜੀ ਲਹਿਰ ਏ ਜਿਸ ਵਿਚ ਇਹ ਆਏ ਹੋਣ ਤੇ ਉਹ ਸਫਲ ਨਾ ਹੋਈ ਹੋਵੇ! ਇਹ ਇਕੱਲੇ ਸਾਡੇ ਦੇਸ਼ ਦੀ ਗੱਲ ਨਹੀਂ, ਹਰ ਦੇਸ਼ ਵਿਚ ਇਸੇ ਤਰ੍ਹਾਂ ਹੀ ਹੋਇਆ ਏ। ਜਿਹੜੇ ਲੋਕਾਂ ਦੀ ਛੂਹ ਲਹਿਰਾਂ ਨੂੰ ਬੰਨੇ ਲਾਉਂਦੀ ਏ ਉਨ੍ਹਾਂ ਨੂੰ ਤੁਸੀਂ ਲਿਤਾੜੇ ਹੋਏ ਕਿਵੇਂ ਕਹਿ ਸਕਦੇ ਓ?'' ਪ੍ਰੇਮ ਨੇ ਆਪਣੀ ਦਲੀਲ ਦੇ ਤੇਜ ਨਾਲ ਆਪ ਹੀ ਗਰਮ ਹੋ ਰਿਹਾ ਸੀ। ਉਸ ਇਹ ਅਖੀਰਲੀ ਗੱਲ ਏਡੀ ਉੱਚੀ ਮੁਕਾਈ ਕਿ ਉਥੇ ਬੈਠੇ ਕਈ ਲੋਕ ਸਾਡੇ ਵਲ ਵੇਖਣ ਲਗ ਪਏ।

ਆਪਣੇ ਵਲੋਂ ਉਨ੍ਹਾਂ ਦਾ ਧਿਆਨ ਹਟਾਣ ਲਈ ਕੁਝ ਚਿਰ ਅਸੀਂ ਚੁੱਪ ਕਰਕੇ ਚਾਹ ਪੀਂਦੇ ਰਹੇ, ਪਰ ਸਾਡੇ ਦਿਮਾਗ ਬਹਿਸ ਕਰਕੇ ਤਿੱਖੇ ਹੋਏ ਹੋਏ ਸਨ ਤੇ ਚੁੱਪ ਰਹਿਣਾ ਔਖਾ ਸੀ। ਮੈਂ ਫਿਰ ਹੌਲੀ ਜਿਹੀ ਗੱਲ ਛੇੜ ਦਿੱਤੀ :

''ਮੈਂ ਦੁਨੀਆਂ ਦੇ ਦੋ ਸੁਆਦ ਸਭ ਤੋਂ ਉੱਤਮ ਮੰਨਦਾ ਹਾਂ- ਇਞਾਣਾ ਖਿਡਾਂਦੀ ਮਾਂ ਦਾ ਸੁਆਦ ਤੇ ਮੁਕਲਾਵੇ ਜਾਂਦੀ ਵਹੁਟੀ ਦਾ ਸੁਆਦ। ਇਹ ਸੁਆਦ ਮਾਣਦੀਆਂ ਇਸਤਰੀਆਂ ਨੂੰ ਮੈਂ ਖਲੋ ਖਲੋ ਕੇ, ਲੁਕ ਲੁਕ ਕੇ ਵੇਖਿਆ ਏ। ਮੈਨੂੰ ਤੇ ਇਥੇ ਗਰੀਬ ਅਮੀਰ ਵਿਚ ਕਦੀ ਫਰਕ ਨਹੀਂ ਲੱਗਾ। ਦੋਹਾਂ ਦੇ ਮੂੰਹ ਇਕੋ ਜਿਹੇ ਖਿੜੇ ਹੋਏ ਹੁੰਦੇ ਨੇ।''

''ਓਇ ਅਸੀਂ ਦੋਵੇਂ ਈ ਬੋਲੀ ਜਾਨੇ ਆਂ, ਤੂੰ ਕਿਉਂ ਨਹੀਂ ਬੋਲਦਾ?'' ਪ੍ਰੇਮ ਨੇ ਖਿਝ ਕੇ ਨਰਿੰਦਰ ਨੂੰ ਕਿਹਾ।

''ਮੈਂ ਇਸ ਮਾਮਲੇ 'ਤੇ ਬਹਿਸ ਨਹੀਂ ਕਰਨਾ

ਚਾਹੁੰਦਾ।'' ਨਰਿੰਦਰ ਸਵੈ-ਵਿਸ਼ਵਾਸ ਦੇ ਚੁਬਾਰੇ ਤੋਂ ਬੋਲਿਆ।

''ਕਿਉਂ?''

''ਕਿਉਂਕਿ ਇਸ 'ਤੇ ਬਹਿਸ ਹੋ ਹੀ ਨਹੀਂ ਸਕਦੀ।''

''ਪਰ ਗੱਲਾਂ ਤੇ ਹੋ ਸਕਦੀਆਂ ਨੇ।''

''ਹਾਂ।''

''ਫਿਰ ਕੋਈ ਗੱਲ ਹੀ ਦੱਸ ਦੇ।''

''ਕੋਈ ਕਾਈ ਨਹੀਂ। ਬੱਸ ਇੱਕੋ ਈ ਗੱਲ ਏ। ਸਾਰੀਆਂ ਮੇਰੀਆਂ ਲਿਖਤਾਂ 'ਤੇ ਏਸ ਇਕੋ ਗੱਲ ਦੀ ਹੀ ਪਾਣ ਚੜ੍ਹੀ ਹੋਈ ਏ।'' ਹੁਣ ਨਰਿੰਦਰ ਕੁਝ ਢਿੱਲਾ ਹੋ ਆਇਆ ਸੀ।

''ਹੱਛਾ! ਏਨੀ ਬਹੁਤੀ ਲਿਸ਼ਕ ਵਾਲੀ ਗੱਲ ਤੇ ਅਸੀਂ ਅੱਜ ਸੁਣ ਕੇ ਹੀ ਉਠਣਾ ਏ'' ਪ੍ਰੇਮ ਨੇ ਚਾਅ ਨਾਲ ਆਖਿਆ। ਉਸ ਦੀ ਗੱਲ ਵਿਚ ਹੁਣ ਤਰਲਾ ਵੀ ਸੀ।

ਨਰਿੰਦਰ ਦੇ ਮਨ ਵਿਚ ਮਿਹਰ ਪਈ ਤੇ ਉਹ ਗੱਲ ਸੁਣਾਨ ਲਗ ਪਿਆ ।

''ਇਹ ਗੱਲ ਹੈ ਤੇ ਚਿਰੋਕਣੀ, ਪਰ ਮੇਰੇ ਵਾਸਤੇ ਤੇ ਹਰ ਵੇਲੇ ਸੱਜਰੀ ਏ।''

'' ਮੈਨੂੰ ਐਮ.ਏ. ਪਾਸ ਕੀਤਿਆਂ ਅਜੇ ਥੋੜਾ ਚਿਰ ਹੀ ਹੋਇਆ ਸੀ ਤੇ ਪਿੰਡ ਹੀ ਰਹਿੰਦਾ ਹੁੰਦਾ ਸਾਂ। ਸਾਡੀ ਹਵੇਲੀ ਦੇ ਨਾਲ ਹੀ ਸਾਡੇ ਖੇਤਾਂ ਵਿਚ ਕੰਮ ਕਰਨ ਵਾਲੇ ਇਕ ਆਦਮੀ ਦਾ ਘਰ ਸੀ। ਉਸ ਦੀ ਇਕ ਕੁੜੀ ਸਾਡੇ ਘਰ ਕੰਮ ਕਰਦੀ ਸੀ। ਕੰਮ ਉਹ ਕੋਈ ਰਸੋਈ ਦਾ ਤੇ ਨਹੀਂ ਸੀ ਕਰਦੀ। ਰਸੋਈ ਦੇ ਤੇ ਉਸ ਨੂੰ ਕੋਈ ਨੇੜੇ ਨਹੀਂ ਸੀ ਲੱਗਣ ਦਿੰਦਾ। ਬੱਸ ਸਫਾਈ ਤੇ ਹੋਰ ਉਤਲਾ ਉਤਲਾ ਕੰਮ ਕਰਦੀ ਸੀ।ਇਸ ਗੱਲ ਦੀ ਮੈਨੂੰ ਬਹੁਤ ਹੈਰਾਨੀ ਹੁੰਦੀ ਸੀ ਕਿ ਘਰ ਵਿਚ ਬੈਠੀ ਭੌਂਦੀ ਤੇ ਕੰਮ ਕਰਦੀ ਉਹ ਕਿਸੇ ਨੂੰ ਰੜਕਦੀ ਹੀ ਨਹੀਂ ਸੀ। ਕੋਈ ਉਸ ਵਲ ਅੱਖ ਭਰ ਕੇ ਵੇਖਦਾ ਨਹੀਂ ਸੀ। ਉਸ ਦੇ ਸਾਹਮਣੇ ਬਗੈਰ ਉਸ ਨੂੰ ਵਿਚੋਂ ਦਿੱਤੇ ਅਸੀਂ ਕੁਝ ਵੀ ਖਾ ਸਕਦੇ ਸਾਂ। ਉਸ ਦੇ ਕੋਲ ਫਿਰਦਿਆਂ ਕੋਈ ਵੀ ਗੱਲ ਕਰ ਸਕਦੇ ਸਾਂ। ਉਸ ਦੀਆਂ ਵੀ ਅੱਖਾਂ ਸਨ, ਕੰਨ ਸਨ, ਦਿਮਾਗ ਸੀ, ਦਿਲ ਸੀ, ਇਹ ਸਾਡੇ ਟੱਬਰ ਦੇ ਕਿਸੇ ਜੀਅ ਦੇ ਮਨ ਵਿਚ ਆਉਂਦਾ ਹੀ ਨਹੀਂ ਸੀ। ਸਾਰੇ ਟੱਬਰ ਦੇ ਇਸ ਵਤੀਰੇ ਕਰਕੇ ਮੇਰੀ ਉਸ ਵਿਚ ਦਿਲਚਸਪੀ ਹੋ ਗਈ। ਉਹ ਸਾਡੇ ਬਾਰੇ ਕੀ ਸੋਚਦੀ ਸੀ? ਸਾਡੇ ਵਿਚ ਆਪਣੀ ਕੀ ਥਾਂ ਮਿਥਦੀ ਸੀ? ਬਾਹਰਲੀ ਦੁਨੀਆਂ ਵਿਚ ਆਪਣੀ ਕੀ ਥਾਂ ਵੇਖਦੀ ਸੀ? ਉਸ ਦੀਆਂ ਕੀ ਉਮੰਗਾਂ ਸਨ?

ਮੈਂ ਵੇਖਿਆ ਕਿ ਉਸ ਦੀ ਸ਼ਕਲ ਮਾੜੀ ਨਹੀਂ ਸੀ। ਕੇਵਲ ਉਸ ਨੂੰ ਆਪਣੇ ਆਪ ਦਾ ਪਤਾ ਨਹੀਂ ਸੀ।

''ਇਕ ਦਿਨ ਸ਼ਾਮ ਨੂੰ ਮੇਰੇ ਮਾਤਾ ਜੀ ਨੇ ਉਸ ਨੂੰ ਹੱਟੀਓਂ ਰੇਠੇ ਲਿਆਉਣ ਲਈ ਇਕ ਅਠਿਆਨੀ ਦਿੱਤੀ। ਹੱਟੀ ਪਿੰਡ ਦੇ ਦੂਜੇ ਸਿਰੇ ਸੀ।ਹੱਟੀ ਵਾਲੇ ਨੇ ਕਿਹਾ, ਰੇਠੇ ਮੁੱਕੇ ਹੋਏ ਨੇ, ਪਰ ਮੇਰਾ ਮੁੰਡਾ ਸ਼ਹਿਰੋਂ ਸੌਦਾ ਲੈਣ ਗਿਆ ਹੋਇਆ ਏ। ਗੱਡੀ ਨੂੰ ਟੇਸ਼ਨ ਤੋਂ ਲੰਘਿਆ ਢੇਰ ਚਿਰ ਹੋ ਗਿਆ ਏ, ਹੁਣੇ ਆਉਂਦਾ ਹੀ ਹੋਵੇਗਾ, ਰੇਠੇ ਵੀ ਲਿਆਵੇਗਾ। ਤੂੰ ਝਟ ਉਡੀਕ ਲੈ।

ਕੁੜੀ ਉਥੇ ਬੈਠ ਗਈ। ਅਨ੍ਹੇਰਾ ਹੋ ਗਿਆ, ਪਰ ਹੱਟੀ ਵਾਲੇ ਦਾ ਮੁੰਡਾ ਅਪੜਿਆ ਨਾ। ਬੇ-ਉਮੀਦ ਹੋ ਕੇ ਕੁੜੀ ਮੁੜ ਆਈ। ਅਨ੍ਹੇਰਾ ਹੋ ਜਾਣ ਕਰਕੇ ਅਸੀਂ ਬੂਹਾ ਬੰਦ ਕੀਤਾ ਹੋਇਆ ਸੀ। ਵਾਪਸ ਆ ਕੇ ਉਸ ਨੇ ਖੜਕਾਇਆ। ਮੈਂ ਖੋਲ੍ਹਿਆਂ ਤਾਂ ਉਸ ਨੇ ਕਿਹਾ, ਮਾਤਾ ਜੀ ਨੂੰ ਕਹੋ ਕਿ ਰੇਠੇ ਨਹੀਂ ਮਿਲੇ ਸਵੇਰੇ ਲੈ ਆਵਾਂਗੀ। ਹੁਣ ਪੈਸੇ ਰੱਖ ਲੈਣ। ਮਾਤਾ ਜੀ ਨੇ ਸੁਣ ਕੇ ਦੂਰੋਂ ਹੀ ਕਿਹਾ, ਤੂੰ ਪੈਸੇ ਆਪਣੇ ਕੋਲ ਹੀ ਰੱਖ, ਸਵੇਰੇ ਜਾ ਕੇ ਲੈ ਆਵੀਂ। ਪਰ ਉਸ ਨੇ ਇਹ ਗੱਲ ਅਣਸੁਣੀ ਕਰ ਕੇ ਅਠਿਆਨੀ ਮੇਰੇ ਹੱਥ ਵਿਚ ਫੜਾ ਦਿੱਤੀ।

''ਪਰ ਤੂੰ ਆਪਣੇ ਕੋਲ ਹੀ ਕਿਉਂ ਨਹੀਂ ਰੱਖਦੀ?'' ਮੈਂ ਪੁੱਛਿਆ।

''ਲਓ, ਸਰਦਾਰ ਜੀ! ਜੇ ਕਿਧਰੇ ਗਵਾਚ ਜਾਵੇ ਤਾਂ ਅਸਾਂ ਗਰੀਬਾਂ ਨੇ ਕਿਥੋਂ ਭਰ ਕੇ ਦੇਣੀ ਏਂ?''

''ਮੈਨੂੰ ਇਸ ਗੱਲ 'ਤੇ ਬੜੀ ਹੈਰਾਨੀ ਹੋਈ ਕਿ ਕਈਆਂ ਲੋਕਾਂ ਨੂੰ ਇਕ ਰਾਤ ਲਈ ਇਕ ਅਠਿਆਨੀ ਸਾਂਭਣ ਤੋਂ ਵੀ ਡਰ ਆਉਂਦਾ ਏ।

''ਇਕ ਦਿਨ ਉਹ ਬਾਹਰ ਧੁੱਪੇ ਸਾਡੇ ਕੱਪੜੇ ਧੋ ਰਹੀ ਸੀ। ਮੈਂ ਆਪਣੇ ਕਮਰੇ ਵਿਚ ਬੈਠਾ ਬਾਰੀ ਵਿਚੋਂ ਉਸ ਨੂੰ ਵੇਖ ਰਿਹਾ ਸਾਂ। ਬਾਰੀ ਅੱਗੇ ਜਾਲੀ ਲਗੀ ਹੋਈ ਸੀ। ਉਂਜ ਵੀ ਕਮਰੇ ਵਿਚ ਅਨ੍ਹੇਰਾ ਜਿਹਾ ਸੀ। ਇਸ ਲਈ ਉਹ ਮੈਨੂੰ ਵੇਖ ਨਹੀਂ ਸਕਦੀ ਸੀ। ਉਸ ਨੂੰ ਪਤਾ ਹੀ ਨਹੀਂ ਸੀ ਕਿ ਮੈਂ ਉਥੇ ਬੈਠਾ ਸਾਂ।

''ਉਸ ਦਾ ਆਪਣਾ ਕਮੀਜ਼ ਵੀ ਬਹੁਤ ਮੈਲਾ ਹੋਇਆ ਹੋਇਆ ਸੀ। ਉਸ ਕੋਲ ਸ਼ਾਇਦ ਹੋਰ ਕਮੀਜ਼ ਹੈ ਹੀ ਨਹੀਂ ਸੀ ਤੇ ਧੋਣ ਦਾ ਇਹੋ ਤਰੀਕਾ ਸੀ ਕਿ ਉਹ ਕਮੀਜ਼ ਲਾਹ ਕੇ ਉਨਾ ਚਿਰ ਆਪਣੇ ਦੁਆਲੇ ਚਾਦਰ ਵਲੇਟੀ ਰਖੇ। ਉਸ ਨੂੰ ਚੂੰਕਿ ਕਿਸੇ ਬੰਦੇ ਦੇ ਨੇੜੇ ਹੋਣ ਦਾ ਖਿਆਲ ਨਹੀਂ ਸੀ, ਉਸ ਨੇ ਬੇਖਬਰ ਖੜ੍ਹੇ ਹੋ ਕੇ ਕਮੀਜ਼ ਲਾਹੀ ਤੇ ਫਿਰ ਆਪਣੇ ਦੁਆਲੇ ਚਾਦਰ ਵਲ ਲਈ। ਇਕ ਛਿਨ ਲਈ ਇਕ ਸੁੰਦਰ ਸਰੀਰ ਦੀ ਝਲਕ ਮੈਨੂੰ ਦਿਸੀ। ਜੀ ਕਰਦਾ ਸੀ ਕਿ ਇਹ ਛਿਨ ਲੰਮਾ ਹੋ ਜਾਏ। ਕਦੀ ਜੀ ਵੀ ਰੱਜਿਆ ਏ? ਹੁਣ ਮੇਰੀ ਉਸ ਦੇ ਨੇੜੇ ਹੋਣ ਦੀ ਉਤਸੁਕਤਾ ਹੋਰ ਵੀ ਵਧ ਗਈ।

''ਇਕ ਦਿਨ ਉਹ ਮੇਰਾ ਕਮਰਾ ਸਾਫ ਕਰ ਰਹੀ ਸੀ। ਮੈਂ ਅੰਦਰ ਆ ਗਿਆ। ਕੁਝ ਥੋੜੀ ਜਿਹੀ ਸਾਂਝ ਦਾ ਮੈਨੂੰ ਪਹਿਲੇ ਹੀ ਵਿਸ਼ਵਾਸ ਸੀ। ਮੇਰੇ ਲਈ ਇਹ ਬੜੀ ਮਹਾਨ ਘੜੀ ਸੀ। ਮੈਂ ਆਪਣੇ ਜਜ਼ਬੇ ਉਹਦੇ ਪੈਰਾਂ ਵਿਚ ਖਲਾਰ ਕੇ ਉਹਨੂੰ ਇਕ ਉਚੀ ਦੁਨੀਆਂ ਦੀ ਝਲਕ ਦੇਣਾ ਚਾਹੁੰਦਾ ਸਾਂ। ਉਸ ਦੇ ਹੱਥ ਵਿਚੋਂ ਝਾੜੂ ਲੈ ਮੈਂ ਭੋਏਂ ਤੇ ਰਖ ਦਿੱਤਾ ਤੇ ਫਿਰ ਉਸ ਨੂੰ ਬਾਹੋਂ ਫੜ ਕੇ ਆਪਣੀ ਮੰਜੀ 'ਤੇ ਬਹਾ ਲਿਆ।ਮੈਂ ਆਪ ਢੁਕ ਕੇ ਉਸ

## ਕਵਿਤਾ / ਜਦੋਂ ਮੈਂ ਤੈਨੂੰ / ਹਰਵਿੰਦਰ ਕੌਰ



ਤੈਨੂੰ ਪਤਾ,
ਜਦੋਂ ਮੈਂ ਤੈਨੂੰ ਟੁੱਟਦਾ ਵੇਖਦੀ ਹਾਂ,
ਤਾਂ ਮੈਂ ਕਈ ਖੰਡਾਂ ਵਿੱਚ ਤਕਸੀਮ ਹੋ ਜਾਂਦੀ ਹਾਂ
ਮੈਂ ਕਣ ਕਣ ਬਿਖਰ ਜਾਂਦੀ ਹਾਂ,
ਜਿਵੇਂ ਰੇਤ ਦੇ ਢੇਰ ਵਿੱਚ
ਪੈਰ ਮਾਰਿਆ ਹੋਵੇ,
ਜਾਂ ਰੇਤ ਦੀ ਮੁੱਠ ਨੂੰ
ਹਵਾ 'ਚ ਉਲਾਰਿਆ ਹੋਵੇ,
ਮੈਂ ਹਰ ਜ਼ੱਰੇ ਵਿੱਚ ਸਮਾ ਜਾਂਦੀ ਹਾਂ,
ਸੱਚ ਜਾਣੀ,
ਮੈਂ ਜਦੋਂ ਤੈਨੂੰ ਟੁੱਟਦਾ ਵੇਖਦੀ ਹਾਂ,
ਮੈਂ, ਮੈਂ ਨਹੀਂ ਰਹਿੰਦੀ ।
ਮੋਮ ਦੀ ਤਰ੍ਹਾਂ ਪਿਘਲ ਜਾਂਦੀ ਹਾਂ।
ਜਦੋਂ ਮੈਂ ਤੇਰੀਆਂ ਰੰਗਹੀਣ ਅੱਖਾਂ ਦੇਖਦੀ ਹਾਂ,
ਮੈਂ ਸਾਰੇ ਰੰਗਾਂ ਦੇ ਨਾਂ ਭੁੱਲ ਜਾਂਦੀ ਹਾਂ,
ਮੈਂ ਜਦੋਂ ਬੇਵਕਤੀ ਵਰਤਾਰਿਆਂ ਨੂੰ
ਹੁਣ ਦੇ ਵਰਤਾਰਿਆਂ ਨਾਲ ਮਾਪਦੀ ਹਾਂ
ਸੱਚ ਜਾਣੀ !
ਮੈਂ ਰੂਹ ਦੇ ਤਨ ਤੇ ਪਈਆਂ ਝਰੀਟਾਂ ਦਾ,
ਉਦੋਂ ਕੱਦ ਮਾਪਦੀ ਹਾਂ
ਮੈਂ ਤੈਨੂੰ ਸੋਚਦੀ
ਜਦੋਂ ਉਦਾਸ ਪਲਾਂ ਦੇ ਵਹਿਣ
ਵਿੱਚ ਵਹਿ ਜਾਂਦੀ ਹਾਂ,
ਮੇਰੀ ਹੋਂਦ, ਮੇਰਾ ਜਿਸਮ ਮੇਰੀ ਰੂਹ,
ਮੇਰਾ ਅਸਤਿਤਵ
ਰੇਸ਼ਾ ਰੇਸ਼ਾ ਹੋ ਬਿਖਰ ਜਾਂਦਾ ਹੈ,
ਪਿੱਛੇ ਬਸ ਇਕ
ਪਰਛਾਈ ਰਹਿ ਜਾਂਦੀ ਹੈ
ਮੈਂ ਕੱਲਰ ਵਾਂਗ ਖਿਲਰ ਜਾਂਦੀ ਹਾਂ।

ਸੱਚੀ ! ਜਦੋਂ ਮੈਂ ਤੈਨੂੰ ਟੁੱਟਦਾ ਵੇਖਦੀ ਹਾਂ,
ਤਾਂ ਮੈਂ ਕਿੰਨਾ ਹੀ ਚਿਰ
ਮੈਂ-ਮੈਂ ਨਹੀਂ ਰਹਿੰਦੀ
ਮੇਰਾ ਜਿਸਮ ਮਿੱਟੀ ਦੀ
ਢੇਰੀ ਬਣ ਧਰਾ ਤੇ ਪਿਆ ਰਹਿੰਦਾ ਤੇ,
ਮੈਂ ਦੂਰ ਕਿਤੇ ਗਵਾਹ 'ਚ ਗਈ ਹੁੰਦੀ ਹਾਂ ।
ਮੈਨੂੰ ਫਿਰ ਹਰ ਹਸੀਨ ਸ਼ੈਅ ਜ਼ਹਿਰ ਲੱਗਦੀ ਹੈ
ਮੈਂ ਤੈਨੂੰ ਸਭ ਠੀਕ ਹੋਣ ਦਾ
ਦਿਲਾਸਾ ਦਿੰਦੀ ਹਾਂ,
ਪਰ ਖੁਦ ਕਈ ਖੰਡਾਂ ਵਿੱਚ ਵੰਡੀ ਹੋਈ
ਆਪਣੇ ਜਿਉਂਦੇ ਹੋਣ ਦਾ
ਥਹੁ ਸਿਰਾ ਲੱਭਦੀ ਹਾਂ
ਸੱਚੀ ਜਦੋਂ ਮੈਂ ਤੈਨੂੰ ਟੁੱਟਦਾ ਵੇਖਦੀ ਹਾਂ,
ਜਦੋਂ ਮੈਂ ਤੈਨੂੰ ਟੁੱਟਦਾ ਵੇਖਦੀ ਹਾਂ।

ਦੇ ਨਾਲ ਬੈਠ ਗਿਆ ਤੇ ਇਕ ਹੱਥ ਉਸ ਦੇ ਮੋਢੇ 'ਤੇ ਰੱਖ ਕੇ ਉਸ ਨੂੰ ਹੋਰ ਆਪਣੇ ਨਾਲ ਘੁੱਟ ਲਿਆ।''

''ਇਹ ਗੱਲ ਚੰਗੀ ਨਹੀਂ ਸਰਦਾਰ ਜੀ, ਤੁਹਾਡੇ ਲਈ'' ਉਸ ਨੇ ਨਿੰਮ੍ਹਾਂ ਜਿਹਾ ਉਲ੍ਹਾਮਾ ਦਿੱਤਾ।

''ਨਹੀਂ ਚੰਗੀ ਏ, ਬੜੀ ਚੰਗੀ।'' ਮੈਂ ਭੱਦੇ ਜਿਹੇ ਤਰੀਕੇ ਨਾਲ ਉਸ ਨੂੰ ਟਾਲਿਆ ਤੇ ਉਹ ਕੁਝ ਮੁਸਕਰਾ ਪਈ, ਸ਼ਾਇਦ ਮੇਰੇ ਇਸ ਸਿੱਧੇ ਜਿਹੇ ਜਵਾਬ 'ਤੇ।

ਬਹੁਤ ਚੰਗਾ ਮੁੱਢ ਬੱਝ ਗਿਆ ਸਮਝ ਕੇ ਮੈਂ ਉਸ ਦਾ ਹੱਥ ਛੱਡ ਦਿੱਤਾ ਤੇ ਉਹ ਉਠ ਕੇ ਖਲੋ ਗਈ ।


''ਇਹ ਸਾਬਣ ਲੈ ਲਵਾਂ ਸਰਦਾਰ ਜੀ?'' ਉਸ ਨੇ ਉਠਦਿਆਂ ਸਾਰ ਹੀ ਮੰਗ ਕੀਤੀ। ਜਿਥੇ ਅਸੀਂ ਬੈਠੇ ਸਾਂ ਉਸ ਦੇ ਸਾਹਮਣੇ ਅੰਗੀਠੀ 'ਤੇ ਮੇਰੇ ਨਹਾਉਣ ਵਾਲੇ ਸਾਬਣ ਦੀ ਚਿੱਪਰ ਪਈ ਸੀ। ਇਸ ਸਾਰੀ ਖੇਡ ਵਿਚ ਉਸ ਦਾ ਧਿਆਨ ਸ਼ਾਇਦ ਉਸ ਚਿੱਪਰ ਵਿਚ ਹੀ ਰਿਹਾ ਸੀ। ਜੇ ਕੋਈ ਮੈਨੂੰ ਪੁਛੇ ਤਾਂ ਮੈਨੂੰ ਤੇ ਇਸ ਮਜ਼ੇਦਾਰ ਸੁਪਨੇ ਵਿਚੋਂ ਕਿਸੇ ਚੀਜ਼ ਦੀ ਹੋਸ਼ ਨਹੀਂ ਸੀ।

''ਹਾਂ, ਲੈ ਲੈ'' ਕਹਿ ਕੇ ਮੈਂ ਉਸੇ ਮੰਜੀ 'ਤੇ ਫਿਰ ਬੈਠ ਗਿਆ। ''ਉਸ ਦਿਨ ਤੋਂ ਪਿੱਛੋਂ ਹਰ ਇਕ ਲਈ ਰੱਜਵੀਂ ਰੋਟੀ ਤੋਂ ਬਿਨਾਂ ਹੋਰ ਕੋਈ ਗੱਲ ਮੇਰੇ ਮਨ ਵਿਚ ਖੁਭਣੀ ਅਸੰਭਵ ਹੋਈ ਹੋਈ ਏ। ਜਦੋਂ ਕੁਝ ਲੋਕਾਂ ਲਈ ਥੁੜਾਂ ਸਰੀਰ ਦੇ ਹੋਰ ਸਾਰੇ ਰਸਤੇ ਤੇ ਸੁਆਦ ਬੰਦ ਕਰ ਦੇਣ ਤਾਂ ਬਾਕੀ ਦੇ ਲੋਕਾਂ ਨੂੰ ਕੁਝ ਚਿਰ ਹੋਰ ਗੱਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਨੇ। ਬੱਸ, ਆਪਣੀਆਂ ਲਿਖਤਾਂ ਦੀ ਸਫਾਈ ਵਿਚ ਮੇਰੇ ਕੋਲ ਹੋਰ ਕੋਈ ਦਲੀਲ ਨਹੀਂ।''

ਕਹਾਣੀ

# ਮਾਤ / ਕਿਰਪਾਲ ਕਜ਼ਾਕ

ਠਰੀ ਸ਼ਾਮ। ਡੁੱਬਦਾ ਸੂਰਜ। ਖੱਡਾਂ ਵਿਚ ਤੈਰਦੇ ਬੱਦਲੀਆਂ ਦੇ ਤੋਦੇ। ਸਾਮ੍ਹਣੀ ਪਹਾੜੀ 'ਤੇ ਪੈ ਰਹੀ ਧੁੱਪ ਦੀ ਚਿਲਕੋਰ। ਬਾਹਰ ਸੀਤ। ਅੰਦਰ ਕਾਮੁਕਤਾ ਦੇ ਜਵਾਰਭਾਟੇ। ਜਿਨ੍ਹਾਂ ਵਿਚ ਘਿਰਿਆ ਗੁਰਚਰਨ ਪਿਸ਼ਾਵਰੀ, ਉਰਫ਼ ਗੁਰੀ। ਕਾਰ ਵਿਚ ਬੈਠਦੇ ਲੱਗਾ, ਉਹਦੇ ਸਾਮਣੇ ਵਿਛੀ ਸ਼ਤਰੰਜ ਇਕ ਤਰਫ਼ਾ ਸੀ। ਦੂਜੀ ਧਿਰ ਕੋਲ ਨਾ ਹਾਥੀ, ਨਾ ਘੋੜੇ, ਨਾ ਪਿਆਦੇ, ਨਾ ਰਾਜਾ। ਐਸੀ ਹਾਲਤ ਵਿਚ ਰਾਣੀ ਦਾ ਚਿੱਤ ਹੋਣਾ ਤਹਿ ਸੀ।



ਕਾਰ ਉੱਡ ਰਹੀ ਸੀ। ਹੁਣੇ-ਹੁਣੇ ਲੰਘਿਆ ਬੀਜਾਪੁਰ। ਅੱਗੇ ਧੌਲੀ ਖੱਡ ਅਤੇ ਕਕਰੋਟਾ। ਪਹਾੜ ਗੁਰੀ ਨੂੰ ਚੰਗੇ ਨਹੀਂ ਸਨ ਲਗਦੇ। ਕਕਰੋਟਾ ਲਗਦਾ। ਉਥੇ ਸ਼ਾਲਿਨੀ ਸੀ। ਰੂਪ ਅਤੇ ਜੋਬਨ ਨਾਲ ਰਸੀ ਹੋਈ।

ਗੁਰੀ ਹਿਸਾਬ ਲਗਾਇਆ। ਸਾਢੇ ਪੰਜ ਵੱਜ ਰਹੇ ਸਨ। ਚਾਰ ਵਜੇ ਛੁੱਟੀ। ਇਕ ਘੰਟਾ ਬੱਸ। ਪੰਦਰਾਂ ਮਿਨਟ ਪੈਦਲ। ਇਸ ਹਿਸਾਬ ਸ਼ਾਲਿਨੀ ਹਾਲੇ ਰਾਹ ਵਿਚ ਸੀ।

...

ਗੁਰੀ ਦੀ ਜ਼ਿੰਦਗੀ 'ਚ ਕਈ ਔਰਤਾਂ ਆਈਆਂ। ਸਭ ਹਾਏ ਹੈਲੋ ਤੱਕ ਸੀਮਤ। ਬਿਸਤਰ ਤੱਕ ਕੋਈ ਵੀ ਨਹੀਂ। ਇਕ ਤਾਂ ਉਹ ਕਾਹਲੇ ਸੁਭਾਅ ਦਾ ਸੀ। ਦੂਜਾ, ਜਿਸਮ ਤੋਂ ਵੱਧ ਉਸਨੂੰ ਕੁਝ ਦਿਸਦਾ ਨਹੀਂ ਸੀ। ਅਫ਼ਸਰ ਸੀ। ਸੋਹਣਾ ਸੀ। ਪਰ ਜਿਸਮਾਨੀ ਪਹੁੰਚ ਵਿਚ ਅਸਫਲਤਾ ਕਾਰਨ ਉਹਦੀ ਕਾਮੁਕ-ਕੋਮਲਤਾ ਕੁੰਠਿਤ ਹੁੰਦੀ ਚਲੀ ਗਈ ਸੀ।

ਗੁਰੀ ਦਾ ਪਿਤਾ ਕੁੰਦਨ ਪਿਸ਼ਾਵਰੀ, ਨਾਮਵਰ ਕਸਾਈ ਸੀ। ਆਪਣੇ ਕਸਬ ਵਿਚ ਇਤਨਾ ਮਾਹਿਰ, ਚਿੱਟੇ ਲਿਬਾਸ 'ਤੇ ਲਹੂ ਦਾ ਛਿੱਟਾ ਤੱਕ ਨਾ ਪੈਣ ਦਿੰਦਾ। ਗੁਰੀ ਨੇ ਵੀ ਪਿਤਾ ਜਿਹਾ ਹੁਨਰ ਸਿੱਖ ਲਿਆ। ਮਨ ਦੀ ਮੈਲ ਬਾਰੇ ਭਿਣਕ ਨਾ ਪੈਣ ਦਿੰਦਾ।

ਗੁਰੀ ਦੀ ਮਾਂ ਨੂੰ ਪਤੀ ਦੇ ਕਸਾਈ ਹੋਣ ਦਾ ਝੋਰਾ ਸੀ। ਉਸ ਹੱਥ ਜੋੜੇ। "ਇਹ ਕੋਈ ਕਿੱਤੈ ? ਛੱਡ ਪਰ੍ਹਾਂ।" ਕੁੰਦਨ ਬਾਣੀ ਸੁਣਾਉਣ ਲੱਗਦਾ। 'ਅਸੰਖ ਗਲ ਵਢ ਹਤਿਆ ਕਮਾਹਿ।' ਮੈਂ ਇਕੱਲਾ ਤਾਂ ਨਹੀਂ।

ਕੇਰਾਂ ਮੀਢਾ ਝਟਕਾਉਂਦੇ ਕੁੰਦਨ ਪਿਸ਼ਾਵਰੀ ਦੀਆਂ ਅੱਖਾਂ ਵਿਚ ਲਹੂ ਦੇ ਛਿੱਟੇ ਪੈ ਗਏ। ਪਹਿਲਾਂ ਇਕ ਅੱਖ ਗਈ। ਫਿਰ ਦੂਜੀ। ਪਤਨੀ ਕਲਪੀ। "ਹੁਣ ਤਾਂ ਸੋਚ, ਰੱਬ ਵੀ ਕਰੋਪ ਹੋ ਗਿਆ।"

"ਜੋ ਹੋਣਾ ਹੋ ਗਿਆ। ਹੁਣ ਤਾਂ ਬਿਲਕੁਲ ਨਹੀਂ ਛੱਡਦਾ।" ਗੁਰੀ ਦੋ ਧੀਆਂ ਦਾ ਪਿਉ ਬਣ ਗਿਆ। ਪਤਨੀ ਹੱਥ ਜੋੜੇ। "ਧੀਆਂ ਆ ਗਈਆਂ ਹੁਣ ਤਾਂ ਹੋਸ਼ ਨੂੰ ਹੱਥ ਮਾਰ।" ਗੁਰੀ ਵੀ ਗੁਰਬਾਣੀ ਦੀ ਟੇਕ ਲਈ।

ਹੱਸਣ ਖੇਡਣ ਮਨ ਕਾ ਚਾਓ।

ਗੁਰੀ ਦਾ ਪਿਤਾ ਕਦੇ ਸਿਰੀ ਖਰੌੜੇ ਚੱਕੀ ਆਉਂਦਾ। ਕਦੇ ਗੁਰਦੇ ਕਪੂਰੇ। ਮਾਂ ਸਰੋਵਰ ਦੀਆਂ ਪ੍ਰਕਰਮਾਂ ਧੋਣ ਪੱਜ ਪਾਪ ਧੋਂਦੀ ਰਹਿੰਦੀ। ਇਕ ਦਿਨ ਕਥਾ ਸੁਣੀ। ਇਕ ਵੇਸਵਾ ਪ੍ਰਾਸ਼ਚਿਤ ਕਰਨ ਲਈ ਮਹਾਤਮਾਂ ਕੋਲ ਗਈ। ਮਹਾਤਮਾਂ ਨੇ ਇਕ ਤੋਤਾ ਦਿੰਦੇ ਕਿਹਾ, ਇਹਨੂੰ ਰਾਮ ਰਾਮ ਕਹਿਣਾ ਸਿਖਾਅ। ਵੇਸਵਾ ਰਾਮ ਰਾਮ ਕਹਿੰਦੀ ਤਰ ਗਈ।

ਗੁਰੀ ਦੀ ਮਾਂ ਨੇ ਵੀ ਪੁੱਤ ਦਾ ਨਾਂ ਇਹ ਸੋਚ ਕੇ ਰੱਖਿਆ ਇਸੇ ਪੱਜ ਗੁਰੂ ਦਾ ਨਾਂ ਲਵੇਗੀ। ਮਾਂ ਤਰੀ ਜਾਂ ਡੁੱਬੀ ਪਤਾ ਨਹੀਂ। ਗੁਰੀ ਡੁੱਬ ਗਿਆ। ਉਹਦੀ ਨੌਕਰੀ ਅਤੇ ਬੋਲ-ਬਾਣੀ ਦੀ ਮਿੱਠੀ ਚਾਸ਼ਣੀ ਨੇ ਡੁੱਬਣ ਦਾ ਅਹਿਸਾਸ ਹੀ ਨਾ ਹੋਣ ਦਿੱਤਾ। ਜਿਸ ਕਾਰਨ ਉਹ ਹੋਰ ਡੁੱਬਦਾ ਚਲਾ ਗਿਆ।

...

ਸੈਰ ਸਪਾਟਾ ਵਿਭਾਗ ਵੱਲੋਂ ਹਿਮਾਚਲ ਦੇ ਮੁਢਲੇ ਸਰਵੇ ਦਾ ਕੰਮ ਗੁਰੀ ਜਿੰਮੇ ਸੀ। ਖਾਕਾ ਤਿਆਰ ਕਰਨ ਲਈ ਗੁਰੀ, ਉਸਦੀ ਸਹਾਇਕ ਰੂਬੀ ਸਿੰਘ, ਡਰਾਫਟਸਮੈਨ ਹਰਸ਼ ਅਤੇ ਡਰਾਈਵਰ ਵੀਰ ਸਰਵੇ ਕਰਦੇ ਇਕ ਸ਼ਾਮ ਰਾਵੀ ਕੰਢੇ ਵੱਸੇ ਕਕਰੋਟਾ ਪਿੰਡ ਦੇ ਪੈਰਾਂ ਵਿਚ ਰਾਤ ਦੇ ਠਹਿਰਾਓ ਲਈ ਆਰਜੀ ਟੈਂਟ ਲਾਉਣ ਲੱਗੇ ਤਾਂ ਪਹਾੜੀ ਦੀ ਦੰਦੀ 'ਤੇ ਵੱਸੇ ਘਰ ਵਿਚੋਂ ਅਵਾਜ਼ ਪਈ।

"ਮੱਤ ਠਹਿਰਨਾਂ ਯਹਾਂ।"

ਰੂਬੀ ਸਿੰਘ ਪਹਾੜੀ 'ਤੇ ਗਈ ਤਾਂ ਪਤਾ ਲੱਗਾ ਇੱਥੇ ਰਾਵੀ ਦਾ ਦੱਰਰਾ ਸੌੜਾ ਹੋਣ ਕਾਰਨ ਰਾਤ ਸਮੇਂ ਖ਼ਤਰਨਾਕ ਜਾਨਵਰ ਏਧਰ ਓਧਰ ਲੰਘਦੇ ਸਨ।

"ਚਾਹੋ ਤੋ ਘਰ ਮੇਂ ਰੁਕ ਸਕਤੇ ਹੋ।"

ਇਕ ਰਾਤ ਦਾ ਸੋਚ ਸਭ ਨੇ ਹਾਮੀ ਭਰੀ।

ਨਿੱਕਾ ਜਿਹਾ ਪਿੰਡ। ਦਸ ਵੀਹ ਘਰ। ਜਿਸ ਘਰ 'ਚ ਰੁਕੇ ਥੱਲੇ ਖੁੱਲ੍ਹੀ ਛਤੌੜ। ਉਪਰ ਕੋਠੜੀਆਂ ਅਤੇ ਵਰਾਂਡਾ। ਵਰਾਡੇਂ 'ਚੋਂ ਦੂਰ ਤਕ ਦਿਸਦੀ ਵਲ ਖਾਂਦੀ ਰਾਵੀ ਦੀ ਚਾਂਦੀ ਰੰਗੀ ਲੀਕ। ਰੂਬੀ ਅਤੇ ਡਰਾਈਵਰ ਰਾਤ ਦੇ ਖਾਣੇ ਦੀ ਤਿਆਰੀ ਕਰਨ ਲੱਗੇ ਤਾਂ ਘਰ ਦੀ ਲੜਕੀ ਨੇ ਰੋਕਿਆ।

"ਰੁਕੋ, ਅੰਮਾਂ ਪਕਾਨੇ ਨਹੀਂ ਦੇਗੀ।"

ਸਭ ਬੇ-ਫ਼ਿਕਰ ਹੋ ਗਏ। ...

ਗੁਰੀ ਪਗੜੀ ਉਤਾਰ, ਕਮੀਜ ਪਜਾਮਾਂ ਪਹਿਨ ਬਰਾਮਦੇ ਵਿਚ ਆਇਆ ਤਾਂ ਦੇਖਿਆ ਇਕ ਨੁੱਕਰ ਵਿਚ

ਮੰਦਰ ਬਣਾਇਆ ਹੋਇਆ ਸੀ। ਗੁਰੀ ਵਕਤ ਗੁਜ਼ਾਰਨ ਲਈ ਰਮਾਇਣ ਦੀ ਪੋਥੀ 'ਚੋਂ ਚੌਪਈਆਂ ਗਾਉਣ ਲੱਗਾ। ਪਹਾੜੀ ਚੁੱਪ ਵਿਚ ਅਵਾਜ਼ ਗੂੰਜੀ ਤਾਂ ਨੇੜਲੇ ਘਰਾਂ ਦੀਆਂ ਦੋ ਚਾਰ ਔਰਤਾਂ ਮੱਥਾ ਟੇਕਣ ਆ ਗਈਆਂ। ਸਿਰ 'ਤੇ ਗੰਜ ਅਤੇ ਖੁਲ੍ਹੀ ਦਾੜ੍ਹੀ ਤੋਂ ਗੁਰੀ ਸ਼ਾਇਦ ਪੁਜਾਰੀ ਸਮਝ ਲਿਆ ਗਿਆ ਸੀ। ਗੁਰੀ ਨੂੰ ਸੰਗ ਆ ਗਈ ਅਤੇ ਉਸ ਛੇਤੀ ਨਾਲ ਆਰਤੀ ਪੜ੍ਹਦੇ ਸਮਾਪਤੀ ਕਰ ਦਿੱਤੀ।

ਪਰਤ ਗਈਆਂ ਔਰਤਾਂ ਵਿਚੋਂ ਇਕ ਬੈਠੀ ਰਹੀ ਤਾਂ ਗੁਰੀ ਕਿਹਾ।

"ਆਪ ਬੀ ਜਾਈਏ।"

"ਆਪ ਪੰਡਿਤ ਜੀ ਕੇ ਜਾਨਕਾਰ ਹੈਂ? ਮੈਨੇ ਪਹਿਲੇ ਤੋ ਕਬੀ ਤੁਮੇਂ ਨਹੀਂ ਦੇਖਾ।"

"ਨਹੀਂ ਜੀ ਹਮ ਤੋਂ ਸਰਵੇ ਕਰ ਰਹੇ ਹੈਂ ਹਿਮਾਚਲ ਕਾ। ਲੜਕੀ ਨੇ ਕਹਾ ਨੀਚੇ ਖ਼ਤਰਾ ਹੈ, ਤੋ ਉਪਰ ਚਲੇ ਆਏ। ਸੁਭਾ ਚਲੇ ਜਾਏਂਗੇ।"

"ਕੋਈ ਬਾਤ ਨਹੀਂ, ਖਾਨਾ ਪਕਾਤੀ ਹੂੰ ਮੈਂ।"

ਗੁਰੀ ਨੂੰ ਹੈਰਾਨੀ ਹੋਈ। ਘਰ ਦੀ ਮਾਲਕਿਨ ਸੀ।...

ਭੋਜਨ ਕਰਨ ਬੈਠੇ ਤਾਂ ਸਾਮ੍ਹਣੇ ਬੈਠੀ ਲੜਕੀ ਨੂੰ ਗੁਰੀ ਨੇ ਬਿਜਲੀ ਦੇ ਲਿੱਸੇ ਜਿਹੇ ਚਾਨਣ ਵਿਚ ਗਹੁ ਨਾਲ ਦੇਖਿਆ। ਨਿਰਾ ਮੋਮ ਦਾ ਬੁੱਤ। ਬਿੱਲਕੁਲ ਜਿਵੇਂ ਉਹਦੀ ਧੀ ਸਿਮਰਨ ਹੋਵੇ। ਸਿਮਰਨ ਦਾ ਧਿਆਨ ਆਉਂਦੇ ਹੀ ਪਾਪ-ਬੋਧ ਦਾ ਅਹਿਸਾਸ ਹੋਇਆ। ਪਰ ਉਹਦਾ ਕਾਮੁਕ ਅਤੇ ਕੁੰਠਿਤ ਮਨ ਜਿਸਮ ਦੀਆਂ ਗੁਲਾਈਆਂ ਵਿਚ ਭਟਕੀ ਗਿਆ।

ਲੜਕੀ ਥੋੜ੍ਹੀ ਦੂਰ ਪਿਆ ਬਰਤਨ ਚੁੱਕਣ ਲਈ ਭੋਂਇ 'ਤੇ ਘਿਸਰ ਕੇ ਗਈ ਤਾਂ ਗੁਰੀ ਦੇਖਦਾ ਰਹਿ ਗਿਆ।

ਪਤਾ ਲੱਗਾ ਲੜਕੀ ਦਾ ਨਾਂ ਅਨਾਮਿਕਾ ਸੀ। ਨਿੱਕੀ ਹੁੰਦੀ ਨੂੰ ਮਾਂ ਚੁੱਲ੍ਹੇ ਦੇ ਨਿੱਘ ਨੇੜੇ ਬੋਰੀ 'ਤੇ ਲਿਟਾਅ ਕੇ ਥੋੜ੍ਹੀ ਦੇਰ ਲਈ ਪਰੇ ਚਲੀ ਗਈ ਤਾਂ ਵਿੱਛੀ ਬੋਰੀ ਨੂੰ ਅੱਗ ਲੱਗ ਜਾਣ ਕਾਰਨ ਖੁੱਚਾਂ ਕੋਲੋਂ ਮਾਸ ਸੜ ਕੇ ਕੱਠਾ ਹੋ ਗਿਆ। ਹੁਣ ਖੜ੍ਹੀ ਨਹੀਂ ਸੀ ਹੋ ਸਕਦੀ।

ਗੁਰੀ ਅੱਖਾਂ ਭਰ ਆਇਆ। ਰੂਬੀ ਸਿੰਘ ਤਾਂ ਰੋਣ ਹੀ ਲੱਗੀ।

ਪਤਾ ਲੱਗਾ ਘਰ ਵਿਚ ਅਨਾਮਿਕਾ ਅਤੇ ਉਸਦੀ ਮਾਂ ਦੇਵਕੀ, (ਪੰਡਿਤ ਬਦਰੀ ਪ੍ਰਸਾਦ ਦੀ ਵਿਧਵਾ) ਹੀ ਸਨ। ਵੱਡੀ ਧੀ ਸ਼ਾਲਿਨੀ ਨਾਨਕੇ ਪੜ੍ਹ ਰਹੀ ਸੀ। ਪੱਲਮ ਦੇ ਪੰਜ ਰੁੱਖ, ਢਾਈ ਬਿਘੇ ਖੇਤ ਅਤੇ ਇਹ ਪੁਸ਼ਤੈਨੀ ਘਰ ਉਹਨਾਂ ਦੀ ਸੰਪਤੀ ਸੀ। ਮਾਂ ਧੀ ਪਿੰਡ 'ਚੋਂ ਮੰਗ ਕੇ ਗੁਜਰ ਕਰਦੀਆਂ। ਅੱਜ ਮਹਿਮਾਨਾਂ ਕਾਰਨ ਘਰ ਵਿਚ ਭੋਜਨ ਪੱਕਿਆ।

"ਆਪ ਨੇ ਐਸੇ ਕਿਉਂ ਕੀਆ ? ਹਮਾਰੇ ਪਾਸ ਤੋ ਖਾਨੇ ਕੇ ਲੀਏ ਥਾ ?"

"ਤੋ ਕਿਆ...ਅਤਿਥੀ ਕੋ ਭਗਵਾਨ ਮਾਨਤੇ ਹੈਂ ਹਮ। ਭਗਵਾਨ ਕੋ ਮਾਂਗ ਕਰ ਖਿਲਾਤੇ ?"

ਗੁਰੀ ਦੇ ਮਨ ਅਨਾਮਿਕਾ ਅਟਕ ਗਈ। ਇਸਦੇ ਬਾਵਜੂਦ ਉਹ ਸਿਮਰਨ ਜਿਹੀ ਸੀ। ਉਹੋ ਨੈਣ ਨਕਸ਼। ਉਹੋ ਰੰਗ ਰੂਪ।

"ਇਲਾਜ ਕਿਉਂ ਨਹੀਂ ਕਰਵਾਇਆ ?"

"ਕੈਸੇ ਹੋਤਾ, ਛੋਟਾ ਸਾ ਗਾਉਂ। ਚੰਦ ਜਜਮਾਨ । ਉਪਰ ਸੇ ਬੜੀ ਬੇਟੀ ਕੀ ਪੜ੍ਹਾਈ। ਇਸੀ ਬਾਤ ਕੋ ਲੇਕਰ ਵੋਹ ਚਲੇ ਗਏ।

ਦੇਵਕੀ ਮਰ ਗਏ ਪਤੀ ਲਈ ਅੱਖਾਂ ਭਰ ਆਈ।

ਗੁਰੀ ਨੂੰ ਨੀਂਦ ਨਾ ਪਈ। ਸਾਰੀ ਰਾਤ ਅਨਾਮਿਕਾ ਦਾ ਨਿਰਛਲ ਚਿਹਰਾ। ਉਠਦਾ ਜੋਬਨ। ਘਰ ਦੀ ਹਾਲਤ, ਅਤੇ ਦੇਵਕੀ ਦਾ ਰੁਦਨ ਅੱਖਾਂ ਤੋਂ ਓਝਲ ਨਾ ਹੋਇਆ। ਗੁਰੀ ਦੇ ਬਦ-ਇਖ਼ਲਾਕ ਮਨ 'ਚ ਆਈ, ਜੇਕਰ ਮੈਂ ਅਨਾਮਿਕਾ ਲਈ ਕੁਝ ਕਰਾਂ ਤਾਂ ਵਿਆਜ ਸਮੇਤ ਮੁੜ ਸਕਦਾ ਸੀ।

ਸਵੇਰੇ ਉੱਠਦੇ ਨੇ ਕਿਹਾ।

"ਆਪ ਇਲਾਜ ਕਰਾਓ, ਮੈਂ ਮਦਦ ਕਰੂੰਗਾ।"

"ਆਪ ?" ਦੇਵੀਕ ਹੈਰਾਨ ਹੋਈ।

"ਕੱਲ੍ਹ ਆਪ ਨੇ ਹੀ ਤੋ ਕਹਾ, ਅਤਿਥੀ ਭਗਵਾਨ ਹੈ। ਭਗਵਾਨ ਇਤਨਾਂ ਬੀ ਨਹੀਂ ਕਰ ਸਕਤਾ ਕਿਆ।"

"ਨਹੀਂ ਜੀ ਐਸੇ ਮਦਦ ਨਹੀਂ ਲੇ ਸਕਤੇ ਹਮ।"

"ਮਤ ਲੋ। ਜਬ ਹੋ, ਲੌਟਾਅ ਦੇਨਾਂ।"

ਗੱਲ ਫੈਲੀ ਤਾਂ ਪਿੰਡ ਦੇ ਕੁਝ ਲੋਕ ਤੁਰੇ ਆਏ।

"ਆਪ ਕਿਉਂ ਕਰੇਂਗੇ ਐਸਾ ?" ਉਨ੍ਹਾਂ ਕਿਹਾ।

"ਤੁਮ ਕਰ ਦੋ, ਤੁਮਾਰੇ ਪ੍ਰੋਹਿਤ ਕੀ ਬੇਟੀ ਹੈ।"

ਉਹ ਨਿਰ-ਉੱਤਰ ਹੋਏ ਤਾਂ ਗੁਰੀ ਖੁਸ਼ ਹੋਇਆ। ਅਨਾਮਿਕਾ ਉਹਦੀ ਝੋਲੀ 'ਚ ਪੈ ਰਹੀ ਸੀ।

ਅਗਲੇ ਕੁਝ ਮਹੀਨਿਆਂ ਵਿਚ ਅਨਾਮਿਕਾ ਦੇ ਇਲਾਜ ਤੇ ਜਿਤਨਾ ਪੈਸਾ ਖਰਚ ਹੋਇਆ। ਗੁਰੀ ਉਸਨੂੰ ਡਢਾ ਦੂਣਾ ਦੱਸਣ ਵਿਚ ਕਾਮਯਾਬ ਰਿਹਾ। ਅਪ੍ਰੇਸ਼ਨ ਵੱਡੇ ਨਹੀਂ ਸਨ। ਗੁਰੀ ਨੇ ਸਾਬਤ ਕਰ ਦਿੱਤੇ। ਖੁੱਚਾਂ ਕੋਲੋਂ ਸੁੰਗੜਿਆ ਮਾਸ ਕੱਟ ਦਿੱਤਾ ਗਿਆ ਅਤੇ ਹੱਡੀਆਂ ਨਾਲ ਮਾਮੂਲੀ ਛੇੜ-ਛਾੜ ਕਰਕੇ ਅਨਾਮਿਕਾ ਤੁਰਦੀ ਕਰ ਦਿੱਤੀ ਗਈ ਸੀ। ਤੀਮਾਰਦਾਰੀ ਦੀ ਓਟ ਵਿਚ ਅਨਾਮਿਕਾ ਨੂੰ ਲਿਟਾਉਂਦੇ, ਬਿਠਾਉਂਦੇ, ਉਠਾਉਂਦੇ ਅਤੇ ਤੋਰਦੇ ਗੁਰੀ ਉਸਦੇ ਬਹੁਤ ਨੇੜੇ ਚਲਿਆ ਗਿਆ। ਪਰ ਮੌਸਮ ਦੇ ਪ੍ਰਕੋਪ ਨੇ ਗੁਰੀ ਦੇ ਸਭ ਮਨਸੂਬੇ ਢੇਰੀ ਕਰ ਕੇ ਰੱਖ ਦਿੱਤੇ।

ਬਰਫ਼ਬਾਰੀ ਕਾਰਨ ਸਰਵੇ ਬਿਲਾਸਪੁਰ ਤਬਦੀਲ ਕਰ ਦਿੱਤਾ ਗਿਆ।

ਇਸ ਦੌਰਾਨ ਗੁਰੀ ਨੇ ਦੁਰਘੱਟੀ ਦੇ ਇਕ ਬ੍ਰਾਹਮਣ ਮੁੰਡੇ ਨਾਲ ਅਨਾਮਿਕਾ ਦੇ ਵਿਆਹ ਬਾਰੇ ਸੁਣਿਆ। ਸ਼ਮੂਲੀਅਤ ਲਈ ਵਿਆਹ ਦਾ ਸੱਦਾ ਪੱਤਰ ਵੀ ਮਿਲਿਆ।

ਗੁਰੀ ਗਿਆ ਨਹੀਂ। ਜਦ ਅਨਾਮਿਕਾ ਹੱਥ ਹੀ ਨਹੀਂ ਸੀ ਆ ਰਹੀ ਤਾਂ ਜਾਣਾ ਕੀ।

ਇਕ ਹੋਰ ਔਰਤ ਉਹਦੇ ਬਿਸਤਰ ਤੱਕ ਆਉਂਦੀ ਆਉਂਦੀ ਰਹਿ ਗਈ।

...

ਸਾਲ ਬਾਦ ਸਰਵੇ ਦੇ ਦੂਜੇ ਗੇੜ ਵਿਚ ਗੁਰੀ ਪੂਰੀ ਟੀਮ ਨਾਲ ਭਰਮੌਰ ਗਿਆ। ਇਕ ਦਿਨ ਨਾ ਚਾਹੁੰਦੇ ਕਕਰੋਟਾ ਚਲਾ ਗਿਆ।

ਦੇਵਕੀ ਗੁਜ਼ਰ ਚੁਕੀ ਸੀ। ਘਰ ਵਿਚ ਕੇਵਲ ਸ਼ਾਲਿਨੀ ਸੀ। ਰੂਪ ਅਤੇ ਜੋਬਨ ਨਾਲ ਰਸੀ। ਕਿਸੇ ਸਕੂਲ ਵਿਚ ਅਧਿਆਪਕਾ ਸੀ। ਗੁਰੀ ਨੂੰ ਲੱਗਾ, ਅਨਾਮਿਕਾ ਤਾਂ ਇਸਦੇ ਪਾਸਕੂ ਵੀ ਨਹੀਂ ਸੀ।

ਸ਼ਾਲਿਨੀ ਜਿਸ ਮੋਹ ਪਿਆਰ ਅਤੇ ਆਦਰ ਨਾਲ ਮਿਲੀ, ਗੁਰੀ ਦੰਗ ਰਹਿ ਗਿਆ। ਲੱਗਾ, ਉਹ ਵਰ੍ਹਿਆਂ ਤੋਂ ਗੁਰੀ ਨੂੰ ਜਾਣਦੀ ਸੀ। ਸੂਚਨਾਂ ਮਿਲਦੇ ਪਿੰਡ ਦੇ ਲੋਕ ਵੀ ਚਲੇ ਆਏ। ਉਹਨਾਂ ਦੱਸਿਆ, ਸ਼ਾਲਿਨੀ ਖੁਦ ਗੁਰੀਏ ਨੂੰ ਮਿਲਣ ਵਾਲੀ ਸੀ। ਉਹ ਗੁਰੀ ਦਾ ਸਿਰਨਾਵਾਂ ਵੀ ਤਲਾਸ਼ ਕਰ ਚੁੱਕੀ ਸੀ ਅਤੇ ਗੁਰੀਏ ਦੀਆਂ ਧੀਆਂ ਨੂੰ ਉਨ੍ਹਾਂ ਦੇ ਪਿਤਾ ਵੱਲੋਂ ਕੀਤੇ ਉਪਕਾਰ ਬਾਰੇ ਖ਼ਤ ਵੀ ਲਿਖ ਚੁੱਕੀ ਸੀ। ਗੁਰੀ ਨੂੰ ਪੰਜਾਬ ਜਾਣ 'ਤੇ ਇਸ ਖ਼ਤ ਬਾਰੇ ਪਤਾ ਲੱਗਣਾ ਸੀ।

ਸ਼ਾਲਿਨੀ ਨੂੰ ਛਾਤੀ ਨਾਲ ਲਾਉਂਦੇ ਗੁਰੀ ਦਾ ਹਉਕਾ ਨਿਕਲ ਗਿਆ। ਕਾਸ਼! ਮੈਂ ਤੇਰੇ ਲਈ ਕੁਝ ਕੀਤਾ ਹੁੰਦਾ। ਸ਼ਾਲਿਨੀ ਨੂੰ ਇਹ ਪਤਾ ਲਗਣ 'ਤੇ ਕਿ ਗੁਰੀ ਪਿਛਲੇ ਦੋ ਮਹੀਨਿਆਂ ਤੋਂ ਭਰਮੌਰ ਵਿਚ ਸੀ, ਖ਼ਫ਼ਾ ਹੋ ਗਈ।

''ਗ਼ਲਤ ਕੀਆ, ਅਪਨਾ ਘਰ ਛੋੜ ਕਰ ਵਹਾਂ ਰਹਿਨੇ ਚਲੇ ਗਏ। ਦੇਖੋ, ਜਬ ਤੱਕ ਹੋ, ਇਧਰ ਰਹੇਂਗੇ ਆਪ।''

ਸ਼ਾਲਿਨੀ ਫੈਸਲਾਕੁਨ ਲਜਿਹੇ 'ਚ ਕਿਹਾ ਤਾਂ ਗੁਰੀ ਝੂਮ ਉੱਠਿਆ। ਵਾਹ ਰੀ ਕਿਸਮਤ। ਸਭ ਕੁਝ ਵਿਆਜ ਸਮੇਤ ਮਿਲਣ ਵਾਲਾ ਸੀ।

...

ਪਿਛਲੇ ਪੰਦਰਾਂ ਦਿਨਾਂ ਤੋਂ ਗੁਰੀ ਸ਼ਾਲਿਨੀ ਦੇ ਘਰ ਸੀ। ਕੰਡਿਆਂ 'ਤੇ ਲਿਟਦਾ ਹੋਇਆ ਹਰ ਰਾਤ ਆਉਂਦਾ ਅਤੇ ਤੜਪ ਕੇ ਪਰਤ ਜਾਂਦਾ। ਇਕ ਪਾਸੇ ਸ਼ਾਲਿਨੀ ਦਾ ਸੇਕ, ਦੂਜੇ ਪਾਸੇ ਆਪੇ ਨੂੰ ਕੱਜ ਕੇ ਰੱਖਣ ਦਾ ਤਣਾਓ।

ਉਹਦੀ ਚੰਗੀ ਕਿਸਮਤ ਇਹ ਹਾਲਤ ਬਹੁਤੀ ਦੇਰ ਨਾ ਰਹੀ।

ਸ਼ਾਲਿਨੀ ਖੁਦ ਹੀ ਇਤਨਾ ਖੁੱਲ੍ਹਦੀ ਚਲੀ ਗਈ। ਗੁਰੀ ਨੂੰ ਆਪਾ ਕੱਜਣ ਦੀ ਲੋੜ ਹੀ ਨਾ ਪਈ। ਹਰ ਸ਼ਾਮ ਸ਼ਾਲਿਨੀ ਗੁਰੀ ਨੂੰ ਉਡੀਕ ਰਹੀ ਹੁੰਦੀ। ਰੋਟੀ, ਨਾਸ਼ਤਾ, ਨਹਾਉਣ ਲਈ ਗਰਮ ਪਾਣੀ, ਚਾਹ, ਕੌਫ਼ੀ। ਗੁਰੀ ਹੈਰਾਨ, ਗੁਰੀ ਦੀ ਨਿੱਕੀ ਤੋਂ ਨਿੱਕੀ ਲੋੜ ਬਾਰੇ ਸ਼ਾਲਿਨੀ ਜਾਣਦੀ ਸੀ। ਫਿਰ ਪਤਾ ਲੱਗਾ, ਗੁਰੀਏ ਦੀਆਂ ਧੀਆਂ ਨਾਲ ਖਤੋ-ਖਿਤਾਬਤ ਤੋਂ ਜਾਣਿਆ।

ਸ਼ਾਲਿਨੀ ਦੇ ਕੰਮਾਂ ਵਿਚਲੇ ਚਾਅ ਗੁਰੀਏ ਨੂੰ ਹੈਰਾਨ ਕਰਦੇ। ਦੇਰ ਤੱਕ ਗੁਰੀਏ ਦੇ ਬਿਸਤਰ ਵਿਚ ਬੈਠੀ ਅੰਮਾ ਅਤੇ ਅਨਾਮਿਕਾ ਬਾਰੇ ਗੱਲਾਂ ਕਰੀ ਜਾਂਦੀ। ਖੁੱਲ੍ਹੇ ਅਤੇ ਰਾਤਰੀ ਪਹਿਰਾਵੇ ਵਿਚੋਂ ਸ਼ਾਲਿਨੀ ਦਾ ਜੋਬਨ ਡੁੱਲ੍ਹ-ਡੁੱਲ੍ਹ ਪੈਂਦਾ। ਸ਼ਾਲਿਨੀ ਬਹੁਤ ਕਰੀਬ ਆ ਗਈ ਤਾਂ ਪੁੱਛਿਆ।

''ਤੂੰ ਸ਼ਾਦੀ ਕਿਉਂ ਨਹੀਂ ਕਰ ਰਹੀ ?''

''ਅਬੀ ਨਹੀਂ।''

''ਕਿਉਂ ?''

''ਮਰਤੇ ਬਖ਼ਤ ਅੰਮੀ ਨੇ ਕਹਾ, ਸ਼ਾਲਿਨੀ ਬੜੀ ਹੋ ਤੁਮ। ਸਭ ਕੀ ਪਾਈ ਪਾਈ ਚੁਕਾਨਾ। ਅਪਨੇ ਬਾਰੇ ਤਬ ਸੋਚਨਾਂ।''

''ਬੱਸ ਇਤਨੀ ਸੀ ਬਾਤ ? ਬੋਲੋ ਕਿਤਨਾਂ ਚਾਹੀਏ?''

''ਅਰੇ ਨਹੀਂ। ਅਬੀ ਤੋਂ ਪਹਿਲੇ ਕਾ ਬੋਝਾ ਹੈ ਸਰ ਪਰ।''

ਗੁਰੀ ਨੂੰ ਠੰਡ ਪਈ। ਸ਼ਾਲਿਨੀ ਨੂੰ ਅਨਾਮਿਕਾ ਵਾਲਾ ਅਹਿਸਾਨ ਚੇਤੇ ਸੀ।

ਸ਼ਾਲਿਨੀ ਕਈ ਦਿਨ ਗੁਰੀਏ ਦੇ ਕਮਰੇ ਵੱਲ ਨਾ ਆਈ ਤਾਂ ਗੁਰੀਏ ਦਾ ਮੱਥਾ ਠਣਕਿਆ। ਕਿੱਥੇ ਗ਼ਲਤੀ ਹੋਈ। ਸਮਝ ਨਾ ਲੱਗੀ ਤਾਂ ਬਰਦਾਸ਼ਤ ਨਾ ਹੋਇਆ। ਇਕ ਰਾਤ ਗੁਰੀਏ ਸ਼ਾਲਿਨੀ ਦਾ ਦਰਵਾਜ਼ਾ ਖੜਕਾਇਆ।

''ਅਰੇ ਆਪ ? ਕਿਆ ਹੂਆ ?''

''ਸਰਦੀ ਲੱਗ ਰਹੀ ਬਹੁਤ। ਕੋਈ ਕੰਬਲ ਹੈ ਫਾਲਤੂ?''

ਸ਼ਾਲਿਨੀ ਇਕ ਪਲ ਸੋਚਿਆ ਅਤੇ ਕਿਹਾ।

''ਅਪਨਾ ਕੰਬਲ ਉਠਾਓ ਔਰ ਇਧਰ ਚਲੇ ਆਓ।''

ਗੁਰੀ ਤ੍ਰਭਕਿਆ। ਉਸਨੂੰ ਐਸੇ ਸੱਦੇ ਦੀ ਉਮੀਦ ਨਹੀਂ ਸੀ।

''ਅਰੇ ਆਈਏ, ਠੰਡ ਲੱਗ ਜਾਏਗੀ।''

ਗੁਰੀ ਦੇ ਪੈਰ ਜ਼ਮੀਨ 'ਤੇ ਨਹੀਂ ਸਨ। ਸ਼ਾਲਿਨੀ ਗੁਰੀ ਦੇ ਹੱਥ ਪੈਰ ਛੋਹ ਕੇ ਦੇਖੇ ਤਾਂ ਤ੍ਰਭਕੀ।

''ਕਹਾਂ ਹੈ ਠੰਡੀ ? ਹਾਥ ਪਾਉਂ ਤੋਂ ਗਰਮ ਹੈਂ।''

ਗੁਰੀਏ ਨੂੰ ਲੱਗਾ, ਚੋਰੀ ਫੜੀ ਗਈ। ਉਹ ਫਰਜ਼ੀ ਕੰਬਣ ਲੱਗਾ।

ਸ਼ਾਲਿਨੀ ਨੇ ਜ਼ਮੀਨ 'ਤੇ ਵਿੱਛੇ ਬਿਸਤਰ 'ਤੇ ਇਕ ਪਾਸੇ ਥਾਂ ਬਣਾਉਂਦੇ ਕਿਹਾ। ''ਲੇਟੀਏ !'' ਅਤੇ ਗੁਰੀਏ ਦੁਆਲੇ ਕੰਬਲ ਲਪੇਟ ਕੇ ਬਰਾਬਰ ਲੇਟ ਗਈ।

ਸ਼ਾਲਿਨੀ ਜਾਗ ਰਹੀ ਸੀ। ਗੁਰੀਏ ਦੀ ਅਚਵੀ ਦੇਖ ਕਿਹਾ।

''ਨੀਂਦ ਨਹੀਂ ਆ ਰਹੀ ?''

''ਹੂੰ !''

''ਸਰਦੀ ਲੱਗ ਰਹੀ ?''

''ਕੋਈ ਬਾਤ ਨਹੀਂ। ਨਈ ਜਗਹੇ ਹੋਤਾ ਹੈ ਐਸੇ।''

ਥੋੜ੍ਹੀ ਦੇਰ ਬਾਦ ਲੱਗਾ, ਸ਼ਾਲਿਨੀ ਸੌਂ ਗਈ। ਗੁਰੀਆ ਉੱਠ ਖਲੋਤਾ, ਅਤੇ ਸ਼ਾਲਿਨੀ ਨੂੰ ਲਗਾਤਾਰ ਨਿਹਾਰਦਾ ਸੋਚਣ ਲੱਗਾ, ਐਸੀ ਹਾਲਤ ਵਿਚ ਕੋਈ ਸੌਂ ਕਿਵੇਂ ਸਕਦਾ ਸੀ।

...

ਦੂਸਰੀ ਸ਼ਾਮ ਗੁਰੀ ਕਕਰੋਟਾ ਆਉਂਦਾ ਬੇਹੱਦ ਉਤੇਜਤ ਸੀ। ਸ਼ਾਲਿਨੀ ਦਾ ਬੇਝਿਜਕ ਸੱਦਾ; ਬਰਾਬਰ ਸੌਣਾ ਖੁੱਲ੍ਹਾ ਸੰਕੇਤ ਸੀ। ਇਕ ਕੁਆਰੀ ਕੁੜੀ ਇਸ ਤੋਂ ਵੱਧ ਕੀ ਕਰ ਸਕਦੀ ਸੀ। ਹੁਣ ਉਸਦੀ ਵਾਰੀ ਸੀ।

ਕਕਰੋਟਾ ਪਹੁੰਚ ਉਸ ਕਾਰ ਦੀਆਂ ਬੱਤੀਆਂ ਬੁਝਾਅ ਦਿੱਤੀਆਂ। ਸ਼ਾਲਿਨੀ ਨੇ ਹੀ ਦੱਸਿਆ ਸੀ। ਖਲੋਤੀ ਕਾਰ ਦੀ ਰੌਸ਼ਨੀ ਜਦੋਂ ਪਹਾੜੀ ਨਾਲ ਟਕਰਾਅ ਕੇ ਦੰਦੀ 'ਤੇ ਉੱਗੇ ਰੁੱਖਾਂ ਦੀਆਂ ਟਾਹਣੀਆਂ ਵਿਚੋਂ ਝਰਦੀ ਸੀ ਤਾਂ ਉਪਰ ਆਉਣ ਤੋਂ ਪਹਿਲਾਂ ਹੀ ਗੁਰੀਏ ਦੇ ਆਉਣ ਦਾ ਪਤਾ ਲੱਗ ਜਾਂਦਾ ਸੀ।

ਗੁਰੀ ਜੋਸ਼ ਨਾਲ ਪਗਡੰਡੀ ਚੜ੍ਹਿਆ। ਬਰਾਮਦੇ ਵਿਚ ਆਇਆ ਤਾਂ ਠਿਠਕਿਆ।

ਕੋਠੜੀ ਵਿਚ ਸ਼ਾਲਿਨੀ ਅਤੇ ਅਨਾਮਿਕਾ ਬੋਲ ਰਹੀਆਂ ਸਨ। ਅਨਾਮਿਕਾ ਦੇ ਇੰਜ ਅਚਾਨਕ ਆਉਣ ਤੇ ਉਹ ਕੁਝ ਉੱਖੜ ਗਿਆ ਅਤੇ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣਨ ਲੱਗਾ।

''ਗਿਨ ਲੀਏ ?'' ਸ਼ਾਲਿਨੀ ਕਹਿ ਰਹੀ ਸੀ।

''ਹਾਂ ਦੀਦੀ !'' ਅਨਾਮਿਕਾ ਬੋਲੀ।

''ਦੇਖ ਅੰਨੂ ਅੰਮਾ ਨੇ ਜਿਤਨੇ ਬਤਾਏ ਮੈਨੇ ਕਰ ਦੀਏ।''

''ਪੈਸੋਂ ਕੇ ਬਾਰੇ ਤੋ ਅੰਮਾਂ ਹੀ ਜਾਨਤੀ ਥੀ। ਅੰਮਾ ਨੇ ਜਿਤਨੇ ਬੋਲੇ ਮੈਨੇ ਤੁਮੇ ਬਤਾਅ ਦੀਏ। ਹਾਂ, ਮੈਨੇ ਏਕ ਸਵਾਟਰ ਬੁਨਾ ਹੈ ਉਨਕੇ ਲੀਏ । ਬੋਲੋ ਤੋ ਦੇ ਦੂੰ ?''

''ਤੁਮ ਦੇਖੋ !'' ਸ਼ਾਲਿਨੀ ਜਿਵੇਂ ਹਉਕਾ ਲਿਆ।

''ਦੀਦੀ ਵੋਹ ਆਏਂਗੇ ਨਾ ਜਰੂਰ ।''

''ਹਾਂ ਆਤੇ ਹੈਂ ਹਰ ਰੋਜ਼। ਆਜ ਬੀ ਆਏਂਗੇ।''

ਥੋੜ੍ਹੀ ਦੇਰ ਲਈ ਚੁੱਪ ਪੱਸਰ ਗਈ। ਸ਼ਾਲਿਨੀ ਕਿਹਾ।

''ਅਨੂੰ ਜਬ ਸੇ ਵੋਹ ਯਹਾਂ ਹੈਂ, ਮੁਝੇ ਲਗਾ ਮੈਂ ਪਾਪਾ ਕੇ ਸਾਥ ਹੂੰ। ਕੱਲ੍ਹ ਰਾਤ ਬੋਲੇ ਸਰਦੀ ਲਗ ਰਹੀ ਬਹੁਤ। ਮੈਨੇ ਪਾਸ ਬੁਲਾਇਆ। ਸਾਥ ਸੋ ਗਈ ਮੈਂ। ਪਾਪਾ ਕੇ ਬਿਸਤਰ ਮੇ ਐਸੇ ਹੀ ਘੁਸ ਜਾਤੀ ਥੀ ਮੈਂ। ਮਸਤ ਨੀਂਦ ਆਤੀ। ਲੇਕਿਨ ਕੱਲ੍ਹ ਰਾਤ ਨੀਂਦ ਨਹੀਂ ਆਈ। ਸੋਨੇ ਕਾ ਬਹਾਨਾ ਕੀਆ। ਅਚਾਨਕ ਲਗਾ, ਮੈਂ ਪਾਪਾ ਕੇ ਬਿਸਤਰ ਪੇ ਨਹੀਂ ਹੂੰ।''

''ਤੁਮ ਕੁਛ ਭੀ ਬੋਲੋ ਦੀਦੀ ! ਲੇਕਿਨ ਮੈਂ ਭਗਵਾਨ ਮਾਨਤੀ ਹੂੰ ਉਨ੍ਹੇ। ਪਾਪਾ ਕੀ ਤਰਹੇ ਪਗੜੀ। ਦਾੜ੍ਹੀ। ਗਲੇ ਲਗਾਨਾ। ਮਿਲੇਂਗੇ ਤੋ ਪਾਉਂ ਪੜੂੰਗੀ ਉਨਕੇ।''

ਗੁਰੀ ਨੂੰ ਲੱਗਾ, ਉਹ ਗ਼ਲਤ ਸਮੇਂ ਆ ਗਿਆ। ਕਿਸੇ ਦੂਜੇ ਮੌਕੇ ਦੀ ਆਸ ਵਿਚ ਬਿਨਾਂ ਖੜ੍ਹਕਾ ਕੀਤੇ ਦੱਬੇ ਪੈਰੀਂ ਪਰਤ ਆਇਆ।

...

ਅਗਲੇ ਕੁਝ ਦਿਨ ਗੁਰੀ ਦੇ ਕਕਰੋਟਾ ਜਾਣ ਦਾ ਸਬਬ ਨਾ ਬਣਿਆ। ਇਕ ਦਿਨ ਅਚਾਨਕ ਪਤਨੀ ਵੱਲੋਂ ਫੌਰਨ ਘਰ ਆਉਣ ਬਾਰੇ ਖ਼ਤ ਮਿਲਿਆ।

ਗੁਰੀ ਘਰ ਆਇਆ। ਚਾਹ ਪੀਂਦੇ ਨੂੰ ਉਸਦੀ ਵੱਡੀ ਧੀ ਸਿਮਰਨ, ਇਕ ਮਨੀਆਰਡਰ ਸਮੇਤ ਖ਼ਤ ਫੜਾਇਆ। ਗੁਰੀ ਘਾਬਰ ਕੇ ਖ਼ਤ ਪੜ੍ਹਨ ਲੱਗਾ।

''ਯੇਹ ਅਨਾਮਿਕਾ ਪੇ ਖਰਚ ਕੀਏ ਪੈਸੇ ਹੈਂ। ਰੱਖ ਲੋਗੇ ਤੋ ਚੈਨ ਸੇ ਰਹਿ ਪਾਉਗੇ। ਦੁਬਾਰਾ ਕਬੀ ਕਕਰੋਟਾ ਮਤ ਆਨਾ। ਜਿਸ ਰਾਤ ਆਪ ਕੋ ਸਰਦੀ ਲਗੀ; ਉਸੀ ਰਾਤ ਏਕ ਰਿਸ਼ਤਾ ਜਲ ਗਯਾ। ਅੱਛਾ ਹੂਆ ਤੁਮ ਅੰਨੂ ਕੋ ਮਿਲੇ ਨਹੀਂ। ਭਗਵਾਨ ਮਾਨਤੀ ਹੈ ਤੁਮੇਂ। ਲੇਕਿਨ ਉਸੇ ਕਿਆ ਪਤਾ ਤੁਮ ਭਗਵਾਨ ਕੇ ਭੇਸ ਮੇਂ ਕਿਆ ਹੋ।''


ਅਚਾਨਕ ਸਿਮਰਨ ਸਿਰ ਤੇ ਆ ਖੜ੍ਹੀ, ਗੁਰੀਏ ਖ਼ਤ ਲੁਕਾਅ ਲਿਆ। ਸਿਮਰਨ ਤ੍ਰਿਸਕਾਰ ਨਾਲ ਦੇਖਿਆ ਅਤੇ ਕਿਹਾ।


''ਕੋਈ ਫ਼ਾਇਦਾ ਨਹੀਂ ਪਾਪਾ ! ਅਸੀਂ ਖ਼ਤ ਪੜ੍ਹ ਲਿਆ।''


ਗੁਰੀ ਮਿੱਟੀ ਸੀ।


**98761-83063**

**(ਰਚਨਾਕਾਲ : ਦਸੰਬਰ 1977)**



## ਕਵਿਤਾਵਾਂ / ਸੁਰਜੀਤ (ਕੈਨੇਡਾ)

### ਤਸਵੀਰ

ਕੰਧ 'ਤੇ ਲੱਗੀ ਤਸਵੀਰ ਵੱਲ
ਟਿਕਟਿਕੀ ਲਗਾ ਕੇ
ਵੇਖ ਰਹੀ ਹਾਂ-

ਤੇਰੇ ਹੱਥ ਰੈੱਡ ਵਾਈਨ
ਦਾ ਗੌਬਲੈੱਟ
ਮੇਰੇ ਹੱਥ 'ਐਪਲ ਸਾਈਡਰ'
ਦਾ ਪੀਲਾ ਮੱਗ-
'ਨਿਆਗਰਾ ਆਨ ਦਾ ਲੇਕ'
ਟਾਊਨ ਦੇ
ਰੈਸਟੋਰਾਂ ਵਿਚ ਬੈਠੇ
ਅਸੀਂ ਦੋਵੇਂ
ਕ੍ਰਿਸਮਸ ਦਾ
ਜਸ਼ਨ ਮਨਾ ਰਹੇ ਹਾਂ...

ਪਿਆਲੇ ਆਪਸ ਵਿਚ
ਟਕਰਾਉਂਦੇ ਹਨ;
'ਚੀਅਰਜ਼' !
ਤੂੰ ਮੇਰੇ ਵੱਲ ਵੇਖ ਰਿਹੈਂ
ਮੈਂ ਖਲਾਅ ਵਿਚ ਤੱਕ ਰਹੀ ਹਾਂ,
ਤੇਰੇ ਬੁੱਲ੍ਹਾਂ 'ਤੇ ਇਕ
ਸਹਿਜ ਮੁਸਕਾਨ ਹੈ
ਤੇ ਮੇਰੀ ਮੁਸਕਾਨ ਵਿਚ
ਕੈਮਰੇ ਦੀ ਅੱਖ ਦਾ ਫ਼ਿਕਰ !

ਆਲੇ-ਦੁਆਲੇ ਅਜਬ ਜਲੌਅ-
'ਕ੍ਰਿਸਮਸ ਦੀ ਡੈਕੋਰੇਸ਼ਨ'
ਲਾਲ ਹਰੇ ਲਟਕਦੇ 'ਰੀਥ'
ਰੰਗ-ਬਿਰੰਗੀਆਂ
ਰੌਸ਼ਨੀਆਂ ਦੇ ਮਰਕੱਜ਼-
ਸਾਹਮਣੇ ਲੱਗੇ ਸ਼ੀਸ਼ੇ ਦੇ ਪਾਰ ਦਿਸਦੇ
ਪਿੱਠ ਤੇ ਚਿਪਕੇ ਕਈ ਹੋਰ ਚਿਹਰੇ-

ਤਸਵੀਰ ਵਿਚ ਸਿਮਟਿਆ
ਬਹੁਤ ਕੁਛ ਹੈ ਹੋਰ
ਅਦਿੱਖ...
ਜੋ ਠਹਿਰਿਆ ਹੋਇਆ ਹੈ ਕਿਤੇ
ਪਿਛਾਂਹ
ਬਹੁਤ ਦੂਰ-
ਕਿੱਲੀ 'ਤੇ ਪੁੱਠਾ ਲਟਕਿਆ ਵਕਤ
ਲੰਮੀਆਂ ਪਗਡੰਡੀਆਂ
ਧੁੱਪਾਂ-ਛਾਵਾਂ ਦੇ ਪਰਛਾਵੇਂ
ਹਾਸੇ ਤੇ ਉਦਰੇਵੇਂ !

ਤਸਵੀਰ ਵਿਚ ਹੁਸਨ ਹੈ
ਠਹਿਰਿਆ ਹੋਇਆ ਸਮਾਂ ਹੈ
ਖ਼ੂਬਸੂਰਤ ਜ਼ਿੰਦਗੀ ਧੜਕਦੀ ਹੈ-
ਜੋ ਵਾਪਰ ਰਹੀ ਹੈ 'ਹੁਣ'
ਤੇ ਵਾਪਰਦੀ ਰਹੇਗੀ
ਸਦਾ ਇਵੇਂ ਹੀ!

### ਕਮਰੇ-ਬੰਦ ਜੰਗਲ

ਬਹੁਤ ਖ਼ਾਮੋਸ਼ ਹੈ ਇਹ ਕਮਰਾ
ਬੜੀ ਉਦਾਸ ਹੈ ਇਸਦੀ ਫ਼ਿਜ਼ਾ
ਕੰਧਾਂ 'ਤੇ ਤਸਵੀਰਾਂ ਵਾਂਗ
ਲਟਕੇ ਨੇ ਹਾਦਸੇ
ਬਰਫ਼ ਬਣ ਬਾਰੀਆਂ 'ਤੇ
ਜੰਮ ਗਏ ਨੇ ਕਹਿਕਹੇ...

ਬੂਹੇ 'ਤੇ ਕੁਛ ਹਰਫ਼
ਲਿਖੇ ਨੇ ਇਸ ਤਰ੍ਹਾਂ
ਬਿਖਰੇ ਹੁੰਦੇ ਨੇ ਵਾਲ਼
ਬਿਰਹਨ ਦੇ ਜਿਸ ਤਰ੍ਹਾਂ!
ਬਹੁਤ ਖ਼ਾਮੋਸ਼ ਹੈ ਇਹ ਕਮਰਾ
ਬੜੀ ਉਦਾਸ ਹੈ ਇਸਦੀ ਫ਼ਿਜ਼ਾ
ਸ਼ਾਇਦ ਇਕੱਲਾ ਕੋਈ
ਇਸ ਦੇ ਗਲ਼ ਲੱਗ ਕੇ ਰੋਂਦਾ ਰਿਹੈ
ਤੇ ਸਿਸਕ ਕੇ ਪੁੱਛਦਾ ਰਿਹੈ-
ਨਾ ਮੈਂ ਅੱਤਵਾਦੀ ਹਾਂ
ਨਾ ਵੱਖਵਾਦੀ ਹਾਂ
ਨਾ ਕੋਈ ਕੈਦੀ ਹਾਂ
ਨਾ ਕਿਸੇ ਸਰਕਾਰ ਵਿਰੁੱਧ
ਮੈਂ ਕੋਈ ਨਾਅਰਾ ਲਾਇਆ ਹੈ
ਫਿਰ ਕਮਰਿਆਂ ਦੀ ਇਸ ਕੈਦ ਵਿਚ
ਮੈਨੂੰ ਕਿਸਨੇ ਤੇ ਕਿਉਂ ਪਾਇਐ ?



ਮੈਂ ਨੀਲੇ ਅੰਬਰਾਂ ਦਾ ਸ਼ੈਦਾਈ
ਕਮਰਿਆਂ ਦੇ ਜੰਗਲ ਵਿਚ
ਕਿਵੇਂ ਗੁਆਚ ਗਿਆ ??

### ਕਿੰਝ ਮਿਲੀ ਮੈਨੂੰ ਤੂੰ

ਨਾ ਮੈਂ ਸੂਰਜ ਨੂੰ
ਅਰਘ ਚੜ੍ਹਾਇਆ
ਕਦ ਮੈਂ ਕੋਈ
ਪੀਰ-ਫ਼ਕੀਰ ਧਿਆਇਆ
ਕਦ ਮੈਂ ਵੰਡੀ ਚੰਦਨ ਦੀ ਖੁਸ਼ਬੋਈ
ਮਿਲੀ ਮੈਨੂੰ ਤੂੰ ਮੈਂ ਪੂਰਨ ਹੋਈ!

ਕਦ ਸੀ ਮੈਂ ਕੋਈ ਸੁੱਖਣਾ ਸੁੱਖੀ
ਨਾ ਮੈਂ ਕੋਈ ਮਮਟੀ ਪੂਜੀ
ਨਾ ਮੈਂ ਦਰਗਾਹੀਂ
ਦੀਪ ਜਲਾਇਆ
ਕਿਸ ਚਾਨਣ ਮੇਰੀ ਝੋਲੀ ਪਾਇਆ
ਮੈਂ ਅੰਬਰੋਂ ਉੱਚੀ ਹੋਈ

ਲੱਖ ਸਿਆਲੇ ਲੰਘ ਕੇ ਆਈ
ਕਿੰਨੀਆਂ ਧੁੱਪਾਂ ਸੰਗ ਲਿਆਈ
ਕਈ ਹੁਨਾਲੇ ਹੰਢ ਚੱਲੇ ਸਨ
ਕਈ ਮੌਸਮ ਛਲ਼ ਚੱਲੇ ਸਨ
ਤੂੰ ਆਈ ਮਿਲਣ-ਰੁੱਤ ਹੋਈ
ਹਰਫ਼ ਹਰਫ਼ ਖੁਸ਼ਬੋਈ
ਮੈਂ ਚੰਦ-ਸੂਰਜਾਂ ਦੀ
ਹਾਨਣ ਹੋਈ
ਮਿਲੀ ਮੈਨੂੰ ਤੂੰ ਮੈਂ ਪੂਰਨ ਹੋਈ!

## ਕਵਿਤਾਵਾਂ / ਸਿਮਰਤ ਗਗਨ

### ਕਵੀ ਕੁੜੀਆਂ

ਕਵਿਤਾ ਲਿਖਣ ਵਾਲੀਆਂ ਕੁੜੀਆਂ ਨੂੰ
ਕਦੋਂ ਚੇਤਾ ਰਹਿੰਦਾ ਹੈ
ਆਪਣੇ ਕੁੜੀ ਹੋਣ ਦਾ..
ਘਰ ਦੇ ਕੰਮ ਕਾਰ ਕਰਦੀਆਂ
ਨੌਕਰੀ ਕਰਦੀਆਂ
ਇੱਕ ਰੂਟੀਨ ਵਿੱਚ ਰੁੱਝੀਆਂ
ਮੁਹੱਬਤ ਕਰਦੀਆਂ
ਸਿਰਜਦੀਆਂ ਰਹਿੰਦੀਆਂ ਨਜ਼ਮਾਂ..
ਕਦੇ ਡਾਕ ਟਿਕਟਾਂ ਦੇ ਪਿੱਛੇ
ਟਿਸ਼ੂ ਪੇਪਰ ਉੱਤੇ
ਦਵਾਈ ਵਾਲੇ ਚਿੱਟੇ ਲਿਫਾਫੇ ਉੱਤੇ
ਬੱਸ ਦੀ ਟਿਕਟ ਉੱਤੇ,
ਖਿਲਰੇ ਆਟੇ ਉੱਤੇ
ਰਸਤੇ 'ਚ ਡਿੱਗੇ ਮਰਦਾਨਾ ਤਾਕਤ ਦੇ
ਇਸ਼ਤਿਹਾਰ ਪਿੱਛੇ..
ਬਸ ਲਿਖ ਲੈਂਦੀਆਂ ਕਵਿਤਾ
ਜਿੱਥੇ ਮਰਜ਼ੀ, ਜਦੋਂ ਮਰਜ਼ੀ..
ਆਪਣੀ ਕਵਿਤਾਵਾਂ ਨਾਲ ਭਰੀ
ਗਰਭਵਤੀ ਡਾਇਰੀ ਦੇ ਪੰਨਿਆਂ ਵਿੱਚੋਂ
ਗੁਜਰੇ ਮੌਸਮਾਂ ਦੀ ਖੁਸ਼ਬੂ ਸੁੰਘਦੀਆਂ,
ਦੀਵਾਰਾਂ ਉੱਪਰ ਚਾਨਣ ਲਿਪਦੀਆਂ ,
ਅੰਦਰਲੇ ਜੰਗਲ ਦੀ ਤਾਰੀਕੀ ਨੂੰ
ਖੁਦ ਉੱਪਰ ਮੁਸੱਲਤ ਨਹੀਂ ਹੋਣ
ਦਿੰਦੀਆਂ..
ਉਨਾਂ ਦੇ ਪਰਸਾਂ ਵਿੱਚ
ਲਾਲੀ, ਪਾਊਡਰ, ਸੁਰਖੀ ਨਹੀਂ ਹੁੰਦੀ
ਪਰ, ਅਚਾਨਕ ਝੋਲੇ ਵਿੱਚੋਂ
ਕਦੇ ਪੈੱਨ ਲੱਭਦਿਆਂ
ਦਿਸ ਪੈਂਦਾ ਸੈਨਟਰੀ ਨੈਪਕਿਨ
...ਤੇ ਯਾਦ ਆ ਜਾਂਦਾ ਆਪਣਾ ਜੈਂਡਰ,
ਉਸ ਉੱਤੇ ਲੱਗੇ ਕਾਗਜ਼ ਉੱਪਰ ਵੀ
ਲਿਖ ਦਿੰਦੀਆਂ ਕਵਿਤਾ,
ਕਵੀ ਕੁੜੀਆਂ ..
ਹਰ ਪਲ,ਹਰ ਛਿਣ
ਬਸ ਸਿਰਜ ਰਹੀਆਂ ਹੁੰਦੀਆਂ
ਕੁਝ ਵੀ ਰਾਏਗਾਂ ਨਹੀਂ ਕਰਦੀਆਂ...



### ਉਸ ਨੂੰ ਪਤਾ ਹੈ..

ਉਸਨੂੰ ਪਤਾ ਹੁੰਦੀ ਹੈ,
ਹਰ ਭਾਂਡੇ ਦੀ ਔਕਾਤ..
ਕਿਸ ਨੂੰ ਕਿੰਨਾ ਸੇਕ ਚਾਹੀਦਾ,
ਕਿਸ ਨੂੰ ਕਿੰਨਾ ਭਰਿਆ ਜਾ ਸਕਦਾ
ਕਿਸ ਨੂੰ ਊਣਾ ਰੱਖਣਾ,
ਕਿਸ ਨੂੰ ਢੱਕਣਾ
ਤੇ ਕਿਸ ਨੂੰ ਮੂਧਾ ਕਰਨਾ..
ਕਿਸ ਨੂੰ ਸਜਾਉਣਾ ਤੇ ਕਿਸ ਵਿੱਚ
ਗੁੰਨ੍ਹਣਾ, ਮਾਂਜ ਦਿੰਦੀ ਹੈ ਉਹ, ਸਾਰੇ
ਛੋਟੇ ਵੱਡੇ ਇੱਕੋ ਥਾਂ
ਕਿਸ ਵਿੱਚ ਰਿੰਨ੍ਹ, ਪਕਾ ਕੇ
ਦੂਜੇ ਵਿੱਚ ਪਲਟਣਾ,
ਕਿਸ ਵਿੱਚ ਮਿੱਠਾ ਜਾਂ ਖੱਟਾ ਘੋਲਣਾ,
ਤੇ ਕਿਸ ਨੂੰ ਭਰਿਆ
ਭਰਾਇਆ ਹੀ ਡੋਲਣਾ..
ਸਭ ਨੂੰ ਆਕਾਰ ਅਨੁਸਾਰ ਚਿਣਦੀ,
ਕੜਛੀਆਂ ਚਮਚੇ ਇੱਕੋ ਥਾਂਵੇ ਰੱਖਦੀ,
ਲੋੜ ਪੈਣ ਤੇ ਵਰਤਦੀ..
ਕਿਸ ਵਿੱਚ ਕੀ ਸਾਂਭਣਾ,
ਕਿਸ ਨੂੰ ਕਦੋਂ ਤੇ ਕਿਵੇਂ ਹੰਗਾਲਣਾ ,
ਵਾਧੂ ਘਾਟੂ ਨੂੰ
ਸਾਂਭ ਦਿੰਦੀ ਸੰਦੂਕ ਵਿੱਚ,
ਜਾਣਦੀ ਹੈ ਚਿੱਬਿਆਂ ਦੇ ਚਿੱਬ ਕੱਢਣਾ
ਕਿਸ ਨੂੰ ਕਿਸ
ਦੀ ਸਹੀ ਥਾਂ ਉੱਤੇ ਰੱਖਣਾ..
ਉਸਨੂੰ ਪਤਾ ਹੈ
ਹਰ
ਭਾਂਡੇ ਦੀ ਔਕਾਤ..

### ਕਾਸ਼ !

ਕਾਸ਼
ਕੋਈ ਤੇਰੇ ਵਰਗਾ ਰਫੂਗਰ ਹੁੰਦਾ
ਤਾਂ ਜ਼ਿੰਦਗੀ ਦੇ ਸਾਰੇ ਪੈਬੰਦ
ਖ਼ੂਬਸੂਰਤ ਲੱਗਦੇ ,
ਹੁਣ ਤਾਂ ਛਿੱਜੇ ਦਾਮਨ ਵਿੱਚੋਂ
ਬਦਨ ਦੀਆਂ ਅੱਖਾਂ ਝਾਕਦੀਆਂ ਨੇ
ਗੁੰਦੀਆਂ ਮਿੱਡੀਆਂ ..
ਅਧੂਰੀਆਂ ਨਜ਼ਮਾਂ ਵਾਂਗ
ਉਲਝ ਜਾਂਦੀਆਂ ਨੇ...

### ਆਹੂਤੀ

ਆਹੂਤੀ ਦੇਣ ਤੋਂ ਬਾਅਦ
ਭਬੂਤੀ ਬਚਦੀ ਹੈ ,
ਤੇ ਬੜਾ ਸੌਖਾ ਹੈ
ਉਹੀ ਭਬੂਤੀ ਸਿਰ 'ਚ ਪਾ ਕੇ
ਮੱਥੇ ਤਿਲਕ ਲਾ ਕੇ, ਨਾਂਗੇ ਹੋ ਕੇ
ਕਮੰਡਲ ਫੜਨਾ, ਤੇ ਭੁੱਲ ਜਾਣਾ..
ਕਿ ਗ੍ਰਿਹਸਤੀ ਦੇ
ਮਹਾਂ ਯੱਗ ਵਿੱਚ
ਹਵਨ ਦੀ ਅੱਗ ਵਿੱਚ
ਆਹੂਤੀ ਕਿਸ ਦੀ ਦੇ ਦਿੱਤੀ..

ਬੜਾ ਸੌਖਾ ਹੈ
ਅਹੱਲਿਆ, ਸ਼ਕੁੰਤਲਾ, ਉਰਮਿਲਾ,
ਯਸ਼ੋਦਰਾਂ ਨੂੰ ਹਵਣ
ਸਮੱਗਰੀ ਸਮਝ ਲੈਣਾ..
ਤੇ ਮਹਾਤਮਾ ਹੋਣ ਦੇ,
ਭਰਮ ਵਿੱਚ ਰਹਿ ਲੈਣਾ,

ਪਰ ਤੇਰੇ ਇਸ
ਪਰਮਾਰਥ ਦੇ ਮਹਾਂਯਗ ਵਿੱਚ
ਹਵਨ ਕੁੰਡ ਵਿੱਚ
ਜੇ ਮੈਂ ਅੱਗ ਬਣ ਕੇ ਨਾ ਮੱਚਦੀ
ਤਾਂ ਦੁਨੀਆ ਤੇਰੇ ਮਹਾਤਮ ਅੱਗੇ
ਕਦੇ ਨਾ ਝੁਕਦੀ...।

# ਕਹਾਣੀ / ਉਲ਼ਝੇ ਰਿਸ਼ਤਿਆਂ ਦੀਆਂ ਤੰਦਾਂ / ਬਲਵੀਰ ਕੌਰ ਰੀਹਲ

ਮੈਂ ਜਿਵੇਂ ਹੀ ਫੇਸਬੁੱਕ ਖੋਲੀ ਜੌਹਨ ਦੀਆਂ ਫੋਟੋਆਂ ਵੇਖ ਕੇ ਮੇਰੀਆਂ ਅੱਖਾਂ ਵਿਚ ਪਾਣੀ ਭਰ ਆਇਆ ਤੇ ਮੈਂ ਖੁਸ਼ ਵੀ ਬਹੁਤ ਹੋ ਰਹੀ ਸੀ। ਜੌਹਨ ਨੇ ਆਪਣੀ ਮਾਂ ਬੈਥ ਦੀ ਪੋਸਟ ਨੂੰ ਸ਼ੇਅਰ ਕੀਤਾ ਸੀ। ਬੈਥ ਨੇ ਲਿਖਿਆ ਸੀ,

''ਇਹ ਮੇਰੇ ਜੀਵਨ ਦੇ ਬਹੁਤ ਖ਼ੂਬਸੂਰਤ ਪਲ ਹਨ,ਮੈਂ ਤੇ ਮੇਰਾ ਬੇਟਾ ਇਕੱਠੇ ਡਿਨਰ ਕਰ ਰਹੇ ਹਾਂ।''

ਜੌਹਨ ਦੀਆਂ ਅੱਖਾਂ,ਮੱਥਾ,ਚਿਹਰਾ ਮਾਂ ਵਰਗਾ ਹੀ ਲੱਗਦਾ ਸੀ,ਉਹਨੂੰ ਮੈਂ ਕਦੇ ਇੰਨਾ ਖੁਸ਼ ਨਹੀਂ ਵੇਖਿਆ ਸੀ ਜਿੰਨਾ ਖੁਸ਼ ਉਹ ਅੱਜ ਸੈਲਫੀ ਵਿਚ ਆਪਣੀ ਮਾਂ ਨਾਲ ਨਜ਼ਰ ਆ ਰਿਹਾ ਸੀ।

ਜੌਹਨ ਮੇਰੀ ਵੀ ਫੇਸਬੁੱਕ ਮਿੱਤਰ ਸੂਚੀ ਵਿਚ ਸ਼ਾਮਿਲ ਸੀ,ਮੈਂ ਵੀ ਬੈਥ ਨੂੰ ਸਰਚ ਕਰਨਾ ਸ਼ੁਰੂ ਕਰ ਦਿੱਤਾ। ਫੇਸਬੁੱਕ ਅਕਾਊਂਟ ਤੇ ਬੈਥ ਨੇ ਬਹੁਤ ਸਾਰੇ ਪਲਾਂ ਨੂੰ ਕੈਦ ਕੀਤਾ ਹੋਇਆ ਸੀ,ਜਿਹੜੇ ਉਹਨੇ ਜੌਹਨ ਨਾਲ ਬਿਤਾਏ ਸਨ। ਇਕ ਪੋਸਟ ਵਿਚ ਜੌਹਨ ਆਪਣੇ ਭੈਣ ਭਰਾਵਾਂ ਨਾਲ ਖੜ੍ਹਾ ਹੈ,ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਸੀ ਕਿ ਜੌਹਨ ਕਿਹੜਾ ਹੈ ਤੇ ਉਸ ਦਾ ਭਰਾ ਕਿਹੜਾ ਹੈ।

ਬੈਥ ਨੇ ਆਪਣੀ ਪੋਸਟ ਵਿਚ ਲਿਖਿਆ ਸੀ,

''ਇਹ ਸਾਰੀ ਖੁਸ਼ੀ ਮੈਨੂੰ ਮੇਰੇ ਪਰਿਵਾਰ ਵਾਲਿਆਂ ਨੇ ਦਿੱਤੀ ਹੈ। ਮੈਂ ਉਹਨਾਂ ਦੀ ਇਸ ਪਲ ਲਈ ਬਹੁਤ ਧੰਨਵਾਦੀ ਹਾਂ।''

ਮੈਂ ਵਾਰ-ਵਾਰ ਬੈਥ ਤੇ ਜੌਹਨ ਦੀਆਂ ਪੋਸਟਾਂ ਵੇਖ ਰਹੀ ਹਾਂ,ਬੈਥ ਨੇ ਤਾਂ ਆਪਣੀ ਪ੍ਰੋਫਾਇਲ ਪਿਕਚਰ ਵੀ ਪਿਛਲੇ ਕਈ ਮਹੀਨਿਆਂ ਤੋਂ ਜੌਹਨ ਦੀ ਹੀ ਲਾਈ ਹੋਈ ਹੈ। ਜੌਹਨ ਦੀ ਲਾਲ ਟੀ-ਸ਼ਰਟ ਉੱਤੋਂ ਗੋਰਾ ਚਿੱਟਾ ਰੰਗ ਬਹੁਤ ਸੋਹਣਾ ਲੱਗਦਾ ਹੈ,ਨੀਲੀਆਂ ਅੱਖਾਂ ਸੁਨਹਿਰੇ ਵਾਲ। ਕਿਤੇ ਨਜ਼ਰ ਨਾ ਲੱਗ ਜਾਵੇ।

ਤਿੰਨ ਕੁ ਮਹੀਨੇ ਪਹਿਲਾਂ ਮੈਨੂੰ ਨਵਾਂ ਸ਼ਹਿਰ ਮਿਲਿਆ,ਮੇਰੇ ਪੈਰੀਂ ਹੱਥ ਲਾਇਆ। ਮੈਂ ਆਸ਼ੀਰਵਾਦ ਦਿੱਤਾ ''ਗੌਡ ਬਲੈਸ ਯੂ ਬੇਟਾ'' ਤੇ ਦਾਦੀ ਦਾਦੇ ਬਾਰੇ ਪੁੱਛਿਆ,

''ਮੰਮੀ ਡੈਡੀ ਕਿਵੇਂ ਆ,ਠੀਕ ਹਨ'' ਜਦ ਨੂੰ ਉਹਦੀ ਬੱਸ ਆ ਗਈ। ਮੇਰੇ ਦੇਖਦਿਆਂ ਦੇਖਦਿਆਂ ਹੀ ਉਹ ਬੱਸ ਚੜ੍ਹ ਗਿਆ।

ਜੌਹਨ ਦੀ ਦਾਦੀ ਮੈਨੂੰ ਫੋਨ ਕਰ ਲੈਂਦੀ ਤੇ ਇਕ ਦਿਨ ਆਖਣ ਲੱਗੀ, ''ਤੂੰ ਕਦੇ ਆ ਕੇ ਤਾਂ ਮਿਲ ਜਾਇਆ ਕਰ, ਮਨ ਹੋਰ ਪਾਸੇ ਪੈ ਜਾਂਦਾ''

ਮੇਰਾ ਕਈ ਮਹੀਨਿਆਂ ਤੋਂ ਸਮਾਂ ਹੀ ਨਹੀਂ ਲੱਗਾ ਉਹਨੂੰ ਮਿਲਣ ਜਾਣ ਦਾ। ਫੇਸਬੁੱਕ ਦੀਆਂ ਫੋਟੋਆਂ ਵੇਖ ਕੇ ਜੌਹਨ ਦੀ ਦਾਦੀ ਯਾਦ ਆਈ।ਮੈਂ ਉਹਨੂੰ ਫੋਨ ਘੁੰਮਾਇਆ,



''ਆਂਟੀ ਸਭ ਠੀਕ ਠਾਕ ਹੈ?'', ਉਹ ਬੋਲੀ, ''ਧੀਏ ਕੁੱਝ ਵੀ ਤਾਂ ਠੀਕ ਨਹੀਂ ਹੈ, ਜੌਹਨ ਗਏ ਨੂੰ ਤਿੰਨ ਮਹੀਨੇ ਹੋ ਗਏ ਰੋਜ ਫੋਨ ਕੋਲ ਬੈਠੀ ਰਹਿੰਦੀ ਹਾਂ, ਕਦੋਂ ਉਹਦਾ ਫੋਨ ਆਵੇ।ਆਹ,ਹੁਣ ਵੀ ਫੋਨ ਦੇ ਲਾਗੇ ਹੀ ਬੈਠੀ ਸੀ,ਤਦੇ ਹੀ ਝੱਟ ਤੇਰਾ ਫੋਨ ਚੁੱਕ ਲਿਆ।''

''ਆਂਟੀ ਜੌਹਨ ਦੀ ਫਲਾਇਟ ਕਦੋਂ ਆ'', ''ਪੁੱਤ ਪਤਾ ਨਹੀਂ ਉਹਨੇ ਕਿੱਦਣ ਆਉਣਾ ਮੇਰੀਆਂ ਤਾਂ ਅੱਖਾਂ ਪੱਕ ਗਈਆਂ ਤੇ ਕੰਨ ਤਰਸ ਗਏ। ਮਨ ਨੂੰ ਧੁੜਕੂ ਲੱਗਾ ਬਸ ਉਹ ਜਲਦ ਪਰਤ ਆਵੇ।

''ਆਂਟੀ ਤੁਸੀਂ ਹੌਸਲਾ ਰੱਖੋ ਉਹ ਆ ਜਾਵੇਗਾ'', ਮੈਂ ਫੋਨ ਰੱਖ ਦਿੱਤਾ।

ਜੌਹਨ ਦੇ ਦਾਦਾ ਦਾਦੀ ਨੂੰ ਫੋਨ ਕਰਨ ਤੋਂ ਬਾਅਦ ਇਕ ਦੋ ਦਿਨਾਂ ਮਗਰੋਂ ਮੈਂ ਵੇਖਣ ਚਲੀ ਗਈ। ਉਹਨਾਂ ਦੀ ਹਾਲਤ ਮੇਰੇ ਕੋਲੋਂ ਦੇਖੀ ਨਹੀਂ ਜਾਂਦੀ ਸੀ,ਉਹ ਨਾ ਕੁਝ ਖਾ ਪੀ ਰਹੇ ਸਨ,ਬਸ ਜੌਹਨ ਦੀ ਉਡੀਕ ਕਰੀ ਜਾ ਰਹੇ ਸਨ।

''ਧੀਏ ਪੈਸਾ ਖੋਟਾ ਆਪਣਾ ਤੇ ਬਾਣੀਏ ਨੂੰ ਕੀ ਦੋਸ਼। ਜਦ ਆਪਣਾ ਹੀ ਢਿੱਡੋਂ ਜੰਮਿਆ ਮਾੜਾ ਤਾਂ ਬੇਗਾਨਿਆ ਨੂੰ ਕੀ ਦੋਸ਼ ਦੇਣਾ। ਉਹਨੂੰ ਭੇਜਿਆ ਸੀ ਬਾਹਰ ਪੜ੍ਹਨ ਵਾਸਤੇ, ਸਾਨੂੰ ਕੀ ਪਤਾ ਸੀ, ਉਹ ਆਹ ਚੰਦ ਚੜਾਊ। ਬੜਾ ਸੋਹਣਾ ਨਾਂ ਰੱਖਿਆ ਸੀ ਬਹਾਦਰ ਸਿੰਘ ਗਿੱਲ, ਬਣਿਆ ਫਿਰਦਾ ਬਿੱਲ ਗਿੱਲ।''

ਬਿੱਲ ਦਾ ਘਰਦਿਆਂ ਨੂੰ ਪੰਜ ਸਾਲ ਨਾ ਕੋਈ ਫੋਨ ਨਾ ਚਿੱਠੀ ਪੱਤਰ ਆਇਆ। ਮਾਪੇ ਉਡੀਕੀ ਜਾਣ ਕਦੋਂ ਆਵੇ ਤੇ ਕਦੋਂ ਉਹਦਾ ਵਿਆਹ ਕਰਨ। ਇਕ ਦਿਨ ਉਹ ਅਚਾਨਕ ਆ ਗਿਆ ਪਰ ਉਹ ਇਕੱਲਾ ਨਹੀਂ ਸੀ,ਉਹਦੇ ਨਾਲ ਇਕ ਚਾਰ ਕੁ ਵਰ੍ਹਿਆਂ ਦਾ ਬੱਚਾ ਵੀ ਸੀ, ਜਿਹੜਾ ਸਿਰਫ਼ ਤੇ ਸਿਰਫ਼ ਅੰਗਰੇਜ਼ੀ ਹੀ ਬੋਲਦਾ ਤੇ ਸਮਝਦਾ ਸੀ। ਤੇ ਆਹ ਹੁਣ ਅੰਗਰੇਜ਼ੀ ਨਹੀਂ ਪੰਜਾਬੀ ਦਾ ਹਰ ਸ਼ਬਦ ਬੋਲਦਾ। ਬਹੁਤ ਪਿਆਰਾ ਬੱਚਾ। ਦੇਖ-ਦੇਖ ਰੂਹ ਖੁਸ਼ ਹੋਈ ਜਾਵੇ। ਬਿੱਲ ਆਖਣ ਲੱਗਾ,

''ਮੰਮੀ ਆਹ ਜੌਹਨ ਸਿੰਘ ਗਿੱਲ ਤੁਹਾਡੇ ਕੋਲ ਹੀ ਰਹੂੰ।'' ਜੌਹਨ ਸਿੰਘ ਗਿੱਲ ਸੁਣ ਕੇ ਮੇਰੇ ਹੱਥਾਂ ਵਿਚ ਫੜੀ ਪਰਾਤ ਹੱਥੋਂ ਛੁੱਟ ਗਈ, ਸਾਰਾ ਆਟਾ ਭੁੰਜੇ ਖਿੱਲਰ ਗਿਆ। ਮੈਨੂੰ ਹੋਸ਼ ਆਈ ਤਾਂ ਉਹਨੇ ਸਾਰੀ ਵਿੱਥਿਆ ਦੱਸੀ,''ਮੈਂ ਤੁਹਾਨੂੰ ਦੱਸਿਆ ਨਹੀਂ ਸੀ,ਮੈਂ ਗੋਰੀ ਨਾਲ ਵਿਆਹ ਕਰਵਾ ਲਿਆ ਸੀ,ਆਹ ਜੌਹਨ ਸਿੰਘ ਗਿੱਲ ਮੇਰਾ ਹੀ ਮੁੰਡਾ ਹੈ,ਹੁਣ ਇਹ ਐਥੇ ਤੁਹਾਡੇ ਕੋਲ ਹੀ ਰਹੂ। ਮੈਂ ਇਹਦੀ ਮਾਂ ਨੂੰ ਤਲਾਕ ਦੇ ਦਿੱਤਾ,ਉਹ

ਚੰਗੀ ਨਹੀਂ ਸੀ, ਸ਼ਰਾਬਣ ਕਬਾਬਣ"

"ਆਹੋ ਜਦੋਂ ਉਹਦੇ ਪਿੱਛੇ ਲੱਗ ਤੁਰਿਆ ਉਦੋਂ ਉਹਦੀਆਂ ਸਾਰੀਆਂ ਆਦਤਾਂ ਤੈਨੂੰ ਦਿਸੀਆਂ ਨਹੀਂ...ਵੱਡਾ ਆਇਆ,ਖੇਖਨ ਕਰਦਾ ਆਪਣੀ ਮਾਂ ਨਾਲ...ਹੌਲੀ-ਹੌਲੀ ਗੱਲ ਖੁੱਲ੍ਹਦੀ ਗਈ। ਸਾਡਾ ਮੁੰਡਾ ਹੀ ਮਾੜਾ ਸੀ,ਉਹ ਗੋਰੀ ਨਹੀਂ ਸੀ ਮਾੜੀ,ਇਹਨੇ ਤਾਂ ਪੱਕੇ ਹੋਣ ਦੇ ਮਾਰੇ ਨੇ ਉਹਨੂੰ ਪਿੱਛੇ ਲਾ ਲਿਆ,ਵਿਆਹ ਕਰਵਾ ਲਿਆ,ਇਹਨੂੰ ਹੀ ਕਾਹਲੀ ਸੀ ਬੱਚਾ ਹੋ ਜਾਵੇ ਤੇ ਇਹਨੂੰ ਪੀਆਰ ਮਿਲ ਜਾਵੇ। ਜਦੋਂ ਇਹ ਪੱਕਾ ਹੋ ਗਿਆ ਗੋਰੀ ਦੇ ਸਿਰ 'ਤੇ ਤਾਂ ਇਹਨੂੰ ਬੈਥ ਵਿਚ ਨੁਕਸ ਨਜ਼ਰ ਆਉਣ ਲੱਗ ਪਏ। ਅੱਜ ਆਪਣੀ ਮਾਂ ਨੂੰ ਧੋਖਾ ਦੇ ਰਿਹਾ। ਸਮਝਦਾ ਮੈਂ ਕੁੱਝ ਜਾਣਦੀ ਹੀ ਨਹੀਂ । ਧੋਖਾਧੜੀ ਨਾਲ ਬੈਥ ਤੋਂ ਸਾਇਨ ਕਰਵਾ ਕੇ ਇਹ ਮੁੰਡੇ ਨੂੰ ਇੱਧਰ ਲੈ ਆਇਆ । ਬੈਥ ਦੀ ਮਾਂ ਤਾਂ ਆਖਦੀ ਸੀ ,

"ਸਾਇਨ ਨਾ ਕਰ ਇਹਨੂੰ ਬਾਹਰ ਨਾ ਭੇਜ ਇਹਦੇ ਨਾਲ" ਬੈਥ ਨੇ ਯਕੀਨ ਕਰਕੇ ਇਹਦੇ ਨਾਲ ਮੁੰਡਾ ਭੇਜ ਦਿੱਤਾ। ਬਿੱਲ ਮੁੰਡਾ ਸਾਡੇ ਕੋਲ ਛੱਡ ਗਿਆ,ਉਹ ਆਪ ਆਸਟਰੇਲੀਆ ਦੀ ਹੋਰ ਸਟੇਟ ਵਿਚ ਰਹਿਣ ਲੱਗ ਪਿਆ। ਬਿੱਲ ਦੀ ਉਡੀਕ ਕਰਦੀ,ਪਰ ਨਾ ਬਿੱਲ ਪਹੁੰਚਿਆ ਨਾ ਹੀ ਜੌਹਨ।"

ਜੌਹਨ ਦਾਦੀ ਕੋਲ ਰਹਿੰਦਾ,ਹੌਲੀ-ਹੌਲੀ ਪੰਜਾਬੀ ਬੋਲਣ ਲੱਗ ਪਿਆ। ਉਹਦੇ ਲਈ ਦਾਦੀ ਦਾਦਾ ਹੀ ਉਹਦੇ ਮੰਮੀ ਡੈਡੀ ਸਨ। ਜੇ ਕੋਈ ਗੁਆਂਢਣ ਆਖਦੀ,ਤੇਰੀ ਦਾਦੀ ਕਿੱਥੇ ਹੈ?" ਉਹ ਖਿਝ ਜਾਂਦਾ,"ਮੇਰੀ ਦਾਦੀ ਨਾ ਕਹਿ ਮੇਰੀ ਮੰਮੀ ਕਹਿ,ਮੈਂ ਉਹਦਾ ਪੁੱਤ ਹਾਂ।" ਦਾਦਾ ਦਾਦੀ ਵੀ ਜੌਹਨ ਨੂੰ ਇਹੀ ਆਖਦੇ, "ਅਸੀਂ ਹੀ ਤੇਰੇ ਮੰਮੀ ਡੈਡੀ ਹਾਂ"

ਬਿੱਲ ਚਾਰ ਕੁ ਸਾਲਾਂ ਮਗਰੋਂ ਫਿਰ ਆਇਆ,ਘਰਦਿਆਂ ਨੇ ਉਹਦਾ ਪੰਜਾਬੀ ਕੁੜੀ ਨਾਲ ਵਿਆਹ ਕਰ ਦਿੱਤਾ। ਕੁੜੀ ਵਾਲੇ ਵੀ ਮੰਨ ਗਏ ਉਹਨਾਂ ਨੂੰ ਜੌਹਨ ਨਾਲ ਵੀ ਕੋਈ ਫਰਕ ਨਹੀਂ ਸੀ। ਬਿੱਲ ਦੀ ਨਵੀਂ ਵ੍ਹਹੁਟੀ ਵਿਆਹ ਮਗਰੋਂ ਜਲਦ ਹੀ ਆਸਟਰੇਲੀਆ ਪਹੁੰਚ ਗਈ, ਦੋ ਬੱਚੇ ਹੋ ਗਏ ਤੇ ਉਹਦਾ ਪਰਿਵਾਰ ਵੀ ਹੌਲੀ ਹੌਲੀ ਉੱਥੇ ਪਹੁੰਚ ਗਿਆ। ਨਵੀਂ ਵਹੁਟੀ ਤੇ ਨਵੀ ਰਿਸ਼ਤੇਦਾਰੀ ਵਿਚ ਬਿੱਲ ਜਿਆਦਾ ਰੁੱਝ ਗਿਆ,ਬਿੱਲ ਦੀ ਘਰਵਾਲੀ ਨੂੰ ਜੌਹਨ ਅੱਖੀ ਰੜਕਦਾ ਸੀ। ਜਿਸ ਦਿਨ ਜੌਹਨ ਨੇ ਆਪਣੇ ਪਿਓ ਕੋਲ ਜਾਣਾ ਸੀ ਤਾਂ ਦਾਦੀ ਨਸੀਹਤਾਂ ਦੇ ਰਹੀ ਸੀ,"ਆਪਣੀ ਨਵੀਂ ਮਾਂ ਕੋਲੋਂ ਕੁੱਝ ਲੈ ਕੇ ਨਾ ਖਾਈ,ਜਦੋਂ ਰੋਟੀ ਖਾਣੀ ਕੌਲੀਆਂ ਬਦਲ ਕੇ ਖਾਵੀ। ਉਹਨੂੰ ਡਰ ਸੀ ਕਿ ਕਿਤੇ ਬਿੱਲ ਦੀ ਪਤਨੀ ਜੌਹਨ ਨੂੰ ਕੁੱਝ ਖੁਆ ਕੇ ਮਾਰ ਹੀ ਨਾ ਦੇਵੇ। ਪੂਰਾ ਸੁਚੇਤ ਕਰਕੇ ਉਹਨੇ ਜੌਹਨ ਨੂੰ ਤੋਰਿਆ। ਬੈਥ ਫੇਸਬੁੱਕ 'ਤੇ ਸਰਚ ਕਰਦੀ ਜੌਹਨ ਨੂੰ ਪਰ ਜੌਹਨ ਨਾਂ ਦੇ ਕਈ ਅਕਾਊਂਟ ਖੁੱਲ੍ਹ ਜਾਂਦੇ। ਉਹਨੂੰ ਰਾਤ ਨੂੰ ਵੀ ਸੁਪਨਿਆਂ ਵਿਚ ਵੀ ਜੌਹਨ ਹੀ ਦਿਖਾਈ ਦਿੰਦਾ।

ਬੈਥ ਨੂੰ ਸੁਪਨਾ ਆਉਂਦਾ,ਕੋਈ ਉਹਦੇ ਹੱਥਾਂ ਵਿਚੋਂ ਬੱਚਾ ਖੋਹ ਰਿਹਾ ਹੈ। ਉਹ ਉਭੜਵਾਹੇ ਉੱਠਦੀ ਤੇ ਪਸੀਨੋ ਪਸੀਨੀ ਹੋਈ ਹੁੰਦੀ। ਬੈਥ ਨੇ ਭਾਵੇਂ ਹੋਰ ਵਿਆਹ ਕਰਵਾ ਲਿਆ ਸੀ, ਉਹਦੇ ਬੱਚੇ ਵੀ ਵੱਡੇ ਹੋ ਗਏ ਸਨ ਪਰ ਉਹਦੀ ਮਮਤਾ ਜੌਹਨ ਵਿਚ ਹੀ ਤੜਫਦੀ। ਬੈਥ ਦੀ ਭੈਣ ਤੇ ਉਸ ਦੀ ਮਾਂ ਉਸ ਨੂੰ ਬਹੁਤ ਸਮਝਾਉਂਦੀਆਂ। ਉਹਦੇ ਮਨ ਵਿਚ ਇਕ ਦਿਨ ਖਿਆਲ ਆਇਆ। ਜੇ ਮੈਂ ਜੌਹਨ ਗਿੱਲ ਕਰਕੇ ਸਰਚ ਕਰਾਂ ਸ਼ਾਇਦ ਕੁੱਝ ...ਉਹਨੇ ਜੌਹਨ ਗਿੱਲ ਕਰਕੇ ਫੇਸਬੁੱਕ ਤੇ ਸਰਚ ਕੀਤੀ ਤਾਂ ਅਠਾਰਾਂ ਵਰ੍ਹਿਆਂ ਦਾ ਭਰ ਜੁਆਨ ਗੱਭਰੂ ਉਹਦੇ ਸਾਹਮਣੇ ਸੀ। ਉਹ ਪਲ ਸਿਰਫ਼ ਬੈਥ ਹੀ ਸਮਝ ਸਕਦੀ ਸੀ,ਉਹਨੇ ਮੈਸਿਜ ਕੀਤਾ, ਜੌਹਨ ਦੇ ਅੰਦਰ ਵੀ ਅਜੀਬ ਜਿਹੀ ਹੱਲ-ਚੱਲ ਹੋਈ। ਜੌਹਨ ਦਾ ਤੇ ਬੈਥ ਦਾ ਹੌਲੀ ਹੌਲੀ ਰਾਬਤਾ ਜੁੜ ਗਿਆ। ਉਹ ਮੇਸੇਂਜਰ ਰਾਹੀਂ ਗੱਲਬਾਤ ਵੀ ਕਰਦੇ। ਇਹ ਖ਼ਬਰ ਜਦੋਂ ਦਾਦੀ ਨੂੰ ਪਤਾ ਲੱਗੀ ਤਾਂ ਉਹ ਜੌਹਨ ਨੂੰ ਰੋਕਦੀ। ਜੌਹਨ ਦਾਦੀ ਨੂੰ ਆਖਦਾ,"ਮੰਮੀ ਮੈਂ ਹੁਣ ਗੱਲ ਨਹੀਂ ਕਰਦਾ।"

"ਪੁੱਤ ਆਹ ਗੱਡੀਆਂ,ਟਰੈਕਟਰ ਖੇਤ ਸਾਰਾ ਕੁਝ ਤੇਰਾ ਹੀ ਤੇ ਹੈ,ਤੇਰੇ ਦਾਦੇ ਨੇ ਪਿਛਲੀ ਸਾਰੀ ਪ੍ਰਾਪਰਟੀ ਤੇਰੇ ਨਾਂ ਕਰਵਾ ਦਿੱਤੀ ਕਿਉਂਕਿ ਬਿੱਲ ਦੀ ਦੂਜੀ ਪਤਨੀ ਜਦੋਂ ਦੀ ਇਥੋਂ ਲੜਕੇ ਗਈ ਉਹਨਾਂ ਨੇ ਉਹਦੇ ਨਾਲ ਨਾਤਾ ਹੀ ਤੋੜ ਲਿਆ।

ਜੌਹਨ ਦੇ ਦਾਦੇ ਨੇ ਆਖ ਦਿੱਤਾ, "ਮੇਰੇ ਘਰ ਪੈਰ ਨਾ ਰੱਖਿਓ। ਦਾਦਾ ਦਾਦੀ ਸਿਰਫ਼ ਤੇ ਸਿਰਫ਼ ਜੌਹਨ ਸਿੰਘ ਗਿੱਲ ਦੇ ਹੀ ਹਨ।" ਜੌਹਨ ਸਭ ਸਮਝਦਾ ਸੀ ਇਹ ਮੇਰੇ ਦਾਦਾ ਦਾਦੀ ਹਨ,ਮੇਰਾ ਪਿਓ ਬਹਾਦਰ ਸਿੰਘ ਗਿੱਲ ਹੈ ਤੇ ਮਾਂ ਬੈਥ ਹੈ। ਜੌਹਨ ਨੇ ਜਿੱਦ ਕਰਕੇ ਬਿੱਲ ਕੋਲੋਂ ਟਿਕਟ ਅਤੇ ਵੀਜਾ ਮੰਗਵਾ ਲਿਆ। ਉਹ ਆਸਟਰੇਲੀਆ ਪਹੁੰਚ ਕੇ ਦੋ ਤਿੰਨ ਦਿਨ ਹੀ ਆਪਣੇ ਪਿਓ ਕੋਲ ਰਿਹਾ। ਬੈਥ ਨੇ ਉਹਨੂੰ ਆਪਣਾ ਸਾਰਾ ਅਤਾ ਪਤਾ ਵੱਟਸਐਪ ਕਰ ਦਿੱਤਾ ਸੀ। ਜੌਹਨ ਨੇ ਆਪਣੀ ਲੋਕੇਸ਼ਨ ਬੈਥ ਨੂੰ ਸਾਂਝੀ ਕਰ ਦਿੱਤੀ। ਉਹ ਗੱਡੀ 'ਚ ਆਈ ਤੇ ਆਉਂਦਿਆਂ ਹੀ ਜੌਹਨ ਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ। ਦੋਵੇਂ ਪਾਸੇ ਹੰਝੂਆਂ ਦੇ ਹੜ੍ਹ ਵਗ ਰਹੇ ਸਨ। ਜੌਹਨ ਦਾ ਤਿੰਨ ਮਹੀਨਿਆਂ ਦਾ ਵੀਜਾ ਸੀ, ਉਹ ਸਾਰਾ ਸਮਾਂ ਬੈਥ ਕੋਲ ਹੀ ਰਿਹਾ। ਬੈਥ ਨੂੰ ਪਿਛਲੇ ਸਾਲਾਂ ਦਾ ਸਾਰਾ ਦਰਦ ਭੁੱਲ ਗਿਆ ਸੀ। ਬੈਥ ਬਿੱਲ ਨਾਲ ਰਹਿਣ ਕਰਕੇ ਜਾਣਦੀ ਸੀ ਕਿ ਇਹਨੂੰ ਕੀ ਪਸੰਦ ਹੋ ਸਕਦਾ ਹੈ ਤੇ ਕੀ ਨਹੀਂ। ਉਹ ਆਪਣੀਆਂ ਸਾਰੀਆਂ ਸੱਧਰਾਂ ਪੂਰੀਆਂ ਕਰ ਰਹੀ ਸੀ। ਉਹਨੂੰ ਕਦੇ ਕਿਤੇ ਘੁੰਮਾਵੇ ਕਦੇ ਕਿਤੇ। ਪਰ ਇੱਧਰ ਪਿੱਛੇ ਦਾਦੀ ਨੂੰ ਨੀਂਦ ਨਹੀਂ ਆ ਰਹੀ ਸੀ,ਉਹ ਫੋਨ ਦੀ ਘੰਟੀ ਸੁਣਨ ਲਈ ਬੇਚੈਨ ਸੀ। ਦਾਦਾ ਅਲੱਗ ਪ੍ਰੇਸ਼ਾਨ ਸੀ।

ਬੈਥ ਦਾ ਸਾਰਾ ਪਰਿਵਾਰ ਜੌਹਨ ਨੂੰ ਘੁੱਟ-ਘੁੱਟ ਕੇ ਜੱਫੀਆਂ ਪਾ ਰਿਹਾ ਸੀ। ਬੈਥ ਦੀਆਂ ਅੱਖਾਂ ਵਿਚੋਂ ਹੰਝੂ ਵਗ ਰਹੇ ਸਨ । ਜੌਹਨ ਨੇ ਚਾਇਨਾ ਏਅਰਪੋਰਟ ਤੇ ਪਹੁੰਚ ਕੇ ਦਾਦੀ ਨੂੰ ਫੋਨ ਕੀਤਾ,

"ਮਾਂ ਮੈਂ ਆ ਰਿਹਾ ਹਾਂ...."

**94643-30803**

## ਕਵਿਤਾਵਾਂ / ਮਾਲਵਿੰਦਰ ਸ਼ਾਇਰ

### ਗ਼ਜ਼ਲ

ਆ ਆਪਾਂ ਇੱਕ ਦੂਜੇ ਅੰਦਰ,
ਆਤਮ ਜੋਤੀ ਦੀਵੇ ਧਰੀਏ।
ਰੂਹ ਤੋਂ ਰੂਹ ਤੱਕ ਦਾ ਬਹਿ ਦੋਨੋਂ,
ਚੱਲ ਸਫ਼ਰ ਆਪਾਂ ਤੈਅ ਕਰੀਏ।

ਤੂੰ ਬਣ ਮੇਰੀ ਧੜਕਣ, ਤੇ ਮੈਂ
ਤੇਰੇ ਬਣਾ ਦਮਾਂ ਦੀ ਮਾਲਾ,
ਹੁਣ ਨਾ ਆਪਾਂ ਇੱਕ ਦੂਜੇ ਤੋਂ,
ਕਦੇ ਕਿਤੇ ਵੀ ਜਿੱਤੀਏ ਹਰੀਏ।

ਛੇ ਰੁੱਤਾਂ ਦਾ ਭਰਮਣ ਕਰਕੇ,
ਚੱਲ ਆ ਬਣੀਏ ਸਾਉਣ ਮਹੀਨਾ,
ਇਸ਼ਕ-ਮੁਹੱਬਤ ਦੀ ਬਣ ਬਾਰਸ਼,
ਆ ਹੁਣ ਇੱਕ ਦੂਜੇ 'ਤੇ ਵਰ੍ਹੀਏ।

ਅੱਜ ਸੁਹਾਣੇ ਮੌਸਮ ਦੇ ਵਿੱਚ,
ਤੂੰ ਬਹਿ ਪਹਿਲਾਂ ਦਰਦ ਫਰੋਲਣ,
ਫੇਰ ਫਰੋਲਾਂਗਾ ਮੈਂ ਅਪਣੇ,
ਜੋ ਰਲਮਿਲ ਕੇ ਆਪਾਂ ਜਰੀਏ।

ਉਤਰ ਗਿਆ ਮੈਂ ਤੇਰੇ ਅੰਦਰ,
ਤੂੰ ਵੀ ਉਤਰ ਜ਼ਰਾ ਮੇਰੇ ਵਿੱਚ,
ਇੱਕ ਦੂਜੇ ਦੇ ਦਿਲ ਦੇ ਸਾਗਰ,
ਆ ਜਾ ਆਪਾਂ ਦੋਨੋਂ ਤਰੀਏ।

ਮੈਂ ਤੇ ਤੂੰ ਹੁਣ ਇੱਕ ਹਾਂ ਹੋਏ,
ਦੋਹਾਂ ਦੇ ਵਿੱਚ ਫਰਕ ਰਿਹਾ ਨਾ,
ਇਹ ਧਰਤੀ ਇਹ ਅੰਬਰ ਸਾਂਝਾ,
ਹੋਰ ਕਹਾਂ ਕੀ ਦੱਸ ਖਾਂ ਪਰੀਏ ?

'ਸ਼ਾਇਰ' ਗਿਲੇ ਸ਼ਿਕਵੇ ਤਾਂ ਹੁੰਦੇ,
ਪਿਆਰ ਮੁਹੱਬਤ ਦਾ ਹਨ ਗਹਿਣਾ,
ਕਹਿਣ ਕਹਾਉਣ ਲਈ ਇਹ ਰੋਸੇ,
ਪਹਿਲਾਂ ਓਸ ਖ਼ੁਦਾ ਤੋਂ ਡਰੀਏ।



### ਗ਼ਜ਼ਲ

ਆ ਵਰ੍ਹਿਆ ਇੰਤਜ਼ਾਰ ਕਰਾਂ ਮੈਂ,
ਸੁੱਖੀ-ਸਾਂਦੀ ਆ ਜਾ।
ਜੀਵਨ ਵਿੱਚ ਹਨੇਰ ਜਿਨ੍ਹਾਂ ਦੇ,
ਚਾਨਣ ਲੇਪ ਚੜ੍ਹਾ ਜਾ।

ਪਿਛਲਾ ਸਾਲ ਜੁ ਬੀਤ ਗਿਆ ਹੈ,
ਉਹ ਅਨਕੂਲ ਨਹੀਂ ਸੀ,
ਤੇਰੇ 'ਤੇ ਨੇ ਆਸਾਂ ਦਿਲ ਨੂੰ,
ਆ ਜਾ ਚਿੱਤ ਧਰਾ ਜਾ।

ਕਿਰਤ ਕਮਾਈ ਨੂੰ ਫਲ ਦੇਵੀਂ,
ਘਰ-ਘਰ ਬਰਕਤ ਬਖ਼ਸ਼ੀਂ,
ਚੁੱਲ੍ਹੇ ਹੋਣ ਬੁਝੇ ਜਿੰਨ੍ਹਾਂ ਦੇ,
ਅੱਗ ਉਨ੍ਹਾਂ ਵਿੱਚ ਪਾ ਜਾ।

ਧਨ ਦੌਲਤ ਦੀ ਵਰਖਾ ਕਰਦੀਂ,
ਜਿੰਨ੍ਹਾਂ ਘਰੇ ਗਰੀਬੀ,
ਜਿਸ ਘਰ ਵਿੱਚ ਨਾ ਰੋਟੀ ਪਕਦੀ,
ਭਰਿਆ ਥਾਲ ਫੜਾ ਜਾ।

ਦੁੱਖ ਦਲਿੱਦਰ ਦੂਰ ਭਜਾਵੀਂ,
ਘਰ ਘਰ ਰੌਣਕ ਹੋਵੇ,
ਸਾਲ ਨਵਾਂ ਚੜ੍ਹ ਹਰ ਚਿਹਰੇ 'ਤੇ
ਤੂੰ ਮੁਸਕਾਨ ਸਜਾ ਜਾ।

ਏਸ ਵਰ੍ਹੇ ਤੂੰ ਹਰ ਆਸ਼ਕ ਨੂੰ,
ਵਿਛੜੇ ਯਾਰ ਮਿਲਾਵੀਂ,
'ਸ਼ਾਇਰ' ਜਿਹੇ ਤਰ ਜਾਣ ਜਹਾਨੋਂ,
ਪਲ਼ ਭਰ ਦੀਦ ਕਰਾ ਜਾ।

### ਗ਼ਜ਼ਲ

ਉਹ ਲੋਕੀਂ ਹੀ ਅਕਸਰ ਅਪਣੇ
ਪੂਰਾ ਕਰਨ ਖ਼ੁਆਬਾਂ ਨੂੰ।
ਰੱਖਦੇ ਮਹਿਕ ਵਿਚਾਰ ਜਿਨ੍ਹਾਂ ਦੇ,
ਕਰਦੇ ਮਾਤ ਗੁਲਾਬਾਂ ਨੂੰ।

ਘੱਟ ਬੋਲਣ ਵੱਧ ਕਾਰਜ ਕਰਦੇ,
ਸਦਾ ਤਰੱਕੀ ਪਾਉਂਦੇ ਉਹ,
ਜਿਸ ਰਸਤੇ ਵੀ ਜਾਂਦੇ ਨੇ ਫਿਰ,
ਹੋਣ ਸਲੂਟ ਜਨਾਬਾਂ ਨੂੰ।

ਰੋਜ਼-ਮਰ੍ਹਾ ਦੇ ਜੀਵਨ ਵਿੱਚੋਂ,
ਕੁੱਝ ਛੱਡਣਾ ਕੁੱਝ ਪਾਉਣਾ ਪੈਂਦੈ,
ਨਿੱਤ ਤਜੁਰਬੇ ਹੋਣ ਅਵੱਲੇ,
ਅੱਗ ਪਵੇ ਜਦ ਆਬਾਂ ਨੂੰ।

ਜਦੋਂ ਸਵਾਲ ਕਿਸੇ ਦੇ ਕੀਤੇ,
ਲੰਘ ਸਿਰੋਂ ਹੀ ਜਾਵਣ ਸਭ,
ਨਾਲ਼ ਠਰੰਮੇ ਦੇਣਾ ਪੈਂਦੈ,
ਫਿਰ ਹੈ ਸੋਚ ਜਵਾਬਾਂ ਨੂੰ।

ਜਦੋਂ ਕਦੇ ਬੇਲੋੜ ਜਿਹਾ ਹੀ,
ਸਿਰ 'ਤੇ ਚੜ੍ਹਦਾ ਹੀ ਜਾਵੇ,
ਫਿਰ ਦੇਹੀ ਦੇ ਅੰਦਰ ਲਗਦੀ,
ਅਗਨੀ ਤੇਲ ਤਲਾਬਾਂ ਨੂੰ।

ਜਦੋਂ ਲੁਟੇਰੇ ਖ਼ੁਦ ਹੋ ਜਾਵਣ,
ਜਨਤਾ ਪਾਲਣਹਾਰੇ ਹੀ,
ਉਸ ਵੇਲੇ ਨਾ ਮਿਲਦਾ ਕੁੱਝ ਵੀ,
ਕਰ ਫਰਿਆਦ ਨਵਾਬਾਂ ਨੂੰ।

ਮੇਰੇ ਪੱਲੇ ਕੁੱਝ ਪਿਆ ਨਾ,
ਜਗ ਦੇ ਏਸ ਝਮੇਲੇ 'ਚੋਂ,
'ਸ਼ਾਇਰ' ਭਰਾਵਾ ਤੂੰ ਕੀ ਪਾਇਆ?
ਦੱਸ ਖਾਂ ਫੋਲ ਕਿਤਾਬਾਂ ਨੂੰ

## ਕਵਿਤਾਵਾਂ / ਜਸ਼ਨਪ੍ਰੀਤ ਕੌਰ ਸਿੱਧੂ

### ਸੁਹਜ ਘੜੀਆਂ

ਫੁੱਲ-ਕਲੀਆਂ ਦਾ ਭਾਰ ਕੀ ਲੱਗਣਾ
ਆਵਦਿਆਂ ਨੂੰ ਆਹਰ ਨਈਂ ਲੱਗਣਾ
ਕੱਠਿਆਂ ਤੁਰੀਏ, ਕਾਹਨੂੰ ਝੁਰੀਏ
ਰੁੱਕੇ ਘੱਲੀਏ, ਰੰਗ ਰੰਗਾ ਕੇ

ਅਸੀਂ ਤਾਂ ਇੱਕੋ ਧਰਤ ਦੇ ਵਾਸੀ,
ਘੁਕਦਾ ਘੇਰਾ, ਉੱਡੇ ਉਦਾਸੀ
ਭੱਜ-ਭੱਜ ਮਿਲੀਏ, ਸਜ-ਸਜ ਮਿਲੀਏ,
ਰੱਜ-ਰੱਜ ਮਿਲੀਏ, ਪੱਜ ਮੁਕਾ ਕੇ

ਖੌਰੇ ਕਿਹੜੇ ਜਰਮ ਦਾ ਨਾਤਾ
ਦੱਸ ਤੂੰ ਮੈਨੂੰ ਕਿੰਝ ਪਛਾਤਾ
ਕੰਨ ਧਰ ਸੁਣੀਏ, ਵਿਉਂਤਾਂ ਬੁਣੀਏ
ਕੀ ਕੁਝ ਕਰੀਏ, ਸਾਂਝਾਂ ਪਾ ਕੇ

ਕੋਲ ਬਿਠਾਵੀਂ, ਬਾਤ ਸੁਣਾਵੀਂ
ਧਿਜੀਂ ਧਿਜਾਵੀਂ, ਰੁੱਸੀਂ ਮਨਾਵੀਂ
ਸੰਵਰ ਜਾਈਏ, ਪੰਘਰ ਜਾਈਏ,
ਸੱਜਰੇ ਹੋਈਏ, ਤੇਰੇ ਆ ਕੇ

ਛਿੱਕਾਂ ਆਵਣ ਹਿਚਕੀ ਆਵੇ
ਯਾਦ ਸੁਹਾਣੀ ਤਲਬ ਜਗਾਵੇ
ਤੰਦ ਤੇਰੀ ਵੀ ਜੁੜੀ ਜੇ ਭਲਿਆ
ਵੇਖ ਸਹੀ ਤੂੰ ਸੱਦ ਬੁਲਾ ਕੇ

ਨਿੱਘੀਆਂ ਰੁੱਤਾਂ, ਮਿੱਠੇ ਮੇਵੇ
ਕਾਦਰ ਕੁਦਰਤ ਕੁੱਲ ਨੂੰ ਦੇਵੇ
ਜੱਗੋਂ ਵੱਖਰੇ, ਮਸਾਂ ਈ ਟੱਕਰੇ,
ਮਿੱਧ ਮਿੱਧ ਭੱਖੜੇ, ਵਾਟਾਂ ਗਾਹ ਕੇ,

ਸਾਨੂੰ ਫੁੱਲ-ਕਲੀਆਂ ਦਾ
ਭਾਰ ਕੀ ਲੱਗਣਾ

### ਸਖੀਆਂ ਦੀ ਵਾਰ

ਆਪੇ ਤੋਂ ਪਾਰ ਹੋ ਕੇ
ਸੈਆਂ ਹਜ਼ਾਰ ਹੋ ਕੇ



ਸਖੀਆਂ ਦੀ ਵਾਰ ਹੋ ਕੇ
ਸੰਚਿਆਂ ਤੇ ਭਾਰ ਹੋ ਕੇ
ਸਾਲਮ ਸਬੂਤੀ ਆਹ ਖੜ੍ਹੀ
ਜੀ ਦੇਸ ਪੰਜਾਬ ਦੀ ਬੇਟੜੀ

ਆਤਣ ਦੀ ਵੇਲ ਕਰਾ ਕੇ
ਝਨਾਂ 'ਚ ਟੁੱਭੀਆਂ ਲਾ ਕੇ
ਮਹਿਲਾਂ ਦੀ ਮੌਜ਼ ਵਗਾਹ ਕੇ
ਥਲਾਂ ਦੀ ਰੇਤਾ ਗਾਹ ਕੇ
ਬੇਲੇ ਦੀ ਬੁੱਕਲ ਜਾ ਵੜੀ
ਜੀ ਦੇਸ ਪੰਜਾਬ ਦੀ ਬੇਟੜੀ

ਜਦੋਂ ਆਈ ਉਮਰਾ ਕੱਚ ਦੀ
ਪੱਬਾਂ ਸੰਗ ਅੱਡੀ ਨੱਚਦੀ
ਸੁਰ-ਤਾਲ ਬਿਨਾ ਨਾ ਬਚਦੀ
ਲਿੱਪੇ ਜਦ ਸੋਭਾ ਸੱਚ ਦੀ
ਜੀਅ ਆਵਦੇ ਤੇ ਧੇ ਧਰੀ
ਜੀ ਦੇਸ ਪੰਜਾਬ ਦੀ ਬੇਟੜੀ

ਜੀਹਦਾ ਬੋਲ ਰੂਹ ਦੀ ਹੂਕ ਹੈ
ਕਦੇ ਚੀਕ ਹੈ, ਕਦੇ ਕੂਕ ਹੈ
ਹੈ ਕਿੰਨੀ ਫੌਲਾਦੀ ਜੰਗ 'ਚ
ਪਿਆਰ 'ਚ ਕੇਹੀ ਮਲੂਕ ਹੈ
ਇਹ ਝੱਲੀ-ਵਲੱਲੀ ਫੁੱਲਝੜੀ
ਜੀ ਦੇਸ ਪੰਜਾਬ ਦੀ ਬੇਟੜੀ

ਛੱਡੋ ਜੀ ਮੱਤਾਂ ਦੇਣੀਆਂ
ਸਾਥੋਂ ਨਾ ਪੂਰੀਆਂ ਪੈਣੀਆਂ
ਮੈਨੂੰ ਕੁੱਲ ਨਜ਼ਰ ਦੀ ਸਾਰ ਹੈ
ਗਿਆਨ ਧਿਆਨ ਇਕਸਾਰ ਹੈ
ਐਵੇਂ ਨਹੀਂ ਹੱਥ ਕਮਾਨ ਫੜੀ
ਜੀ ਦੇਸ ਪੰਜਾਬ ਦੀ ਬੇਟੜੀ

ਓਹ ਦਗਦੇ ਮੱਥੇ ਵਾਲੜੀ
ਓਹ ਭਰਵੇਂ ਭੱਥੇ ਵਾਲੜੀ
ਹੈ ਮੌਜ਼ ਵਿੱਚ ਮਤਵਾਲੜੀ
ਕੋਈ ਰੁਕਾਨ ਹੋਈ ਬਾਲੜੀ
ਐਵੇਂ ਨੀ ਡਰ ਦੀ ਗਹਿਰ ਚੜ੍ਹੀ
ਜੀ ਦੇਸ ਪੰਜਾਬ ਦੀ ਬੇਟੜੀ

ਆਪੇ ਤੋਂ ਪਾਰ ਹੋ ਕੇ
ਸਖੀਆਂ ਦੀ ਵਾਰ ਹੋ ਕੇ...

### ਧਰਤੀ

ਧਰਤੀ ਆਵਦੇ ਰਟੇ ਧੁਰੇ ਤੋਂ
ਥੋੜ੍ਹਾ-ਬਹੁਤ ਉਰ੍ਹੇ-ਪਰ੍ਹੇ
ਉਤਾਂਹ-ਠਾਂਹ ਹੁੰਦੀ ਹੈ,
ਭੁਚਾਲ ਆ ਜਾਂਦੈ।

ਪੈਰ ਉੱਖੜ-ਉੱਖੜ ਜਾਂਦੇ,
ਬੂਹੇ-ਬਾਰੀਆਂ ਖੜਕਣ ਲੱਗਦੀਆਂ,
ਚੀਜ਼ਾਂ-ਵਸਤਾਂ ਥਿੜਕਣ ਲੱਗਦੀਆਂ,
ਯਕਦਮ ਕੰਧਾਂ-ਛੱਤਾਂ ਤਿਆਗ
ਭੱਜਦੇ ਹਾਂ ਬਾਹਰ ਨੂੰ ਵਿਹੜੇ ਵੱਲ

ਪੁੱਛਦੇ ਹਾਂ ਇਕ-ਦੂਜੇ ਤਾਈਂ,
"ਭੁਚਾਲ ਆਇਆ। ਪਤਾ ਲੱਗਿਆ?"
"ਹਾਂ ਭਾਈ,
ਹਝੋਂਕਾ ਜਿਹਾ ਮੈਨੂੰ ਵੀ ਵੱਜਿਆ,
ਜਾਨ ਬਚਾਉਣ ਆ ਅੱਪੜੇ
ਖੁੱਲ੍ਹੇ ਆਸਮਾਨਾਂ ਹੇਠ।"

ਪਰ ਭੁੱਲੇ ਫਿਰਦੇ ਹਾਂ,
ਔਰਤ ਧਰਤੀ ਹੈ।
ਤੇ ਖੁੱਲ੍ਹਾ ਅਸਮਾਨ ਸਭ ਨੂੰ ਚਾਹੀਦੈ।
ਧਰਤੀ ਆਵਦੇ ਰਟੇ ਧੁਰੇ ਤੋਂ
ਥੋੜ੍ਹਾ-ਬਹੁਤ ਉਰ੍ਹੇ-ਪਰ੍ਹੇ
ਉਤਾਂਹ-ਠਾਂਹ ਹੁੰਦੀ ਹੈ,
ਭੁਚਾਲ ਆ ਜਾਂਦੈ।

# ਕਹਾਣੀ / ਖੱਟਾ ਰੰਗ / ਮੁਹੰਮਦ ਇਮਤਿਆਜ਼



ਉਸ ਨੇ ਸ਼ਟਰ ਚੁੱਕਿਆ ਹੀ ਸੀ ਕਿ ਅਵਾਜ਼ ਉਸ ਦੇ ਕੰਨੀਂ ਪਈ। "ਚਾਚਾ...!"

ਉਸ ਨੇ ਪਿੱਛੇ ਮੁੜ ਕੇ ਵੇਖਿਆ। ਜਾਨੀ ਦਾ ਛੋਟਾ ਮੁੰਡਾ ਸਾਈਕਲ ਦਾ ਸਟੈਂਡ ਲਾ ਰਿਹਾ ਸੀ।

"ਸਲਾਮਾਲੇਕਮ!"

"ਵਾਲੇਕਮ ਸਲਾਮ!" ਖ਼ੁਰਸ਼ੀਦ ਨੇ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ।

"ਚਾਚਾ! ਅੱਬਾ ਕਹਿੰਦਾ, ਤੇਰੇ ਨਾਲ ਸਲਾਹ ਕਰਨੀ ਐ!"

"ਹੁਣ ਸਲਾਹ ਕੀ ਕਰਨੀ ਐ, ਮੱਲਾ! ਸਾਰੀ ਪੰਚੈਤ ਤਾਂ ਜੋਰ ਲਾ ਹਟੀ! ਮੈਂ ਐਨੇ ਫੈਸਲੇ ਕਰਵਾਏ ਨੇ, ਐਡਾ ਜਿੱਦੀ ਮੁੰਡਾ ਮੈਂ ਨ੍ਹੀਂ ਦੇਖਿਆ! ਅੱਜ-ਕੱਲ੍ਹ ਦੇ ਜਬਾਕਾਂ ਨੂੰ ਹੋ ਕੀ ਗਿਐ...!?...ਕੋਈ ਨ੍ਹੀਂ, ਮੱਲਾ! ਮੈਂ ਸ਼ਾਮ ਨੂੰ ਦੇਖਦਾਂ ਦਕਾਨ ਬਧਾ ਕੇ!"

ਮੁੰਡਾ ਚਲਾ ਗਿਆ।

ਆਪ ਉਹ ਦੁਕਾਨ ਅੰਦਰ ਆ ਗਿਆ।

ਬੇਤਰਤੀਬੇ ਸਮਾਨ ਨਾਲ ਭਰੀ ਦੁਕਾਨ! ਗੱਲ ਤਾਂ ਮਰੀਅਮ ਠੀਕ ਕਹਿੰਦੀ ਐ! 'ਰਫੀਕ ਐਂਡ ਸੰਨਜ਼' ਨੇ ਦੇਖ ਲੈ, ਕੈਂਚੀਆਂ ਦੀ ਦੁਕਾਨ ਤੋਂ ਈ ਸ਼ੋਅਰੂਮ ਬਣਾ ਲਿਆ। ਪਟਿਆਲੇ-ਲੁੱਦੇਹਾਣੇ ਵਰਗੇ ਸ਼ਹਿਰਾਂ ਤੋਂ ਵੀ ਲੋਕ ਕੈਂਚੀਆਂ ਲੈਣ ਆਉਂਦੇ ਨੇ!

ਝਾੜੂ ਮਾਰਦਿਆਂ ਮਰੀਅਮ ਦੇ ਸ਼ਬਦ ਉਸ ਦੇ ਕੰਨਾਂ ਦੁਆਲੇ ਮੰਡਰਾਏ। "ਸਾਰੀ ਦੁਨੀਆ ਆਪਦਾ-ਆਪਦਾ ਕਾਰੋਬਾਰ ਕਰਦੀ ਐ! ਇਕ ਤੂੰ ਹੀ ਐਂ, ਜਿਹੜਾ ਆਪਦਾ ਕੰਮ-ਕਾਰ ਛੱਡ ਕੇ ਲੋਕਾਂ ਦੇ ਫੈਸਲੇ ਕਰਵਾਉਂਦਾ ਫਿਰਦੈਂ!"

ਸੀਨੇ ਦੀ ਕੁੜੀ ਦੇ ਮਾਮਲੇ ਵੇਲੇ ਵੀ ਕਿੰਨਾ ਬੋਲੀ ਸੀ-"ਪਹਿਲਾਂ ਤੂੰ ਓਹਨੂੰ ਮੋੜ ਕੇ ਲਿਔਣ ਨੂੰ ਅੱਧੀ-ਅੱਧੀ ਰਾਤ ਤੁਰਿਆ ਰਿਹਾ! ਹੁਣ ਤੇਨੂੰ ਓਹਦਾ ਰਿਸ਼ਤਾ ਕਰਾਉਣ ਦਾ ਚਾਓ ਚੜ੍ਹ ਗਿਆ! ਜਦੋਂ ਮੁੰਡੇ ਆਲਿਆਂ ਨੂੰ ਪਤਾ ਲੱਗੂ, ਬਈ ਕੁੜੀ ਕਿਸੇ ਮੁੰਡੇ ਨਾਲ ਭੱਜ ਗਈ ਥੀ, ਅਗਲੇ ਗਲਾਮਾ ਤੇਰਾ ਫੜਨਗੇ ਆਕੇ!"

ਪਰ ਸੀਨੇ ਨਾਈ ਦੇ ਹੰਝੂ ਕਿਤੇ ਦੇਖੇ ਜਾਂਦੇ ਥੀ - "ਖ਼ੁਰਸ਼ੀਦ! ਹੁਣ ਸਾਡੇ ਘਰ ਰਿਸ਼ਤਾ ਕਿਹੜਾ ਕਰੂ! ਬਰਾਦਰੀ ਆਲੇ ਵੀ ਹੁਣ ਮੇਥੋਂ ਮੂੰਹ ਮੋੜੀ ਜਾਂਦੇ ਨੇ!" "ਤੂੰ ਫਿਕਰ ਨਾ ਕਰ! ਆਪਾਂ ਮਲੇਰਕੋਟਲੇ ਤੋਂ ਬਾਹਰ ਲੱਭਦੇ ਆਂ ਮੁੰਡਾ ਕੋਈ!"

ਹੁਣ ਉਸੇ ਕੁੜੀ ਦੇ ਵਿਆਹ 'ਚ ਦੇਖੀਂ ਕਿਵੇਂ ਸੁਰਖੀ-ਪਾਊਡਰ ਮੱਥੀ ਫਿਰੂ! ਕੱਲ੍ਹ-ਪਰਸੋਂ ਪੁੱਛੀ ਜਾਂਦੀ ਥੀ, "ਪ੍ਰਵੀਨ ਦੇ ਅੱਬੇ! ਮੈਂ ਸੋਚਦੀ ਆਂ, ਬਰਾਤ ਨਾਭੇ ਤੋਂ ਆਉਣੀ ਐ! ਮੈਂ ਬਿਆਹ 'ਚ ਖੱਟਾ ਸੂਟ ਪਾ ਲਮਾਂ ਜਿਹੜਾ ਤੂੰ ਨਮਾਂ ਲਿਆਇਐਂ?"

ਪ੍ਰਵੀਨ ਠੀਕ ਕਹਿੰਦੀ ਐ! "ਜਿਹੜਾ ਰਿਸ਼ਤਾ ਅੱਬੇ ਨੇ ਕਰਵਾਇਆ ਹੋਵੇ, ਓਸ ਬਿਆਹ 'ਚ ਅੰਮੀ ਦੀ ਟੋਰ੍ਹ ਈ ਮਾਣ ਨੀ ਹੁੰਦੀ!"

ਊਈਂ, ਏਹਨੂੰ ਆਦਤ ਪਈ ਹੋਈ ਐ ਬੋਲਣ ਦੀ! ਮੁਆਸ਼ਰੇ 'ਚ ਮੇਰੀ ਇੱਜਤ ਦੇਖ ਕੇ ਅੰਦਰੋਂ ਤਾਂ ਬਥੇਰਾ ਖ਼ੁਸ਼ ਹੁੰਦੀ ਐ!

ਮੋਟਰ ਚਲਾ ਉਹ ਸਾਣ ਮੂਹਰੇ ਪਈ ਫੱਟੀ 'ਤੇ ਬੈਠ ਗਿਆ। ਉਸ ਦੇ ਕੰਨਾਂ ਵਿੱਚ ਜਾਨੀ ਦੀਆਂ ਆਪਣੇ ਵੱਡੇ ਮੁੰਡੇ ਬਾਰੇ ਆਖੀਆਂ ਗੱਲਾਂ ਘੁੰਮੀਆਂ। "ਸਾਰੇ ਟੱਬਰ ਨੇ ਜੋਰ ਲਾ ਲਿਆ, ਬਿਆਹ ਨੂੰ ਮੰਨ ਈ ਨ੍ਹੀਂ ਰਿਹਾ!" ਫਿਰ ਉਸ ਨੇ ਅਵਾਜ਼ ਭੇਦਭਰੀ ਬਣਾਈ, "...ਕਿਸੇ ਕੁੜੀ ਦੇ ਚੱਕਰ 'ਚ ਪਿਆ ਹੋਇਐ! ਕਹਿੰਦਾ, ਬਿਆਹ ਓਥੇ ਈ ਕਰਬੌਣੈ! ਤੂੰ ਸਮਝਾਈਂ ਓਹਨੂੰ ਬਠਾ ਕੇ!"

ਦਿਮਾਗ਼ 'ਚ ਚੱਲ ਰਹੇ ਵਿਚਾਰਾਂ ਨੂੰ ਪਰ੍ਹਾਂ ਸੁੱਟਦਿਆਂ ਉਸ ਨੇ ਕੈਂਚੀ ਦਾ ਸਾਣ ਨਾਲ ਸੰਪਰਕ ਕਰਵਾਇਆ। ਚੰਗਾੜੀਆਂ ਨੇ ਮਹੌਲ ਰੰਗਦਾਰ ਬਣਾ ਦਿੱਤਾ। ਜਾਨੀ ਦੀ ਬੈਠਕ ਵਾਲਾ ਮੰਜ਼ਰ ਉਸ ਦੀਆਂ ਅੱਖਾਂ ਅੱਗੇ ਘੁੰਮ ਗਿਆ। ਜਾਨੀ ਦਾ ਭਰਾ, ਸਾਲਾ, ਬਹਿਨੋਈ - ਐਨੇ ਬੰਦੇ ਮੁੰਡੇ ਨੂੰ ਸਮਝਾ ਰਹੇ ਸਨ!

ਜਾਨੀ ਤਾਂ ਮੁੰਡੇ ਦੇ ਪੈਰਾਂ 'ਚ ਪੱਗ ਰੱਖਣ ਤੱਕ ਜਾਂਦਾ ਸੀ, "ਪੁੱਤ! ਮੇਰੀ ਇੱਜਤ ਤੇਰੇ ਹੱਥ ਐ...!" ਇਹ, ਭਲਾਂ, ਗੱਲ ਐ ਕੋਈ!

ਮਜਾਲ ਐ ਜੇ ਮੁੰਡੇ ਦੇ ਸਿਰ 'ਤੇ ਜੂੰ ਸਰਕੀ ਹੋਵੇ!......ਹਠ ਦਾ ਪੱਕੈ! ......ਸਾਨੂੰ ਤਾਂ ਨਾ ਜਵਾਨੀ ਦਾ ਪਤਾ ਹੁੰਦਾ ਥੀ, ਨਾ ਕਿਸੇ ਇਸ਼ਕ ਦਾ!....ਅਸੀਂ ਤਾਂ ਅਪਦੇ ਮਾਂ-ਬਾਪ ਅੱਗੇ ਚੁਰਕਦੇ ਵੀ ਨਹੀਂ ਥੀ! ਉਸ ਨੇ ਸਿਰ ਮਾਰਿਆ। ਇਕ ਹੋਰ ਮੰਜ਼ਰ ਉਸ ਦੀਆਂ ਅੱਖਾਂ ਅੱਗੇ ਉੱਭਰਿਆ।

ਉਦੋਂ ਖ਼ੁਰਸ਼ੀਦ ਨੂੰ ਦੁਕਾਨ 'ਤੇ ਜਾਂਦਿਆਂ ਕੁਝ ਦਿਨ ਹੀ ਹੋਏ ਸਨ। ਉਸ ਨੇ ਅੰਮੀ ਕੋਲ ਗੱਲ ਕੀਤੀ। "ਅੰਮੀ! ਹਉ ਮੋੜ 'ਤੇ ਜਿਹਨਾਂ ਦਾ ਘਰ ਐ, ਉਹਨਾਂ ਦੀ ਕੁੜੀ ਨੀ ਜਿਹੜੀ...!"

"ਕੌਣ? ਜ਼ੁਬੈਦਾਂ!?" ਕਈ ਵਾਰ ਉਹ ਕੁਝ ਲੈਣ-ਫੜਾਉਣ ਅੰਮੀ ਕੋਲ ਆਉਂਦੀ ਸੀ।

"ਹਾਂ! ...ਕੁੜੀ ਤਾਂ ਉਹ ਸਾਊ ਲੱਗਦੀ ਐ!" ਉਸ ਨੇ ਅੱਬੇ ਵਾਲੇ ਲਹਿਜੇ 'ਚ ਗੱਲ ਕੀਤੀ। ਉਸ ਨੂੰ ਇਸ ਤੋਂ ਇਲਾਵਾ

ਸ਼ਬਦ ਨਹੀਂ ਅਹੁੜੇ ਸਨ।

"ਬਥੇਰੀ ਸਾਊ ਐ ਬਚਾਰੀ! ਤੇਨੂੰ ਕੀ, ਪੁੱਛਦਾ ਥੀ ਕੋਈ?"

ਉਸ ਦੇ ਸੀਨੇ ਅੰਦਰ ਧੜਕਨ ਤੇਜ਼ ਹੋ ਗਈ। ਗੱਲ ਨੂੰ ਮੁੱਦੇ ਵੱਲ ਮੋੜਨ ਲਈ ਉਸ ਨੇ ਸ਼ਬਦ ਲੱਭੇ। "ਉਹਦਾ ਰਿਸ਼ਤਾ ਤਾਂ ਨ੍ਹੀਂ ਹੋਇਆ ਕਿਧਰੇ?"

"ਆਹੋ, ਪੁੱਤ! ਹੁਣ ਹੋਊਗਾ ਈ! ਕੋਠੇ ਜਿੱਡੀਆਂ ਕੁੜੀਆਂ ਨੂੰ ਘਰੇ ਬਠਾਇਆ ਜਾਂਦੈ ਕਿਤੇ! ਮੁੰਡੇ ਆਲੇ ਗੁਆਂਢ-ਮੱਥੇ 'ਤੋਂ ਪੁੱਛਦੇ ਈ ਹੁੰਦੇ ਨੇ! ਜਿਹੜਾ ਵੀ ਕੋਈ ਪੁੱਛੇ, ਅਗਲੇ ਨੂੰ ਚੰਗਾ ਈ ਕਹੀਂ! ਆਪਣੇ ਬੀ ਤਾਂ ਕੁੜੀਆਂ ਹੈਗੀਆਂ ਨੇ! ਅੱਲ੍ਹਾ ਕਿਸੇ ਧੀ ਦੇ ਰਿਸ਼ਤੇ 'ਚ ਅੜਿੱਕਾ ਨਾ ਪਾਵੇ!"......

ਉਸ ਨੇ ਕੈਂਚੀ ਦੀ ਧਾਰ 'ਤੇ ਉਂਗਲ ਫੇਰੀ। ਹਾਲੀਂ ਕੱਚ ਸੀ! ਕੈਂਚੀ ਮੁੜ ਸਾਣ ਨੇੜੇ ਕੀਤੀ।

ਸਾਣ ਨਾਲ ਕੈਂਚੀ ਦਾ ਮੇਲ ਕਰਵਾਉਂਦਿਆਂ ਹੀ ਚੰਗਾੜੀਆਂ ਹਵਾ ਵਿਚ ਉੱਡੀਆਂ।

ਚੰਗਾੜੀਆਂ ਦੇ ਲਾਲ-ਪੀਲੇ ਰੰਗ ਮਿਲ ਕੇ ਖੱਟੇ 'ਚ ਬਦਲਣ ਲੱਗੇ। ਇਕ ਧੁੰਦਲਾ ਚਿਹਰਾ ਉੱਭਰਿਆ – ਖੱਟੇ ਰੰਗ ਦੇ ਜੋੜੇ 'ਚ ਲਿਪਟਿਆ। ਖ਼ੁਰਸ਼ੀਦ ਦੇ ਢਿੱਡ 'ਚ ਜੰਮਿਆ ਲਾਵਾ ਪਿਘਲ ਕੇ ਰੰਗਦਾਰ ਫੁਹਾਰੇ ਦੇ ਰੂਪ 'ਚ ਫੁੱਟ ਪਿਆ। ਉਸ ਨੇ ਕੈਂਚੀ ਪਾਸੇ ਰੱਖ ਦਿੱਤੀ।

......"ਅੰਮੀ ਤਾਂ ਵੈਸੇ ਈ ਅੰਦਾਜ਼ੇ ਲਾਉਂਦੀ ਰਹਿੰਦੀ ਐ!" "ਹਾਲੀਂ ਕਿਥੋਂ ਰਿਸ਼ਤਾ ਹੋ ਗਿਆ ਹੋਊ ਉਹਦਾ!"

ਪਰ ਪੰਦਰਾਂ-ਵੀਹ ਦਿਨਾਂ ਅੰਦਰ ਹੀ ਕੌੜਾ ਸੱਚ ਉਸ ਦੀਆਂ ਅੱਖਾਂ ਅੱਗੇ ਨੱਚਣ ਲੱਗ ਪਿਆ। ਆਪਣੇ ਮੰਗਣੇ ਮਗਰੋਂ ਉਹ ਕੁੜੀ ਉਹਨਾਂ ਦੇ ਘਰ ਆਉਣੋਂ ਵੀ ਹਟ ਗਈ ਸੀ। ਕਿੰਨੀ ਦੇਰ ਖੱਟਾ ਰੰਗ ਖ਼ੁਰਸ਼ੀਦ ਦੇ ਸੁਪਨਿਆਂ ਵਿੱਚ ਤੈਰਦਾ ਰਿਹਾ।

"ਹਾਲੀਂ ਵੀ ਕਿਹੜਾ ਉਹਦਾ ਵਿਆਹ ਹੋ ਗਿਆ! ਜੇ ਮੈਂ ਅੰਮੀ ਨਾਲ ਗੱਲ ਕਰਕੇ ਦੇਖਾਂ ਤਾਂ...!" ਪਰ ਨਾਲ ਹੀ ਅੰਮੀ ਦੇ ਸ਼ਬਦ ਉਸ ਦੇ ਚੇਤੇ ਵਿੱਚ ਤਾਜ਼ੇ ਹੋ ਜਾਂਦੇ। "...ਆਪਣੇ ਬੀ ਤਾਂ ਕੁੜੀਆਂ ਹੈਗੀਆਂ ਨੇ! ਅੱਲ੍ਹਾ ਕਿਸੇ ਧੀ ਦੇ ਰਿਸ਼ਤੇ 'ਚ ਅੜਿੱਕਾ ਨਾ ਪਾਵੇ!"

ਉਸ ਨੇ ਖ਼ਿਆਲਾਂ 'ਚ ਅੱਬੇ ਨੂੰ ਕੁੜੀ ਦੇ ਘਰ ਗੱਲ ਕਰਨ ਲਈ ਭੇਜਿਆ। ਅਗਲੀ ਵਾਰ ਅੱਬਾ ਤਾਏ ਤੇ ਮਾਮੇ ਹੁਰ੍ਹਾਂ ਨਾਲ ਲੱਡੂਆਂ ਦੇ ਥਾਲ ਲੈ ਕੇ ਗਿਆ। ਫਿਰ ਅੰਮੀ ਵੀ 'ਆਪਣੀ ਨੂੰਹ' ਨੂੰ ਸੂਟ ਦੇ ਕੇ ਆਈ!......!....

ਉਸ ਨੇ ਕੈਂਚੀ ਮੁੜ ਚੁੱਕ ਲਈ। ਏਹਨਾਂ ਖ਼ਿਆਲਾਂ 'ਚ ਕੁਸ਼ ਨ੍ਹੀਂ ਰੱਖਿਆ!

ਕੈਂਚੀ ਨੂੰ ਮੁੜ ਸਾਣ ਨੇੜੇ ਲਿਜਾਣ ਲਈ ਜ਼ੋਰ ਲਾਇਆ। ਪਰ ਉਸ ਦੇ ਹੱਥ ਜਿਵੇਂ ਬਰਫ਼ ਹੋ ਗਏ ਹੋਣ! ਖ਼ਿਆਲਾਂ ਦੀ ਮਿਠਾਸ ਨੇ ਉਸ ਦੇ ਦਿਮਾਗ਼ ਦਾ ਕੋਨਾ-ਕੋਨਾ ਮੱਲ ਲਿਆ ਸੀ।

ਥੋੜ੍ਹੀ ਦੇਰ ਖ਼ਿਆਲ ਈ ਸਹੀ...! ਉਸ ਨੇ ਹਾਰ ਮੰਨ ਲਈ। ਅਗਲਾ ਮੰਜ਼ਰ ਚਿਤਵਦਿਆਂ ਉਸ ਦੀਆਂ ਅੱਖਾਂ ਵਿੱਚ ਚਮਕ ਆ ਗਈ।

ਸ਼ਾਇਦ ਇਹ ਦਸਵੀਂ ਦੀ ਗੱਲ ਸੀ!

....ਉਸ ਦਿਨ ਜਿਉਂ ਹੀ ਉਹ ਘਰ ਦੇ ਦਰਵਾਜ਼ੇ 'ਤੇ ਪਹੁੰਚਿਆ, ਉਸ ਨੂੰ ਅੰਦਰੋਂ ਖੱਟੇ ਰੰਗ ਦੇ ਦੁਪੱਟੇ ਦੀ ਝਲਕ ਦਿਸੀ। ਉਸ ਨੂੰ ਯਕੀਨ ਸੀ ਕਿ ਇਹ ਉਹੋ ਹੀ ਕੁੜੀ ਸੀ!

ਉਸ ਨੇ ਘਰ ਦੀ ਦੇਹਲੀ ਟੱਪਣ 'ਚ ਗਿਣ-ਮਿੱਥ ਕੇ ਇੰਨੀ ਕੁ ਦੇਰ ਕੀਤੀ ਕਿ ਅੰਦਰ ਵੜਨ ਲੱਗਿਆਂ ਉਹ ਉਸ ਨਾਲ ਟਕਰਾ ਜਾਵੇ। ਪਰ ਕੁੜੀ ਮੁਸਕੁਰਾਉਂਦਿਆਂ ਨੀਵੀਂ ਪਾ ਕੇ ਪਾਸਿਉਂ ਲੰਘ ਗਈ!

ਪਿੱਛੋਂ ਜਿਵੇਂ ਦੁਆਲੇ ਦੀ ਹਵਾ ਨੇ ਉਸ ਦੇ ਦੁਪੱਟੇ ਤੋਂ ਲਾਟ ਫੜ ਲਈ ਹੋਵੇ! ਖ਼ੁਰਸ਼ੀਦ ਦੀਆਂ ਅੱਖਾਂ ਵਿੱਚ ਭਾਂਬੜ ਬਣ ਚੁੱਕੇ ਖੱਟੇ ਰੰਗ ਦੀ ਪਰਛਾਈ ਰਹਿ ਗਈ!....

...ਕੈਂਚੀਆਂ... ਖੱਟਾ ਰੰਗ... ਧੁੰਦਲਾ ਚਿਹਰਾ... ਇੱਕਾ-ਦੁੱਕਾ ਗਾਹਕ... ਮਗ਼ਰਿਬ ਦੀ ਅਜ਼ਾਨ ਹੋਈ।

ਸ਼ਟਰ ਬੰਦ ਕਰ ਉਸ ਨੇ ਜੰਦੇ 'ਚ ਚਾਬੀ ਘੁਮਾਈ। ਜੰਦੇ ਨੂੰ ਖਿੱਚ ਕੇ ਵੇਖਿਆ। ਤਸੱਲੀ ਹੋ ਗਈ ਤਾਂ ਉਸ ਨੇ ਚਾਬੀ ਜੇਬ 'ਚ ਪਾ ਲਈ।

ਤੇਲੀਆਂ ਵਾਲੇ ਬਜ਼ਾਰ 'ਚ ਚਹਿਲ-ਪਹਿਲ ਸੀ। ਜਨਾਨੀਆਂ ਹਾਲੀਂ ਵੀ ਸਬਜ਼ੀ-ਭਾਜੀ ਖਰੀਦ ਰਹੀਆਂ ਸਨ।

ਮਰੀਅਮ ਦੀ ਕੁੜਕੁੜ ਉਸ ਦੇ ਦਿਮਾਗ਼ ਵਿੱਚ ਰੜਕੀ। "ਸਾਝਰੇ ਈ ਦੁਕਾਨ ਬਧਾ ਆਉਨੈਂ! ਮਤੇ ਕੋਈ ਗਾਹਕ ਨਾ ਆ-ਜੇ ਦੁਕਾਨ 'ਤੇ!" ਉਸ ਦਾ ਮੂੰਹ ਕੁਸੈਲਾ ਹੋ ਗਿਆ। ਏਹਨੂੰ ਕਿੰਨੀ ਵਾਰੀ ਸਮਝਾਇਐ, ਬਈ, ਹਰੇਕ ਕਾਰੋਬਾਰ ਦਾ ਆਪੋ-ਆਪਣਾ ਟੈਮ ਹੁੰਦੈ! ਹੁਣ ਮੇਰੀ ਕਿਹੜਾ ਹਮੀਦ ਵਾਂਗ ਸਾਰੀ ਰਾਤ ਚਾਹ ਵਿਕਣੀ ਐ! ਐਸ ਟੈਮ ਕਿਹੜਾ ਆਊ ਬਜਾਰ 'ਚ ਕੈਂਚੀਆਂ ਟੋਲ੍ਹਦਾ!

ਉਸ ਨੇ ਮਿੱਠੀਆਂ ਯਾਦਾਂ ਨੂੰ ਦਿਮਾਗ਼ ਵਿੱਚੋਂ ਟਟੋਲਿਆ।...... ਜਦੋਂ ਉਹ ਦਸਵੀਂ ਪੂਰੀ ਕਰਕੇ ਨਵਾਂ-ਨਵਾਂ ਦੁਕਾਨ 'ਤੇ ਆਉਣ ਲੱਗਿਆ ਸੀ। ਕਿੱਡੇ ਸੋਹਣੇ ਦਿਨ ਸੀ ਉਹ!!

ਅੱਬੇ ਨੇ ਉਸਤਾਦਾਂ ਵਾਂਗ ਕੰਮ ਸਿਖਾਇਆ! ਮਜਾਲ ਐ ਕੋਈ ਰਿਆਇਤ ਕੀਤੀ ਹੋਵੇ। ਉਸ ਦਾ ਹੱਥ ਹਮੇਸ਼ਾ ਕੈਂਚੀ ਦੀ ਧਾਰ 'ਤੇ ਅਤੇ ਕੰਨ ਅੱਬੇ ਵੱਲ ਰਹਿੰਦੇ ਸਨ!

ਅੱਬਾ ਚਾਹੇ ਕੰਮ 'ਚ ਸਖ਼ਤ ਸੀ, ਪਰ ਉਹਨੂੰ ਵਿਹਲਾ ਅਸਰ ਵੇਲੇ ਈ ਕਰ ਦਿੰਦਾ ਸੀ! ਇਕ ਦਿਨ ਅੱਬਾ ਦੁਕਾਨ ਅੰਦਰ ਬੈਠੇ ਆਪਣੇ ਆੜੀਆਂ ਨੂੰ ਕਹਿ ਰਿਹਾ ਸੀ, "ਜੇ ਜਵਾਕ ਨੂੰ ਥੋੜ੍ਹੀ ਖੁੱਲ੍ਹ ਦੇਈ ਰੱਖੋ, ਤਾਂ ਕੰਮ 'ਚ ਉਹਦੀ ਦਿਲਚਸਪੀ ਬਣੀ ਰਹਿੰਦੀ ਐ!"

ਸ਼ਾਮ ਨੂੰ ਖ਼ੁਰਸ਼ੀਦ ਹਮੀਦ ਦੇ ਖੋਖੇ 'ਤੇ ਜਾ ਬਹਿੰਦਾ!

ਹਨੇਰਾ ਹੋਣ ਤੱਕ ਆੜੀ-ਦੋਸਤ ਚਾਹ ਪੀਂਦੇ ਰਹਿੰਦੇ ਤੇ ਗੱਲਾਂ ਮਾਰਦੇ ਰਹਿੰਦੇ। ਮਗ਼ਰਿਬ ਦੀ ਨਮਾਜ਼ ਹੁੰਦਿਆਂ ਹੀ ਹਮੀਦ ਦਾ ਅੱਬਾ ਖੋਖੇ 'ਤੇ ਆ ਜਾਂਦਾ। ਸਾਰੇ ਆਪੋ-ਆਪਣੇ ਘਰਾਂ ਨੂੰ ਤੁਰ ਪੈਂਦੇ।

ਜੁਮੇ ਨੂੰ ਅੱਬਾ ਦੁਕਾਨ ਬੰਦ ਰੱਖਦਾ ਸੀ। ਛੇ ਦਿਨ ਮਿਹਨਤ ਕਰਕੇ ਸੱਤਵਾਂ ਦਿਨ ਇਬਾਦਤ 'ਚ ਗੁਜ਼ਾਰਿਆ ਜਾਵੇ! ਸਵੇਰੇ 'ਤੋਂ ਹੀ ਅੱਬਾ ਗ਼ੁਸਲ ਕਰਕੇ ਚਿੱਟੇ ਕੱਪੜੇ ਪਾ ਲੈਂਦਾ। "ਜੁਮੇ ਦੀ ਅਜ਼ਾਨ ਤੋਂ ਪਹਿਲਾਂ ਜਿਹੜਾ ਬੰਦਾ ਮਸੀਤ 'ਚ ਦਾਖ਼ਲ ਹੁੰਦੈ, ਮਸੀਤ ਦੇ ਦਰਵੱਜੇ 'ਤੇ ਖੜ੍ਹੇ ਫਰਿਸ਼ਤੇ ਉਹਦਾ ਇਸਤਕਬਾਲ ਕਰਦੇ ਨੇ!" ਅੱਬੇ ਨੇ ਉਸ ਨੂੰ ਕਈ ਵਾਰ ਆਖਿਆ ਸੀ।

ਪਰ ਉਹ ਟਾਇਮ ਨਾਲ ਈ ਮਸੀਤ 'ਚ ਵੜਦਾ। ਦੋ ਵਾਜਬ ਰਕਾਤਾਂ ਪੜ੍ਹ ਕੇ ਹੀ ਭੱਜ ਆਉਂਦਾ।

ਅੱਬਾ ਮਸੀਤੋਂ ਆਉਂਦਿਆਂ ਕਸਾਈ ਦਿਉਂ ਗੋਸ਼ਤ ਲਈਂ ਆਉਂਦਾ। ਪੱਕ ਰਹੇ ਗੋਸ਼ਤ ਤੇ ਰਿੱਝ ਰਹੀ ਖੀਰ ਦੀਆਂ ਖ਼ੁਸ਼ਬੋਆਂ ਖ਼ੁਰਸ਼ੀਦ ਅੰਦਰ ਸ਼ਾਮ ਤੱਕ ਕੁਤਕੁਤਾੜੀਆਂ ਕੱਢਦੀਆਂ ਰਹਿੰਦੀਆਂ।

ਜਿਸ ਦਿਨ ਦਾਅ ਲੱਗਦਾ, ਅੱਬੇ ਤੋਂ ਚੋਰੀਓਂ ਉਹ ਆੜੀਆਂ ਨਾਲ ਕਮਲ ਸਿਨਮੇ ਫਿਲਮ ਵੀ ਦੇਖ ਆਉਂਦਾ ਸੀ!....

ਪਤਾ ਹੀ ਨਹੀਂ ਲੱਗਿਆ ਕਦੋਂ ਮੁਹੱਲੇ ਦਾ ਮੋੜ ਆ ਗਿਆ।

ਘਰ ਅੰਦਰ ਵੜਦਿਆਂ ਹੀ ਉਸ ਨੂੰ ਗੁਆਂਢੀਆਂ ਦਾ ਜਵਾਕ ਟੱਕਰਿਆ। "ਤਾਇਆ! ਤੇਰਾ ਟੈਲੀਫ਼ੂਨ ਆਇਐ!"

ਉਹਨੀਂ ਪੈਰੀਂ ਉਹ ਜਵਾਕ ਦੇ ਪਿੱਛੇ-ਪਿੱਛੇ ਬਾਹਰ ਨਿੱਕਲ ਗਿਆ।

ਜਦੋਂ ਉਸ ਨੇ ਦੁਬਾਰਾ ਘਰ ਪੈਰ ਪਾਇਆ ਤਾਂ ਮਰੀਅਮ ਦੀ ਚੀਖ਼ਵੀਂ ਅਵਾਜ਼ ਆਈ, "ਕੀਹਦਾ ਥੀ?"

"ਓ, ਜਾਨੀ ਦਾ ਥੀ! ਉਹਦੇ ਮੁੰਡੇ ਦਾ ਰੌਲ਼ੈ ਕੋਈ!....!" ਕੌਲੀ 'ਚ ਦਾਲ ਪਾ ਰਹੀ ਪ੍ਰਵੀਨ ਨੂੰ ਵੇਖ ਕੇ ਉਸ ਨੇ ਅਗਲੇ ਵਾਕ ਜੀਭ ਥੱਲੇ ਦੱਬ ਲਏ।

"ਬੱਸ! ਦਕਾਨ ਤੋਂ ਆਉਂਦਿਆਂ ਈ ਹੁਣ ਓਧਰ ਨੂੰ ਤੁਰ ਪੈ! ਅਪਦੇ ਨਿਆਣਿਆਂ ਦੀ ਕੋਈ ਫਿਕਰ ਨ੍ਹੀਂ! ਕੁੜੀ ਦੇਖ ਲੈ, ਕੋਠੀ ਜਿੱਡੀ ਹੋਈ ਜਾਂਦੀ ਐ!"

"ਅੰਮੀ! ਹੁਣ ਤੂੰ ਮੇਰੇ ਮਗਰ ਪੈ-ਜਾ!....!" ਪ੍ਰਵੀਨ ਦਾ ਮੂੰਹ ਚਿੜਚਿੜਾ ਹੋ ਗਿਆ।

ਮਰੀਅਮ ਬੁੜਬੁੜ ਕਰਦੀ ਰਹੀ। ਖ਼ੁਰਸ਼ੀਦ ਨੇ ਨਲਕੇ ਅੱਗੇ ਹੱਥ-ਪੈਰ ਧੋਤੇ, ਤੇ ਆ ਕੇ ਚੁੱਲ੍ਹੇ ਅੱਗੇ ਪਈ ਪੀੜ੍ਹੀ 'ਤੇ ਬੈਠ ਗਿਆ।

ਪ੍ਰਵੀਨ ਨੇ ਪੋਣੇ 'ਚ ਲਪੇਟੀਆਂ ਰੋਟੀਆਂ ਛਾਬੇ 'ਚ ਰੱਖੀਆਂ। ਦਾਲ ਦੀ ਕੌਲੀ ਉੱਤੇ ਟਿਕਾ ਉਸ ਨੇ ਖੁਰਸ਼ੀਦ ਨੂੰ ਫੜਾ ਦਿੱਤੀ।

ਬੁਰਕੀ ਉਸ ਨੂੰ ਮੂੰਹ ਵਿਚ ਫੁੱਲਦੀ ਮਹਿਸੂਸ ਹੋਈ। ਐਡਾ ਕਿਹੜਾ ਇਸ਼ਕ ਚੜ੍ਹਿਐ ਏਹਨਾਂ ਨੂੰ!......ਇਹ ਪੀੜ੍ਹੀ ਤਾਂ ਅਲਹਿਦਾ ਈ ਐ!....!

ਉਸ ਦੀਆਂ ਅੱਖਾਂ ਅੱਗੇ ਸੀਨੇ ਨਾਈ ਦੇ ਅੱਬੇ ਦਾ ਚਿਹਰਾ ਉੱਭਰਿਆ – "ਭਾਈ! ਸਾਰੇ ਟੱਬਰ ਨੂੰ ਰੋਟੀ ਐ ਵਿਆਹ ਦੀ!" ਅੱਬਾ-ਅੰਮੀ ਤੇ ਭੈਣਾਂ – ਸਾਰੇ – ਉਸ ਕੁੜੀ ਦੇ ਵਿਆਹ 'ਤੇ ਗਏ ਸਨ। ਪਰ ਖ਼ੁਰਸ਼ੀਦ ਘਰ ਪਿਆ ਰਿਹਾ ਸੀ! ਕਿੰਨੇ ਦਿਨ ਉਸ ਨੂੰ ਰੋਟੀ ਕਸੈਲੀ ਲੱਗਦੀ ਰਹੀ ਸੀ।......

"ਅੱਬਾ! ਮੇਰਾ ਸੂਟ ਕਿਹੋ ਜਿਹੈ?"

ਧਿਆਨ ਪਰਤਦਿਆਂ ਹੀ ਉਸ ਨੇ ਮੂੰਹ ਵਿਚਲੀ ਬੁਰਕੀ ਨੂੰ ਮੁੜ ਚੱਬਣਾ ਸ਼ੁਰੂ ਕਰ ਦਿੱਤਾ। ਗਰਦਨ ਚੁੱਕੀ।


ਖ਼ਿਆਲਾਂ ਦੇ ਜਾਲਿਆਂ ਵਿੱਚੋਂ ਵੇਖਿਆ। ਖੱਟੇ ਸੂਟ ਵਿਚ ਭਰ-ਜਵਾਨ ਮਰੀਅਮ ਬਲ਼ ਰਹੀ ਸੀ!

ਉਸ ਅੰਦਰੋਂ ਚੰਗਾੜੀਆਂ ਫੁੱਟੀਆਂ।

"ਜਿਹੜਾ ਤੂੰ ਖੱਟਾ ਸੂਟ ਲਿਆਂਦਾ ਥੀ, ਉਹ ਅੰਮੀ ਨੇ ਮੈਨੂੰ ਸਵਾ-'ਤਾ! ਸੀਨੇ ਚਾਚੇ ਕੇ ਵਿਆਹ ਵਾਹਤੇ!" ਪ੍ਰਵੀਨ ਦੀ ਚਹਿਕਦੀ ਅਵਾਜ਼ ਆਈ।

ਖ਼ੁਰਸ਼ੀਦ ਨੇ ਆਪਣੀਆਂ ਅੱਖਾਂ 'ਤੇ ਜ਼ੋਰ ਪਾਇਆ।

ਪ੍ਰਵੀਨ ਦੇ ਚਿਹਰੇ ਦੀ ਪਛਾਣ ਆਉਂਦਿਆਂ ਹੀ ਉਸ ਨੇ ਅੱਖਾਂ ਝੁਕਾ ਲਈਆਂ। **89680-62521**












## ਕਵਿਤਾਵਾਂ / ਅਮਨਜੀਤ ਕੌਰ ਸ਼ਰਮਾ



### ਸੱਚ

ਕਹਿਣਾ ਸੱਚ ਗੁਨਾਹ ਨੀ ਹੁੰਦਾ
ਸੱਚ ਤਾਂ ਕਦੇ ਫ਼ਨਾਹ ਨੀ ਹੁੰਦਾ।

ਜਿਨ੍ਹਾਂ ਸੱਚ ਨੂੰ ਪੱਲੇ ਬੰਨ੍ਹਿਆ
ਝੂਠ ਉਹਨਾਂ ਦੀ ਚਾਹ ਨੀ ਹੁੰਦਾ।

ਮੰਜ਼ਿਲ ਉੱਤੇ ਪਹੁੰਚਣ ਦੇ ਲਈ
ਸੱਚ ਤੋਂ ਵੱਡਾ ਰਾਹ ਨੀ ਹੁੰਦਾ।

ਝੂਠ ਦੇ ਸਿਰ ਓ ਭਲਿਓ ਲੋਕੋ!
ਇਸ ਦੁਨੀਆਂ ਨੂੰ ਗਾਹ ਨੀ ਹੁੰਦਾ।

ਸੱਚ ਤਾਂ ਕੋਠੇ ਚੜ੍ਹ ਵੀ ਨੱਚਦਾ
ਝੂਠ ਦਾ ਕੋਈ ਵਸਾਹ ਨੀ ਹੁੰਦਾ।

ਝੂਠ ਬੋਲ ਭਾਵੇਂ ਦੁਨੀਆਂ ਜਿੱਤ ਲਏ
ਪਰਲੋਕ 'ਚ ਪਰ ਕੋਈ ਥਾਹ ਨਹੀਂ ਹੁੰਦਾ

ਬਾਬੇ ਨਾਨਕ ਦਾ ਵੀ ਹੋਕਾ
ਝੂਠ ਦਾ ਮਾਫ਼ ਗੁਨਾਹ ਨੀ ਹੁੰਦਾ।

ਸੱਚੋ ਸੱਚ ਸਿਆਣੇ ਕਹਿ ਗਏ
ਸੱਚ ਕਦੇ ਗਲ਼ ਦਾ ਫਾਹ ਨੀ ਹੁੰਦਾ

ਤੂੰ ਕਿਉਂ ਸੋਚੀਂ ਪੈ ਗਈ ਅਮਨੇ
ਸੱਚ ਬਿਨ ਸਾਹ ਹੀ ਸਾਹ ਨੀ ਹੁੰਦਾ।

### ਕਿੱਸੇ

ਨਿਰਾਲੇ ਨੇ ਨਫ਼ਰਤਾਂ ਅਤੇ ਖਿਦਮਤਾਂ ਦੇ ਕਿੱਸੇ,
ਅੱਲਾਹ ਦੀ ਬੰਦਗੀ ਤੇ ਚਾਹਤਾਂ ਦੇ ਕਿੱਸੇ।

ਬੰਦਿਆ! ਤੂੰ ਛੱਡ ,ਤੇਰੇ ਵੱਸ ਦੀ ਨਾ ਗੱਲ
ਹੁੰਦੇ ਨੇ ਅਜੀਬ ਇਹ ਮੁਹੱਬਤਾਂ ਦੇ ਕਿੱਸੇ।

ਬੰਦਗੀ ਕਰ ਨਾਲ ਸੁੱਚੜੇ ਅਹਿਸਾਸ ਤੂੰ
ਐਵੇਂ ਨੀ ਮਿਲਦੇ ਉਹਦੀਆਂ ਰਹਿਮਤਾਂ ਦੇ ਕਿੱਸੇ।

ਜਦੋਂ ਹੋਵੇ ਦਇਆਲ ਤੇ ਦਿੰਦਾ ਛੱਤਾਂ ਪਾੜ ਕੇ
ਬਿਆਨ ਨਾ ਹੁੰਦੇ ਉਹਦੀਆਂ ਬਖ਼ਸ਼ਿਸ਼ਾਂ ਦੇ ਕਿੱਸੇ।

ਜਿਸ ਨੂੰ ਨਵਾਜ਼ੇ ਉਹ ਪਰਵਰਦਿਗਾਰ ਮੇਰਾ
ਫੇਰ ਰੂਹ ਨੂੰ ਰਜਾਉਂਦੇ ਨਵਾਜਿਸ਼ਾਂ ਦੇ ਕਿੱਸੇ।

ਜਦ ਰੋਹ 'ਚ ਆਉਂਦਾ, ਤਾਂ ਦੇਖੇ ਨਾ ਅੱਗਾ ਪਿੱਛਾ
ਰਾਜੇ ਵੀ ਭੁਗਤਣ ਫੇਰ ਗੁਰਬਤਾਂ ਦੇ ਕਿੱਸੇ।

ਅਜ਼ਲਾਂ ਤੋਂ ਬਖ਼ਸ਼ਦਾ ਆਇਆ ਗੁਨਾਹ ਤੇਰੇ
ਛੱਡ ਦੁਹਰਾਉਣੇ ਅਮਨ ਗੁਨਾਹਾਂ ਦੇ ਕਿੱਸੇ।

### ਸੱਜਣਾ

ਤੈਨੂੰ ਕੁਝ ਨੀ ਕਹਿਣਾ ਸੱਜਣਾ
ਤੇਰੇ ਬਿਨ ਨੀ ਰਹਿਣਾ ਸੱਜਣਾ

ਤੂੰ ਭਾਵੇਂ ਨਾ ਮੁੱਖੋਂ ਬੋਲੇ
ਤੈਨੂੰ ਤੱਕਦੇ ਰਹਿਣਾ ਸੱਜਣਾ

ਕੌਡੀ ਭਾਵੇਂ ਮੁੱਲ ਨਾ ਸਾਡਾ
ਪਰ ਤੂੰ ਸਾਡਾ ਗਹਿਣਾ ਸੱਜਣਾ

ਤੇਰੇ ਨਾਵੇਂ ਜਿੰਦ ਲਾ ਛੱਡੀ
ਤੇਰੇ ਦਿਲ ਵਿੱਚ ਰਹਿਣਾ ਸੱਜਣਾ

ਕਲੀਆਂ ਵਰਗੀ ਜਿੰਦ ਮਲੂਕ ਐ
ਜ਼ੁਲਮ ਤੇਰਾ ਹੱਸ ਸਹਿਣਾ ਸੱਜਣਾ

ਰੱਖ ਲਈਂ ਸੀਨੇ ਨਾਲ ਲਗਾ ਕੇ
ਯਾਦ ਵੀ ਹੁੰਦੀ ਗਹਿਣਾ ਸੱਜਣਾ

ਜਦ ਵੀ ਘੜੀ ਵਸਲ ਦੀ ਆਊ
ਢੁੱਕ ਢੁੱਕ ਨੇੜੇ ਬਹਿਣਾ ਸੱਜਣਾ

ਦਿਲ ਦੇ ਦਸਤਾਵੇਜ਼ ਦੇ ਉੱਤੇ
ਨਾਂ ਤੇਰਾ ਲਿਖ ਲੈਣਾ ਸੱਜਣਾ

ਤੇਰੀ ਹਿੱਕ ਤੇ ਸਿਰ ਰੱਖ ਕੇ ਫਿਰ
ਵੇਗ 'ਚ ਡੂੰਘੇ ਲਹਿਣਾ ਸੱਜਣਾ।

## ਹਿੰਦੀ ਕਵਿਤਾਵਾਂ / ਡਾ. ਜਤਿੰਦਰ ਕੁਮਾਰ ਸੋਨੀ — ਅਨੁਵਾਦ: ਗੁਰਮੀਤ ਬਰਾੜ

### ਦਾਮਿਨੀ-ਇੱਕ

ਤੂੰ ਸੋਚਦਾ ਹੈਂ
ਜੀਨਾਂ-ਸ਼ੀਨਾਂ
ਸਕਰਟਾਂ ਕਰਕੇ
ਹੁੰਦਾ ਹੈ
ਜ਼ਬਰ-ਜਿਨਾਹ

ਤੂੰ ਫਿਰ ਕਹਿੰਦਾ ਹੈਂ
ਕਿ
ਹਿੱਕ ਦੇ ਉਭਾਰਾਂ ਕਰਕੇ
ਹੁੰਦੀ ਹੈ ਮੱਲੋ-ਜ਼ੋਰੀ
ਤਾਂ ਫਿਰ
ਕਿਉਂ ਹੁੰਦੀ ਹੈ ਸ਼ਿਕਾਰ
ਪੰਜ ਸਾਲਾਂ ਦੀ
ਬਾਲੜੀ

ਤੂੰ ਤਾਂ
ਅੜਿਆ ਰਿਹਾ
ਇਸ ਗੱਲ ਤੇ
ਕਿ
ਗ਼ੈਰਾਂ ਤੋਂ ਬਚ ਕੇ ਰਹਿ
ਤਾਂ ਫਿਰ
ਕਿਉਂ ਲੁੱਟਦੇ ਨੇ
ਆਬਰੂ
ਬਾਬਲ ਤੇ ਜੰਮੇ ਨਾਲ਼ ਦੇ?

ਫਿਰ ਕਹਿੰਦਾ ਹੈਂ
ਨਾ ਕਰੀਂ ਸ਼ਿੰਗਾਰ
ਤਾਂ ਫਿਰ
ਕਿਉਂ ਲੁੱਟਦੀ ਹੈ
ਮੇਰੇ ਗਰਾਂ ਦੀ
ਸਾਦ-ਮੁਰਾਦੀ
ਨਾਰ?

ਇਸ ਤੋਂ ਪਹਿਲਾਂ ਕਿ
ਤੂੰ ਕੋਈ ਹੋਰ ਲਾਵੇਂ ਇਲਜ਼ਾਮ
ਮੈਂ ਤੈਨੂੰ ਦੱਸ ਦਿਆਂ
ਕਿ
ਮੈਲ਼ੀ ਅੱਖ ਨਹੀਂ ਸਮਝਦੀ



ਖੂਨ ਦੇ ਰਿਸ਼ਤੇ
ਤੇ
ਉਮਰਾਂ ਦੀ ਵਿੱਥ
ਉਹਦੇ ਲਈ ਤਾਂ
ਨਿਗ੍ਹਾ ਦੀ ਹੱਦ ਹੈ
ਔਰਤ ਦੀ ਦੇਹ ਤੱਕ।

### ਦਾਮਿਨੀ-ਦੋ

ਚੁੰਨੀ ਦੀ
ਬੁੱਕਲ਼ ਮਾਰ ਕੇ ਬੈਠੀ
ਸੰਗਦੀ-ਸੰਗਾਉਂਦੀ
ਕੁੜੀ
ਔਰਤਪੁਣੇ
ਕੁਆਰਪੁਣੇ ਨੂੰ
ਇੱਕੋ ਹੀ
ਸਮਝਣ ਦੇ ਭੁਲੇਖੇ 'ਚ
ਦੇਹ ਦੀਆਂ
ਤਰੰਗਾਂ ਨਾਲ਼
ਲੜਦੀ ਰਹੀ

ਫਿਰ ਇੱਕ ਦਿਨ
ਚਾਣਚੱਕ
ਸੌਂਪ ਦਿੱਤੀ
ਲਾਲ ਜੋੜੇ 'ਚ
ਰਸਮਾਂ ਦੀ ਗੰਢਾਂ ਮਾਰ ਕੇ
ਕਿਸੇ ਮਰਦ ਦੀ
ਦੇਹ ਨੂੰ

ਤੇ ਉਹ
ਵਿਛ ਜਾਂਦੀ ਹੈ
ਘੁਰਾੜੇ ਮਾਰਦੇ ਕੰਤ ਸਿਉ
ਕਰਦੀ ਰਹਿੰਦੀ ਹੈ ਉਡੀਕ
ਰੂਹ ਨਾਲ਼
ਰੂਹ ਦੇ ਮੇਲ਼ ਦੀ
ਸੋਚ ਰਹੀ ਹੈ ਕਿ
ਪਰਨਾਉਣ ਤੋਂ ਪਹਿਲਾਂ
ਉਹਦੀਆਂ ਸਾਰੀਆਂ
ਦੇਹਿਕ ਸੱਧਰਾਂ ਦੇ ਬਦਲੇ
ਪਲ-ਖਿਣ ਦਾ ਮੇਲ਼
ਅੰਤ  ਨਹੀਂ ਹੈ
ਉਹਦੇ ਕੁਆਰਪੁਣੇ ਦਾ
ਇਹ ਤਾਂ
ਜ਼ਬਰ-ਜਿਨਾਹ ਹੈ


ਉਸ ਤਪੱਸਿਆ ਦਾ
ਜੀਹਨੇ ਉਹਨੂੰ
ਟੱਪਣ ਨਹੀਂ ਦਿੱਤੀ
ਲਛਮਣ ਰੇਖਾ

ਤੜਕਾ ਹੋਣ ਤੋਂ ਪਹਿਲਾਂ
ਉਹਨੇ ਸਮਝ ਲਿਆ ਹੈ
ਕਿ
ਹੁਣ ਨਣਦ ਤੋਂ ਸਹੇਲੀ ਤੱਕ
ਸਭ ਨੂੰ ਦੱਸਣਾ ਹੈ
ਝੂਠਾ ਮੂਠਾ
ਕਿ
ਮੇਰਾ ਮਰਦ
ਬਹੁਤ ਮੁਹੱਬਤੀ ਹੈ।



# 'ਅਮਰਜੀਤ ਕੌਂਕੇ ਦੀ ਕਵਿਤਾ ਵਿਚਲਾ ਕਾਵਿ-ਵਿਅੰਗ / ਜਗਸੀਰ ਸਿੰਘ
## ('ਇਸ ਧਰਤੀ ਤੇ ਰਹਿੰਦਿਆਂ' ਕਾਵਿ-ਪੁਸਤਕ ਦੇ ਵਿਸ਼ੇਸ਼ ਸੰਦਰਭ ਵਿਚ)

'ਵਿਅੰਗ' ਕਾਵਿ ਦੀ ਇਕ ਜੁਗਤ ਹੈ। ਗੱਲ ਕਹਿਣ ਦੇ ਤਨਜ਼ ਭਰੇ ਤਰੀਕੇ ਨੂੰ ਵਿਅੰਗ ਕਿਹਾ ਜਾਂਦਾ ਹੈ। ਕਵਿਤਾ ਵਿਚ ਵਿਅੰਗ ਦਾ ਵਿਸ਼ੇਸ਼ ਮਹੱਤਵ ਹੈ। ਇਸ ਜੁਗਤ ਦਾ ਪ੍ਰਯੋਗ ਕਰਦਿਆਂ ਕਵੀ ਸਮਾਜ ਵਿਚ ਪਨਪ ਰਹੀਆਂ ਬੁਰਾਈਆਂ, ਕਰਮ ਕਾਂਡਾਂ, ਗਲਤ ਰੀਤੀਆਂ, ਪਾਖੰਡਾਂ, ਮਨੁੱਖੀ ਸੁਭਾਅ ਦੀ ਕਮਜ਼ੋਰੀਆਂ ਅਤੇ ਘਾਟਾਂ ਆਦਿ ਨੂੰ ਕਾਵਿਕ-ਚੋਭ ਦਾ ਨਿਸ਼ਾਨਾ ਬਣਾਉਂਦਾ ਹੈ। ਕਵਿਤਾ ਵਿਚ ਪੇਸ਼ ਵਿਅੰਗ ਪਾਠਕ/ਸ੍ਰੋਤੇ ਨੂੰ ਜਿੱਥੇ ਸੋਚਣ ਲਈ ਮਜਬੂਰ ਕਰਦਾ ਹੈ ਉੱਥੇ ਹੀ ਸੰਬੰਧਿਤ ਸਮੱਸਿਆ ਦੇ ਹੱਲ ਜਾਂ ਸੁਧਾਰ ਲਈ ਪ੍ਰੇਰਿਤ ਵੀ ਕਰਦਾ ਹੈ। ਕਵੀ ਦੇ ਵਿਅਕਤਿੱਤਵ ਅਨੁਸਾਰ ਵਿਅੰਗ ਦੀ ਤਾਸੀਰ ਵੀ ਕਈ ਪੱਧਰਾਂ 'ਤੇ ਵਿਚਰਦੀ ਨਜ਼ਰ ਆਉਂਦੀ ਹੈ। ਉਦਾਹਰਨ ਵਜੋਂ 'ਪਾਸ਼' ਦੀ ਕਵਿਤਾ ਵਿਚਲਾ ਵਿਅੰਗ ਬਹੁਤ ਤਿੱਖਾ, ਰੋਹ ਭਰੀ ਕਰੜੀ-ਬਰੜੀ ਭਾਸ਼ਾ ਵਿਚ ਹੁੰਦਾ ਹੈ, ਪਾਠਕ/ਸ੍ਰੋਤੇ ਦੇ ਦਿਲ, ਦਿਮਾਗ 'ਤੇ ਸਿੱਧਾ ਵਾਰ ਕਰਦਾ ਹੈ। ਦੂਸਰੇ ਪਾਸੇ ਕਈ ਕਵੀ ਪ੍ਰਤੀਕਾਤਮਕ ਭਾਸ਼ਾ ਦਾ ਪ੍ਰਯੋਗ ਕਰਦਿਆਂ ਕਾਵਿ ਵਿਚਲੇ ਵਿਅੰਗ ਨੂੰ ਸਹਿਜ ਢੰਗ ਨਾਲ ਪੇਸ਼ ਕਰਦੇ ਹਨ, ਅਜਿਹੇ ਵਿਅੰਗ ਦਾ ਪ੍ਰਭਾਵ ਪਾਠਕ/ ਸ੍ਰੋਤੇ ਦੇ ਮਨ ਮਸਤਿਕ ਤੇ ਭਾਵੁਕ ਵਾਰ ਵਧੇਰੇ ਕਰਦਾ ਹੈ। ਹਥਲੇ ਪੇਪਰ ਵਿਚ ਪ੍ਰਸਿੱਧ ਕਵੀ ਅਮਰਜੀਤ ਕੌਂਕੇ ਦੀ ਕਾਵਿ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' (2025) ਵਿਚਲੀਆਂ ਕਵਿਤਾਵਾਂ ਵਿਚ ਪੇਸ਼ ਵਿਅੰਗ ਵਿਧੀ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।




ਇਸ ਪੁਸਤਕ ਵਿਚ ਦਰਜ ਵਿਭਿੰਨ ਕਵਿਤਾਵਾਂ ਵਿਚ ਵਿਅੰਗ ਵਿਧੀ ਦਾ ਪ੍ਰਯੋਗ ਪ੍ਰਭਾਵੀ ਰੂਪ ਵਿਚ ਕੀਤਾ ਗਿਆ ਹੈ। ਇਸ ਕਾਵਿ-ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਇਕ ਬਲਦੀ ਦੁਪਹਿਰ' ਸਾਡੇ ਭ੍ਰਿਸ਼ਟ ਤੰਤਰ ਉੱਤੇ ਤਿੱਖਾ ਵਿਅੰਗ ਕਰਦੀ ਹੈ। ਇਸ ਤੰਤਰ/ਵਿਵਸਥਾ ਵਿਚ ਆਮ, ਗਰੀਬ ਬੰਦੇ ਲਈ ਕੋਈ ਸੁਵਿਧਾ ਨਹੀਂ। ਮੌਤ ਤੋਂ ਪਹਿਲਾਂ ਤੰਗੀਆਂ ਤੁਰਸ਼ੀਆਂ ਵਾਲਾ ਜੀਵਨ ਜਿਉਣ ਲਈ ਮਜਬੂਰ ਗਰੀਬ ਬੰਦੇ ਦੀ ਦੇਹ ਮਰਨ ਤੋਂ ਬਾਅਦ ਵੀ ਰੁਲਦੀ, ਖ਼ਰਾਬ ਹੁੰਦੀ ਹੈ। ਇਸ ਕਵਿਤਾ ਵਿਚ ਪੇਸ਼ ਦੁਖਾਂਤ ਅਸਲ ਵਿਚ ਇਕ ਸੱਚੀ ਘਟਨਾ ਉੱਤੇ ਆਧਾਰਿਤ ਹੈ। ਅਗਸਤ, 2016 ਵਿਚ ਉਡੀਸ਼ਾ ਵਿਚ ਦਾਨਾ ਮਾਂਝੀ ਨਾਂ ਦੇ ਇਕ ਗਰੀਬ ਵਿਅਕਤੀ ਦੀ ਪਤਨੀ 'ਅਮੰਗ' ਦੀ ਮੌਤ ਟੀ.ਬੀ ਦੀ ਬਿਮਾਰੀ ਕਾਰਨ ਹੋ ਗਈ। ਇਲਾਜ ਦੀ ਸੁਵਿਧਾ ਨਾ ਹੋਣ ਕਾਰਨ 'ਅਮੰਗ' ਦੀ ਮੌਤ ਅਸਲ ਵਿਚ ਸਾਡੀ ਸਰਕਾਰਾਂ ਅਤੇ ਵਿਵਸਥਾ ਦੀਆਂ ਉਨ੍ਹਾਂ ਨੀਤੀਆਂ ਦੀ ਅਸਲ ਤਸਵੀਰ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ, ਜਿਹੜੀਆਂ ਬਣਾਈਆਂ ਤਾਂ ਗਰੀਬਾਂ ਦੀ ਸਹਾਇਤਾ ਲਈ ਜਾਂਦੀਆਂ ਹਨ ਪਰ ਇਨ੍ਹਾਂ ਦਾ ਕੋਈ ਵੀ ਲਾਭ ਆਮ, ਗਰੀਬ ਬੰਦੇ ਨੂੰ ਨਹੀਂ ਹੁੰਦਾ। ਸਗੋਂ ਅਜਿਹੀਆਂ ਨੀਤੀਆਂ ਕਾਗਜ਼ਾਂ ਵਿਚ ਹੀ ਬਣਦੀਆਂ ਹਨ ਤੇ ਕਾਗਜ਼ੀ ਰੂਪ ਵਿਚ ਹੀ ਦਫਨ ਹੋ ਜਾਂਦੀਆਂ ਹਨ। 2015 ਦੇ 'ਵਿਸ਼ਵ ਸਿਹਤ ਸੰਸਥਾ' ਦੇ ਅੰਕੜਿਆਂ ਅਨੁਸਾਰ ਪੂਰੇ ਵਿਸ਼ਵ ਵਿਚੋਂ ਟੀ.ਬੀ. ਦੇ ਸਭ ਤੋਂ ਵੱਧ ਮਾਮਲੇ ਭਾਰਤ ਵਿਚ ਪਾਏ ਗਏ ਹਨ। ਮੌਤ ਉਪਰੰਤ 'ਅਮੰਗ' ਦੀ ਲਾਸ਼ ਨੂੰ ਪਿੰਡ ਲੈ ਕੇ ਜਾਣ ਲਈ ਵੀ ਸਰਕਾਰ ਦੁਆਰਾ ਐਂਬੂਲੈਂਸ ਮੁਹੱਈਆ ਨਹੀਂ ਕਰਵਾਈ ਗਈ। ਮਜ਼ਬੂਰਨ ਦਾਨਾ ਮਾਂਝੀ ਆਪਣੀ ਪਤਨੀ ਦੀ ਲਾਸ਼ ਮੋਢੇ 'ਤੇ ਚੁੱਕ ਕੇ ਤੁਰ ਪੈਂਦਾ ਹੈ। khabar.ndtv.com ਦੇ ਸੰਪਾਦਕ ਦਯਾਸ਼ੰਕਰ ਮਿਸ਼ਰ 'ਪਤਨੀ ਨਹੀਂ, ਵਿਵਸਥਾ ਦੀ ਲਾਸ਼ ਢੋ ਰਿਹਾ ਦਾਨਾ ਮਾਂਝੀ' ਸਿਰਲੇਖ ਅਧੀਨ ਇਕ ਲੇਖ ਲਿਖਦਾ ਹੈ ਜਿਸ ਵਿਚ ਉਹ ਸਰਕਾਰ/ਵਿਵਸਥਾ ਦੇ ਕਰੂਪ ਚਹਿਰੇ ਨੂੰ ਜਨਤਾ ਅੱਗੇ ਖੋਲ੍ਹ ਕੇ ਪੇਸ਼ ਕਰਦਾ ਹੈ। ਅਮਰਜੀਤ ਕੌਂਕੇ ਦੀ ਕਾਵਿ-ਦ੍ਰਿਸ਼ਟੀ ਦੀ ਇਹ ਵੱਖਰਤਾ ਹੈ ਕਿ ਉਹ ਸਮੇਂ ਦੀ ਧੂੜ ਵਿਚ ਗਵਾਚੀ ਇਸ ਸੱਚੀ, ਮਾਰਮਿਕ ਘਟਨਾ ਨੂੰ ਕਾਵਿ-ਰੂਪ ਵਿਚ ਢਾਲ ਕੇ ਇਸ ਨੂੰ ਸਦੀਵਤਾ ਦਿੰਦਾ ਹੈ। ਇਹ ਕਵਿਤਾ ਨੂੰ ਪੜਦਿਆਂ/ਸੁਣਦਿਆਂ ਜਿੱਥੇ ਦਾਨਾ ਮਾਂਝੀ ਦੇ ਸਬਰ, ਆਪਣੀ ਪਤਨੀ ਪ੍ਰਤੀ ਪ੍ਰੇਮ ਵਰਗੇ ਕੋਮਲ ਭਾਵ ਮਨ ਨੂੰ ਦ੍ਰਵਿਤ ਕਰਦੇ ਹਨ ਉੱਥੇ ਹੀ 'ਮਹਾਨ ਭਾਰਤ', ਮਹਾਨ ਸੰਸਕ੍ਰਿਤੀ', ਵੇਦਾਂ ਦੀ ਧਰਤੀ', ਸੱਭਿਅਤਾਵਾਂ ਦੀ ਜਨਮਦਾਤੀ' ਵਰਗੇ ਵਿਸ਼ੇਸ਼ਣ/ਸੰਕਲਪ ਖੋਖਲੇ ਮਹਿਸੂਸ ਹੋਣ ਲੱਗਦੇ ਹਨ। ਕਵੀ ਵਿਅੰਗ ਭਰੇ ਲਹਿਜ਼ੇ ਵਿਚ ਲਿਖਦਾ ਹੈ:-

'ਅਣਗਿਣਤ ਲਾਸ਼ਾਂ ਨੇ
ਉਸ ਦੇ ਮੋਢਿਆਂ 'ਤੇ
ਇਸ ਮਹਾਨ ਦੇਸ਼ ਦੇ
ਸੱਭਿਆਚਾਰ ਦੀਆਂ
ਸੰਸਕ੍ਰਿਤੀ ਦੀਆਂ
ਮਰ ਚੁੱਕੀ ਇਨਸਾਨੀਅਤ
ਬੇਜਾਨ ਹੋਈ ਸੰਵੇਦਨਾ
ਇਤਿਹਾਸ ਮਿਥਿਹਾਸ ਦੀਆਂ

ਅਣਗਿਣਤ ਲਾਸ਼ਾਂ ਨੇ।1

ਅਮਰਜੀਤ ਕੌਂਕੇ ਦੀ ਕਾਵਿ-ਦ੍ਰਿਸ਼ਟੀ ਹਰ ਵਰਤਾਰੇ ਨੂੰ ਨੀਝ ਨਾਲ ਤੱਕਦੀ ਹੈ। ਉਸ ਦੇ ਆਲ਼ੇ-ਦੁਆਲ਼ੇ ਵਾਪਰਦਾ ਹਰ ਵਰਤਾਰਾ ਭਾਵੇਂ ਵੇਖਣ ਵਿਚ ਆਮ ਤੇ ਸਹਿਜ ਜਿਹਾ ਮਹਿਸੂਸ ਹੋ ਰਿਹਾ ਹੋਵੇ, ਉਸ ਦੀ ਕਵਿਤਾ ਵਿਚ ਵਿਸ਼ੇਸ਼ ਅਰਥਾਂ ਦਾ ਸੰਚਾਰ ਕਰਦਾ ਹੈ। ਉਦਾਹਰਨ ਵਜੋਂ ' ਬੋਲਣ ਦਿਓ ਉਸਨੂੰ' ਕਵਿਤਾ ਵਿਚ ਉਸ ਦੀ ਕਾਵਿ ਸ਼ੈਲੀ ਸਮਾਜ ਵਿਚ ਔਰਤ ਦੇ ਦੂਜੈਲੇਪਣ ਨੂੰ ਵਿਅੰਗ ਤੇ ਚੋਭ ਨਾਲ ਪੇਸ਼ ਕਰਦੀ ਹੈ। ਔਰਤ ਨੂੰ ਸਜਾਉਣ ਵਾਲੇ ਗਹਿਣੇ ਉਸ ਦੀ ਕਵਿਤਾ ਵਿਚ ਵਿਸ਼ੇਸ਼ ਡੂੰਘੇ ਵਿਅੰਗਮਈ ਅਰਥ ਸਿਰਜਦੇ ਹਨ। ਨੱਕ ਵਿਚ ਨੱਥ, ਬਾਹਾਂ ਵਿਚ ਚੂੜੀਆਂ, ਕੰਗਣ, ਪੈਰਾਂ ਦੀਆਂ ਝਾਂਜਰਾਂ, ਬਿੰਦੀ ਤੇ ਸੰਧੂਰ ਨੂੰ ਉਹ 'ਬੇੜੀਆਂ' ਆਖਦਾ ਹੈ। ਇਹਨਾਂ ਬੇੜੀਆਂ ਦੀ ਸਹਾਇਤਾ ਨਾਲ ਪਿਤਰਕੀ ਸੋਚ ਨੇ ਔਰਤ ਨੂੰ ਸਦੀਆਂ ਤੋਂ ਗੁਲਾਮ ਰੱਖਿਆ ਹੋਇਆ ਹੈ। ਦੇਹੀ ਸੁੰਦਰਤਾ ਦਾ ਸੰਕਲਪ ਔਰਤ ਨਾਲ ਵਧੇਰੇ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਪਿਤਰਕੀ ਨੇ ਭਾਰੇ ਗਹਿਣਿਆਂ, ਲੁਕਵੀਂ ਦੇਹ ਤੇ ਸਾਊ-ਸ਼ਰੀਫ ਔਰਤ ਵਰਗੇ ਸੰਕਲਪ ਸਿਰਜਕੇ ਅਤੇ ਅਜੋਕੀ ਮੰਡੀ ਨੇ ਛੋਟੇ ਕਾਮੁਕ ਕੱਪੜਿਆਂ ਰਾਹੀਂ ਭ੍ਰਮਿਤ ਅਜ਼ਾਦੀ ਦਾ ਸੰਕਲਪ ਸਿਰਜ ਕੇ ਔਰਤ ਨੂੰ ਗੁਮਰਾਹ ਕੀਤਾ ਹੈ। ਡਾ. ਨੀਤੂ ਅਰੋੜਾ ਅਨੁਸਾਰ, "ਸਮਕਾਲ ਵਿਚ ਔਰਤ ਨੇ ਜੇਕਰ ਆਪਣੇ ਆਪ ਨੂੰ ਮਾਨਵੀ ਗੁਣਾਂ ਨਾਲ ਜੋੜਨਾ ਹੈ ਤਾਂ ਉਸ ਨੂੰ ਮੰਡੀ ਦੇ ਤਰਕ ਅਤੇ ਪਿਤਰਕੀ ਸੋਚ ਨਾਲ ਸੰਵਾਦ ਰਚਾਉਣਾ ਹੀ ਪਵੇਗਾ"।2 ਇਸ ਸੰਵਾਦ ਦਾ ਇਕ ਸਿਰ੍ਹਾ ਅਮਰਜੀਤ ਕੌਂਕੇ ਦੀ ਕਵਿਤਾ ਵਿਚ ਵੀ ਹਾਜ਼ਰ ਨਜ਼ਰ ਆਉਂਦਾ ਹੈ। 'ਬਿਸਾਤ' ਕਵਿਤਾ ਦਾ ਕਾਵਿ ਵਸਤੂ ਮਨੁੱਖੀ ਅਸੰਵੇਦਨਸ਼ੀਲ ਬਿਰਤੀ ਦੀ ਵੱਡੀ ਮਿਸਾਲ ਵਜੋਂ ਸਾਹਮਣੇ ਆਉਂਦਾ ਹੈ। ਬੋਰਵੈੱਲ ਵਿਚ ਡਿੱਗੇ ਬੱਚੇ ਅਤੇ ਉਸ ਦੇ ਪਰਿਵਾਰ ਲਈ ਹਮਦਰਦੀ ਦੀ ਥਾਂ ਅਜਿਹੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਵੱਡੇ-ਵੱਡੇ ਚੈਨਲ ਆਪਣੀ ਟੀ ਆਰ ਪੀ ਵਧਾਉਂਦੇ ਹਨ, ਨੇਤਾ ਆਪਣੀ ਨੇਤਾਗਿਰੀ ਚਮਕਾਉਂਦੇ ਹਨ। ਮਾਸੂਮ ਬੱਚੇ ਦੀ ਮ੍ਰਿਤ ਦੇਹ 'ਤੇ ਕੀਤੀ ਜਾਂਦੀ ਘਟੀਆ ਰਾਜਨੀਤੀ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦਿਆਂ ਕਵੀ ਲਿਖਦਾ ਹੈ:-

'ਮਾਫ਼ ਕਰੀਂ ਬੱਚੇ
ਤੂੰ ਐਸੇ ਸਮਾਜ ਵਿਚ ਜਨਮ ਲਿਆ
ਜਿੱਥੇ ਮਰੀਆਂ ਜਮੀਰਾਂ ਵਾਲੇ
ਲੋਕ ਵਸਦੇ ਨੇ
ਜੋ ਬੱਚਿਆਂ ਦੀ ਬਿਸਾਤ ਵਿਛਾ
ਉਨ੍ਹਾਂ ਦੀਆਂ ਜਾਨਾਂ ਉੱਤੇ
ਆਪਣੀਆਂ ਕੋਝੀਆਂ ਚਾਲਾਂ ਦੀ
ਸ਼ਤਰੰਜ ਖੇਡਦੇ ਨੇ।3

'ਇਕ ਖੰਡਰ ਸ਼ਹਿਰ ਦੀ ਗਾਥਾ' ਕਵਿਤਾ ਵਿਚ ਕਵੀ ਪੰਜਾਬ ਦੇ ਬਾਸ਼ਿੰਦਿਆਂ ਦੀ ਪੰਜਾਬ ਭਾਵ ਆਪਣੀ ਮਾਂ ਭੂਮੀ ਪ੍ਰਤਿ ਅਸੰਵੇਦਨਸ਼ੀਲ ਦ੍ਰਿਸ਼ਟੀ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਇਸ ਕਵਿਤਾ ਦੀ ਬਣਤਰ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਤਾਜ ਮਹਿਲ' ਵਰਗੀ ਹੈ। 'ਤਾਜ ਮਹੱਲ' ਕਵਿਤਾ ਦਾ ਪਹਿਲਾ ਅੱਧ ਤਾਜ ਮਹੱਲ ਦੀ ਅਦਭੁਤ ਸੁੰਦਰਤਾ ਨੂੰ ਪੇਸ਼ ਕਰਦਾ ਹੈ ਤੇ ਪਿਛਲੇ ਅੱਧ ਵਿਚ ਕਵੀ ਨੇ 'ਤਾਜ ਮਹੱਲ' ਦੇ ਉਸ ਕਰੂਪ ਤੇ ਛਲ ਕਪਟ ਵਾਲੇ ਚਿਹਰੇ ਨੂੰ ਸਿਰਜਿਆ ਹੈ ਜਿਸ ਵਿਚ ਲੱਖਾਂ ਗਰੀਬ, ਮਜ਼ਦੂਰਾਂ ਦੇ ਹੰਝੂ ਤੇ ਤਕਲੀਫ਼ਾਂ ਸਾਫ਼ ਦਿਖਾਈ ਦਿੰਦੀਆਂ ਹਨ। ਇਸ ਕਵਿਤਾ ਦੇ ਪਿਛਲੇ ਅੱਧ ਵਿਚ ਭੁੱਖੇ, ਛਾਂਟੇ ਖਾ ਕੇ ਕੰਮ ਕਰਦੇ ਗਰੀਬ, ਮਜ਼ਦੂਰ ਮਨੁੱਖੀ ਅਸੰਵੇਦਨਸ਼ੀਲਤਾ ਦੀ ਦਰਦ ਭਰੀ ਕਹਾਣੀ ਸੁਣਾਉਂਦੇ ਨਜ਼ਰ ਆਉਂਦੇ ਹਨ। ਇਸੇ ਪ੍ਰਕਾਰ ਸੰਬੰਧਿਤ ਕਵਿਤਾ ਵੀ ਦੋ ਭਾਗਾਂ ਵਿਚ ਵੰਡੀ ਨਜ਼ਰ ਆਉਂਦੀ ਹੈ। ਕਵਿਤਾ ਦਾ ਪਹਿਲਾ ਅੱਧ 'ਪੰਜਾਬ' ਨੂੰ ਪੰਜ ਦਰਿਆਵਾਂ ਦੀ ਜ਼ਰਖੇਜ਼ ਧਰਤੀ, ਲਹਿਲਹਾਉਂਦੀਆਂ ਫ਼ਸਲਾਂ ਵਾਲੀ, ਚਹਿਕਦੀ ਬਨਸਪਤੀ ਵਾਲੀ, ਦੂਰ-ਦੂਰ ਤੱਕ ਫੈਲੇ ਜੰਗਲਾਂ, ਬੇਲਿਆਂ ਵਾਲੀ ਤੇ ਮਸਤੀ ਵਿਚ ਝੂੰਮਦੇ ਜੀਅ ਜੰਤ ਵਾਲੀ ਧਰਤੀ ਵਜੋਂ ਪੇਸ਼ ਕਰਦਾ ਹੈ। ਜਦਕਿ ਪਿਛਲੇ ਅੱਧ ਵਿਚ ਪੰਜਾਬ ਦੇ ਬਾਸ਼ਿੰਦਿਆਂ ਦੀ ਉਸ ਅਮਾਨਵੀ, ਅਸੰਵੇਦਨਸ਼ੀਲ, ਕੁਦਰਤ ਤੋਂ ਟੁੱਟੀ ਹੋਈ, ਵਸਤੂ ਪੂਜਨ ਵਾਲੀ ਬਿਰਤੀ ਨੂੰ ਤਿੱਖੇ ਵਿਅੰਗ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਕਾਰਨ ਪੰਜਾਬ ਮਾਰੂਥਲ ਤੇ ਖੰਡਰ ਵਿਚ ਤਬਦੀਲ ਹੋ ਰਿਹਾ ਹੈ। ਉਹ ਲਿਖਦਾ ਹੈ:-

ਹੌਲੀ ਹੌਲੀ ਇਸ ਧਰਤੀ ਦੇ
ਬਾਸ਼ਿੰਦਿਆਂ...
ਵੱਢ ਸੁੱਟੇ ਜੰਗਲ
ਕੰਕਰੀਟ ਉਸਾਰ ਲਏ
ਨਦੀਆਂ ਦਾ ਪਾਣੀ ਡੀਕ ਲਿਆ
ਦਰਿਆਵਾਂ ਦੀ ਰੇਤ ਨਿਗਲ ਲਈ
ਹਵਾ ਨੂੰ ਦੂਸ਼ਿਤ ਕੀਤਾ ਰੱਜ ਕੇ
ਪਾਣੀਆਂ ਵਿਚ ਘੋਲ ਦਿੱਤਾ ਜ਼ਹਿਰ
ਜ਼ਮੀਨ ਨੂੰ ਕਰ ਦਿੱਤਾ
ਧੁਰ ਤੱਕ ਬਾਂਝ...।4

ਇਸ ਕਾਵਿ-ਪੁਸਤਕ ਦੀਆਂ ਹੋਰ ਕਵਿਤਾਵਾਂ ਜਿਵੇਂ 'ਇਕ ਸਫ਼ਲ ਬੁੱਧੀਜੀਵੀ', 'ਖਿਝਿਆ ਹੋਇਆ ਆਦਮੀ', 'ਮੁਹੱਬਤ ਇਕ ਪਿੰਜਰਾ', 'ਮਹਿਕ ਵਿਹੂਣੇ ਫੁੱਲ', 'ਕਾਮਯਾਬ ਆਦਮੀ' ਆਦਿ ਕਵਿਤਾਵਾਂ ਵਿਚ ਉਸ ਨੇ ਤਿੱਖੇ ਵਿਅੰਗ ਨੂੰ ਆਧਾਰ ਬਣਾਇਆ ਹੈ। 'ਇਕ ਸਫ਼ਲ ਬੁੱਧੀਜੀਵੀ' ਕਵਿਤਾ ਅੱਜ ਦੇ ਉਸ ਗਿਆਨਵਾਨ ਵਰਗ 'ਤੇ ਤਿੱਖਾ ਵਿਅੰਗ ਕਰਦੀ ਹੈ ਜਿਹੜਾ ਗੱਲਾਂ ਤਾਂ ਕਾਰਲ ਮਾਰਕਸ, ਫਰਾਇਡ ਤੇ ਲੈਨਿਨ ਵਰਗੇ ਚਿੰਤਕਾਂ ਦੀਆਂ ਕਰਦਾ ਹੈ ਪ੍ਰੰਤੂ ਵਿਅਕਤੀਗਤ ਤੌਰ ਤੇ ਅਜਿਹਾ ਵਰਗ ਅਤਿ ਲਾਲਚੀ, ਚਾਪਲੂਸ, ਗੁਲਾਮ ਮਾਨਸਿਕਤਾ, ਕੇਵਲ ਆਪਣਾ ਭਲਾ ਸੋਚਣ ਵਾਲਾ ਤੇ ਛਲ ਕਪਟ ਨਾਲ ਭਰਿਆ ਹੁੰਦਾ ਹੈ। 'ਕਾਮਯਾਬ

ਆਦਮੀ' ਵੀ ਇਸੇ ਪ੍ਰਕਾਰ ਦੀ ਕਵਿਤਾ ਹੈ। ਇਸ ਕਵਿਤਾ ਦਾ ਕਾਵਿ-ਪਾਤਰ ਸੱਚ ਦੀ ਥਾਂ ਝੂਠ ਨੂੰ, ਪੁੰਨ ਦੀ ਥਾਂ ਪਾਪ ਨੂੰ, ਈਮਾਨ ਦੀ ਥਾਂ ਬੇਇਮਾਨੀ ਨੂੰ ਗੈਰਤ ਦੀ ਥਾਂ ਬੇਗੈਰਤਪੁਣੇ, ਬੁਰਾਈ ਤੇ ਲੁੱਟ ਨੂੰ ਆਪਣੀ ਕਾਮਯਾਬੀ ਦੇ ਗੁਰ ਮੰਨਦਾ ਹੈ ਤੇ ਮਾਸੂਮਾਂ ਬੱਚਿਆਂ ਨੂੰ ਇਹ ਗੁਰ ਸਿਖਾਉਂਦਾ ਕਾਮਯਾਬ ਹੋਣ ਦੀ ਸਲਾਹ ਦਿੰਦਾ ਹੈ। ਅਸਲ ਵਿਚ ਇਹ ਦੋਵੇਂ ਕਵਿਤਾਵਾਂ ਸਮਾਜ ਦੇ ਗਿਰਾਵਟ ਵਿਚ ਜਾਣ ਦਾ ਇਕ ਵੱਡਾ ਕਾਰਨ ਉਸ ਵਰਗ ਨੂੰ ਵੀ ਮੰਨਦੀਆਂ ਹਨ ਜਿਹੜੇ ਵਰਗ ਨੇ ਆਪਣੇ ਗਿਆਨ, ਵਿਦਵਤਾ, ਚੇਤਨਾ ਦੇ ਸਹਾਰੇ ਸਮਾਜ ਨੂੰ ਬਿਹਤਰ ਬਣਾਉਣਾ ਸੀ ਪ੍ਰੰਤੂ ਨਿੱਜਪੁਣੇ ਦੇ ਜਾਲ 'ਚ ਫਸ ਕੇ ਇਹ ਵਰਗ ਆਪਣੇ ਹੀ ਭਲੇ ਬਾਰੇ ਸੋਚਦਾ ਰਹਿੰਦਾ ਹੈ। 'ਮਹਿਕ ਵਿਹੂਣੇ ਫੁੱਲ' ਅਤੇ 'ਵੈਂਟੀਲੇਟਰ ਤੇ ਲੱਗੇ ਰਿਸ਼ਤੇ' ਇਹ ਦੋਵੇਂ ਕਵਿਤਾਵਾਂ ਰਿਸ਼ਤਿਆਂ ਵਿਚ ਪਿਆਰ, ਮੁਹੱਬਤ ਤੇ ਨਿੱਘ ਦੀ ਥਾਂ ਤੇ ਪੈਦਾ ਹੋ ਰਹੀਆਂ ਦੂਰੀਆਂ, ਕੁੜੱਤਣ, ਦਿਖਾਵੇਬਾਜ਼ੀ ਆਦਿ ਨੂੰ ਵਿਸ਼ੇ ਵਜੋਂ ਪ੍ਰਭਾਵੀ ਢੰਗ ਨਾਲ ਪੇਸ਼ ਕਰਦੀਆਂ ਹਨ। ਖ਼ਾਸ ਕਰਕੇ ਇਸ ਸਮੇਂ ਮਰਦ ਔਰਤ ਦਾ ਰਿਸ਼ਤਾ ਕੇਵਲ ਕਾਮੁਕ ਖਿੱਚ ਤੱਕ ਸੀਮਿਤ ਹੋ ਗਿਆ ਹੈ। ਉਹ ਲਿਖਦਾ ਹੈ:-

'ਮੁੱਕ ਗਿਆ ਮੁਹੱਬਤ ਦਾ ਨਿੱਘ,
ਜਿਸਮ ਬਣ ਗਏ ਨੇ , ਸਿਰਫ਼ ਭੋਗ ਦੀ ਵਸਤੂ।5

ਇਸ ਕਾਵਿ-ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਹ ਵਿਅੰਗ ਵਿਧੀ ਦਾ ਪ੍ਰਯੋਗ ਕਰਦਿਆਂ ਕੇਵਲ ਪ੍ਰਚਲਿੱਤ ਮਿੱਥਾਂ, ਬਿੰਬਾਂ ਅਤੇ ਪ੍ਰਤੀਕਾਂ ਨੂੰ ਤੋੜਦਾ ਹੀ ਨਹੀਂ ਸਗੋਂ ਉਨ੍ਹਾਂ ਪਿੱਛੇ ਕੰਮ ਕਰਦੀ ਕਰੂਰ ਇਨਸਾਨੀ ਮਾਨਸਿਕਤਾ, ਦਮਨਕਾਰੀ ਸਿਆਸਤ, ਦੰਭ, ਫ਼ਰੇਬ ਆਦਿ ਨੂੰ ਵੀ ਕਾਵਿਕ ਚੋਭ ਦਾ ਨਿਸ਼ਾਨਾ ਬਣਾਉਂਦਾ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਉਸ ਦੀ ਕਵਿਤਾਵਾਂ ਦੀ ਕੇਂਦਰੀ ਜੁਗਤ ਵਿਅੰਗ ਹੈ। ਇਹ ਕਟਾਖ਼ਸ਼ ਤੇ ਚੋਭ ਕਦੇ ਤੀਬਰ ਰੂਪ ਵਿਚ ਅਤੇ ਕਦੇ ਸਹਿਜ ਜਿਹੇ ਰੂਪ ਵਿਚ ਤਕਰੀਬਨ ਹਰ ਕਵਿਤਾ ਵਿਚ ਹਾਜ਼ਰ ਹੈ। ਵਿਅੰਗ ਪ੍ਰਤੀਰੋਧ ਦੀ ਇਕ ਵਿਧੀ ਹੈ। ਡਾ. ਨੀਤੂ ਅਰੋੜਾ ਅਨੁਸਾਰ, "ਪ੍ਰਤੀਰੋਧ ਹਮੇਸ਼ਾ ਹੀ ਮਨੁੱਖੀ ਅਸਤਿੱਤਵ ਲਈ ਇਕ ਸੰਜੀਵਨੀ ਦਾ ਕੰਮ ਕਰਦਾ ਹੈ"।6 ਅਸਲ ਵਿਚ ਅਮਰਜੀਤ ਕੌਂਕੇ ਦੀ ਕਵਿਤਾ ਵਿਚਲਾ ਪ੍ਰਤੀਰੋਧ ਉਸ ਦੀ ਸਖਸ਼ੀ ਅਜ਼ਾਦੀ ਦੀ ਹੀ ਪੇਸ਼ਕਾਰੀ ਹੈ। ਉਸ ਨੇ ਆਪਣੀ ਇਸ ਅਜ਼ਾਦੀ ਨੂੰ ਅਜੋਕੇ ਮਨੁੱਖ ਦੀ ਹੋਂਦ, ਪਛਾਣ ਅਤੇ ਵਿਵਹਾਰ ਨਾਲ ਜੋੜ ਕੇ ਦੇਖਣ, ਸਮਝਣ ਅਤੇ ਕਵਿਤਾ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

**ਹਵਾਲੇ:-**


**1 ਅਮਰਜੀਤ ਕੌਂਕੇ, 'ਇਸ ਧਰਤੀ 'ਤੇ ਰਹਿੰਦਿਆਂ', ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ, 2025. ਪੰਨਾ- 22**

**2 ਨੀਤੂ ਅਰੋੜਾ, 'ਸਮਕਾਲੀ ਪੰਜਾਬੀ ਕਵਿਤਾ:ਪ੍ਰਤੀਰੋਧੀ ਪ੍ਰਵਚਨ', ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2011. ਪੰਨਾ-31**

**3 ਅਮਰਜੀਤ ਕੌਂਕੇ, 'ਇਸ ਧਰਤੀ 'ਤੇ ਰਹਿੰਦਿਆਂ', ਉਹੀ, ਪੰਨਾ-30**

**4 ਉਹੀ, ਪੰਨਾ-35**


**5 ਉਹੀ, ਪੰਨਾ-150**

**6 ਨੀਤੂ ਅਰੋੜਾ, 'ਸਮਕਾਲੀ ਪੰਜਾਬੀ ਕਵਿਤਾ:ਪ੍ਰਤੀਰੋਧੀ ਪ੍ਰਵਚਨ', ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2011. ਪੰਨਾ-167**



**ਰਿਸਰਚ ਸਕਾਲਰ, ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**


## ਕੀ ਕੋਈ ? / ਪਰਮਜੀਤ ਸੋਹਲ



ਕਵੀ, ਕੀ ਤੇਰੇ ਕੋਲ
ਕੋਈ ਕਵਿਤਾ ਹੈ
ਜੋ ਫਲਸਤੀਨ ਦੇ
ਮਾਸੂਮਾਂ ਦੇ ਦੁੱਖ ਦੂਰ
ਕਰਨ 'ਚ ਸਹਾਈ ਹੋ ਸਕੇ

ਬਾਰੂਦ ਨਾਲ ਝੁਲਸੇ ਸੁਪਨਿਆਂ
ਧੁਆਂਖੇ ਅਰਮਾਨਾਂ ਸਮੇਤ
ਜੀਣ ਦੀ ਜੱਦੋਜਹਿਦ ਵਿਚ
ਅਜੇ ਵੀ ਸ਼ਾਮਲ ਨੇ
ਫ਼ਲਸਤੀਨ ਦੇ ਬੱਚੇ

ਇਸ ਖੂਨੀ ਜੰਗ ਦੇ
ਚਲਦਿਆਂ ਉਹ ਗੁਆਚੇ
ਭਵਿੱਖ ਦੀ ਚਿੰਤਾ ਤੋਂ ਮੁਕਤ
ਢਹੇ ਘਰਾਂ ਦੇ ਮਲਬੇ ਦੀਆਂ
ਨੰਗੇ ਪੈਰੀਂ ਠੋਹਕਰਾਂ ਖਾਂਦੇ
ਜੰਗ ਦਾ ਸੰਤਾਪ ਝੱਲਦੇ
ਕਿਤੇ ਰਾਹਤ ਕੈਂਪਾਂ ਵੱਲ
ਪਾਣੀ ਦੀਆਂ ਕੈਨੀਆਂ ਚੁੱਕੀ ਜਾਂਦੇ
ਕਿਤੇ ਪੇਟ ਦੀ ਭੁੱਖ ਮਿਟਾਉਣ ਲਈ
ਖ਼ਾਲੀ ਕੌਲੇ ਫੜੀ ਬਾਂਹਾਂ ਉਲਾਰਦੇ
ਤਰਲੋ ਮੱਛੀ ਹੋ ਰਹੇ
ਆਪਣਾ ਸਭ ਕੁਝ ਗੁਆ ਕੇ
ਅਜੇ ਵੀ ਸ਼ਾਮਿਲ ਨੇ
ਜੀਣ ਦੀ ਜੱਦੋ-ਜਹਿਦ ਵਿਚ
ਫ਼ਲਸਤੀਨੀ ਬੱਚੇ

ਕਵੀ, ਕੀ ਕੋਈ ਕਵਿਤਾ ਹੈ ਤੇਰੇ ਕੋਲ
ਜੋ ਇਨ੍ਹਾਂ ਦੀ ਦਿਲਜੋਈ ਕਰ ਸਕੇ ?

# ਪਾਣਿਨੀ ਵਿਆਕਰਨ 'ਅਸ਼ਟਾਧਿਆਈ':ਇੱਕ ਸੰਖ਼ਿਪਤ ਅਧਿਐਨ / ਡਾ. ਲਖਵਿੰਦਰ ਸਿੰਘ

ਪਾਣਿਨੀ ਦਾ ਵਿਆਕਰਨ ਅਸ਼ਟਾਧਿਆਈ ਆਪਣੇ ਆਪ ਵਿਚ ਅਨੁਪਮ, ਸਮੱਗਰ ਤੇ ਆਹਲਾ ਤਰੀਨ ਰਚਨਾ ਹੈ। ਇਹ ਵਿਆਕਰਨ ਭਾਰਤੀ ਸ਼ਬਦ ਵਿੱਦਿਆ ਦਾ ਸਭ ਤੋਂ ਪੁਰਾਤਨ ਗ੍ਰੰਥ ਹੈ।ਇਸਦੇ ਵਿਚ ਕੁੱਲ ਅੱਠ ਪਾਠ ਹਨ ਤੇ ਹਰੇਕ ਪਾਠ ਨੂੰ ਅੱਗੋਂ ਚਾਰ ਚਾਰ ਪਾਦਾਂ ਜਾਂ ਚਰਨਾ ਵਿਚ ਤਕਸੀਮ ਕੀਤਾ ਗਿਆ ਹੈ, ਇਉਂ ਇਸ ਵਿਆਕਰਨ ਵਿਚ ਬੱਤੀ ਪਾਦ ਹਨ ਤੇ ਲਗਪਗ 3996 ਸੂਤਰ ਦਿੱਤੇ ਗਏ ਹਨ। ਇਸਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸੂਤਰਾਂ ਵਿਚ ਲੁਪਤ ਅਰਥ ਉਨ੍ਹਾਂ ਦੇ ਕ੍ਰਮ ਅਨੁਸਾਰ ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ। ਸੰਜਮਤਾ ਇਸ ਵਿਆਕਰਨ ਦਾ ਮੀਰੀ ਤੇ ਅੱਵਲ ਗੁਣ ਹੈ। ਸੂਤਰਿਕ ਸ਼ੈਲੀ ਵਿਚ ਲਿਖੇ ਗਏ ਇਸ ਸ਼ਬਦ ਸ਼ਾਸਤਰ ਦੇ ਚਾਰ ਨਿਮਨਲਿਖਤ ਭਾਗ ਹਨ:

1. ਮਹੇਸ਼ਵਰ ਸੂਤਰ (ਵਰਨ ਨਿਰੂਪਣ)
2. ਸ਼ਬਦ ਵਿਵੇਚਨ (ਪਦ ਸ਼ਾਸਤਰ ਸੁਬੰਤ ਤੇ ਤਿੰਙਤ ਪ੍ਰਕਰਣ)
3. ਧਾਤੂਪਾਠ (ਕਿਰਿਆ ਦੇ ਮੂਲ ਰੂਪ)
4. ਗਣਪਾਠ (ਇਸ ਭਾਗ ਵਿਚ 261 ਸ਼ਬਦਾਂ ਨੂੰ ਸੰਗ੍ਰਹਿਤ ਕੀਤਾ ਗਿਆ ਹੈ)

'ਅਸ਼ਟਾਧਿਆਈ' ਦੇ ਪਹਿਲੇ ਤੇ ਦੂਸਰੇ ਅਧਿਆਇ ਵਿਚ 'ਸੰਗਿਆ' ਤੇ 'ਪਰਿਭਾਸ਼ਾ' ਸੰਬੰਧੀ ਸੂਤਰਾਂ ਦੀ ਪੇਸ਼ਕਾਰੀ ਹੋਈ ਹੈ। ਕਿਰਿਆਂ ਤੇ ਨਾਂਵ ਦਾ ਨਿਯਮਿਤ ਪ੍ਰਕਰਣ ਵੀ ਪੇਸ਼ ਕੀਤਾ ਗਿਆ ਹੈ, ਜਿਵੇਂ- ਕਿਰਿਆ (ਧਾਤੂ) ਵਾਸਤੇ 'ਆਤਮਨੇਪਦੀ' ਤੇ 'ਪਰਸਮੈਪਦੀ' ਪ੍ਰਕਰਣ ਦਿੱਤਾ ਗਿਆ ਹੈ। ਇਸ ਪ੍ਰਕਾਰ ਹੀ ਵਿਭਕਤੀ, ਲਿੰਗ, ਸਮਾਸ, ਅੱਵੈ ਆਦਿ ਸੰਬੰਧੀ ਪ੍ਰਕਰਣਾਂ ਦਾ ਵੀ ਵਿਧਾਨ ਕੀਤਾ ਗਿਆ ਹੈ। ਤੀਜੇ, ਚੌਥੇ ਤੇ ਪੰਜਵੇਂ ਪਾਠਾਂ ਵਿਚ ਹਰੇਕ ਤਰ੍ਹਾਂ ਦੇ ਪਿਛੇਤਰਾਂ ਦੀ ਸੂਚਨਾ ਪ੍ਰਦਾਨ ਕਰਦਿਆਂ ਉਨ੍ਹਾਂ ਨੂੰ ਸਿਧਾਂਤਕ ਤੇ ਵਿਹਾਰਕ ਪੱਧਰ ਤੇ ਵਰਤੋਂ ਵਿਚ ਲਿਆਂਦਾ ਗਿਆ ਹੈ। ਤੀਸਰੇ ਅਧਿਆਇ ਵਿਚ ਧਾਤੂ ਰੂਪਾਂ ਨਾਲ ਕਿਰਦੰਤ ਪਿਛੇਤਰ ਲਗਾਕੇ ਕਿਰਦੰਤ ਸ਼ਬਦਾਂ ਦਾ ਵਿਧਾਨ ਕੀਤਾ ਗਿਆ ਹੈ। ਪੰਜਵੇਂ ਪਾਠ ਵਿਚ ਨਾਂਵ ਸ਼ਬਦਾਂ ਨਾਲ ਪਿਛੇਤਰ ਜੋੜਕੇ ਨਵੇਂ ਬਣੇ ਨਾਂਵ ਸ਼ਬਦਾਂ ਨੂੰ ਵਿਸਤ੍ਰਿਤ ਰੂਪ ਵਿਚ ਵਿਚਾਰਿਆ ਗਿਆ ਹੈ। ਇਹਨਾਂ ਪਿਛੇਤਰਾਂ ਨੂੰ ਦੋ ਹਿੱਸਿਆਂ- 'ਤਧਿੱਤ' ਤੇ 'ਇਸਤਰੀ ਪ੍ਰਤਿਐ' ਵਿਚ ਵੰਡਕੇ ਵਿਸ਼ਲੇਸ਼ਿਤ ਕੀਤਾ ਗਿਆ ਹੈ।

ਤਧਿੱਤ ਤੇ ਕਿਰਦੰਤ ਵਿਧਾਨ ਵਿਚ ਵਰਤੇ ਗਏ ਸੂਤਰਾਂ ਦੀ ਸੰਖ਼ਿਆ 1821 ਹੈ। ਅਰਥਾਤ ਪੂਰੇ ਵਿਆਕਰਨ ਦੇ ਕੁਝ ਅੱਧਿਓਂ ਘੱਟ ਸੂਤਰ ਇਥੇ ਵਰਤੋਂ ਵਿਚ ਲਿਆਂਦੇ ਗਏ ਹਨ। ਪ੍ਰਥਮ ਅਧਿਆਇ ਦੇ ਚੌਥੇ ਪਾਦ ਦੇ 33 ਸੂਤਰਾਂ ਵਿਚ ਛੇ ਕਾਰਕਾਂ ਦਾ ਨਿਰੂਪਣ ਕੀਤਾ ਗਿਆ ਹੈ। ਆਚਾਰੀਆ ਪਾਨਿਨੀ ਦਾ ਕਾਰਕ ਵਿਧਾਨ ਨਾਂਵ-ਪਦ ਤੇ ਕਿਰਿਆ-ਪਦ ਦੇ ਆਪਸੀ ਸੰਬੰਧਾਂ ਉਤੇ ਅਧਾਰਿਤ ਹੈ। ਤੀਜੇ ਅਧਿਆਇ ਵਿਚ ਵਾਚ ਦੇ ਸੰਕਲਪ ਦਾ ਵੀ ਵਿਵੇਚਨ ਕੀਤਾ ਗਿਆ ਹੈ। ਇਥੇ 15 ਸੂਤਰਾਂ ਵਿਚ ਵਾਚ ਦੀਆਂ ਤਿੰਨ ਕਿਸਮਾਂ; ਕਰਤਰੀ, ਕਰਮਣੀ ਤੇ ਭਾਵ ਬਾਰੇ ਚਰਚਾ ਕੀਤੀ ਗਈ ਹੈ। ਦੂਸਰੇ ਅਧਿਆਇ ਵਿਚ ਕਾਰਕੀ ਸੰਬੰਧਾਂ ਨੂੰ ਸੂਚਿਤ ਕਰਦੀਆਂ ਸੱਤ ਵਿਭਕਤੀਆਂ ਦਾ ਵਿਧਾਨ 73 ਸੂਤਰਾਂ ਵਿਚ ਪੇਸ਼ ਕੀਤਾ ਗਿਆ ਹੈ। ਛੇਵੇਂ, ਸੱਤਵੇਂ ਤੇ ਅੱਠਵੇਂ ਅਧਿਆਇਆਂ ਵਿਚ ਉਨ੍ਹਾਂ ਪਰਿਵਰਤਨਾਂ ਦਾ ਉਲੇਖ਼ ਕੀਤਾ ਗਿਆ ਹੈ ਜੋ ਕਿ ਅੱਖਰ ਤੇ ਸ਼ਬਦ ਵਿਚਕਾਰ ਵਾਪਰਦੇ ਹਨ। ਇਹਨਾਂ ਪਰਿਵਰਤਨਾਂ ਦਾ ਮੁੱਖ ਕਾਰਨ ਸ਼ਬਦ ਨਾਲ ਜੁੜਦੇ ਪਿਛੇਤਰ ਜਾਂ ਸੰਧੀ ਨੂੰ ਮੰਨਿਆ ਗਿਆ ਹੈ। ਛੇਵੇਂ ਅਧਿਆਇ ਵਿਚ ਦੁੱਤ, ਸੰਚਾਰ, ਸਵਰ ਆਗਮ, ਸੰਧੀ ਤੇ ਲੋਪ ਵਿਧਾਇਕ ਸੂਤਰਾਂ ਦੀ ਪੇਸ਼ਕਾਰੀ ਹੈ। ਸੰਧੀ ਵਿਧਾਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜੋ ਵਰਨ ਜੁੜਨ ਵਾਸਤੇ ਉਤਸੁਕ ਹੁੰਦਾ ਹੈ, ਉਹ ਆਪਣੇ ਸਰੂਪ ਨੂੰ ਗੁਆ ਬੈਠਦਾ ਹੈ ਜਾਂ ਲਘੂ ਬਣ ਜਾਂਦਾ ਹੈ। ਇਸ ਅਧਿਆਇ ਦੇ ਚੌਥੇ ਪਾਦ ਤੋਂ ਸੱਤਵੇਂ ਪਾਦ ਤੱਕ ਇੱਕ 'ਅੰਗਾਧਿਕਾਰ' ਨਾਮਕ ਵਿਸ਼ੇਸ਼ ਪ੍ਰਕਰਣ ਹੈ , ਜਿਸ ਵਿਚ ਉਨ੍ਹਾਂ ਪਰਿਵਰਤਨਾਂ ਦਾ ਵਰਨਣ ਹੈ, ਜੋ ਪਿਛੇਤਰਾਂ ਕਰਕੇ ਮੂਲ ਸ਼ਬਦਾਂ ਜਾਂ ਮੂਲ ਸ਼ਬਦਾਂ ਕਰਕੇ ਪਿਛੇਤਰਾਂ ਵਿਚ ਹੁੰਦੇ ਹਨ। ਇਹ ਪਰਿਵਰਤਨ ਦੀਰਘ, ਹ੍ਰਸਵ, ਲੋਪ, ਆਗਮ, ਆਦੇਸ਼, ਗੁਣ ਅਤੇ ਵ੍ਰਿਧੀ ਦੇ ਵਿਧਾਨ ਵਿਚ ਦੇਖੇ ਜਾ ਸਕਦੇ ਹਨ। ਸ਼ਾਸਤਰਕਾਰ ਨੇ ਅੱਠਵੇਂ ਅਧਿਆਇ ਵਿਚ ਦੁੱਤ, ਸੰਧੀ, ਸ਼੍ਰਤਵ, ਜਸ਼ਤਵ ਤੇ ਪਲੁਤ ਆਦਿ ਦਾ ਵਿਧਾਨ ਪੇਸ਼ ਕੀਤਾ ਹੈ, ਇਸ ਅਧਿਆਇ ਵਿਚ 'ਪਦ ਅਧਿਕਾਰ' ਤੇ 'ਤਿਙੰਤ' ਬਾਰੇ ਵੀ ਚਰਚਾ ਹੋਈ ਹੈ। 'ਅਸ਼ਟਾਧਿਆਈ' ਦੇ ਅਖੀਰ ਵਿਚ 'ਅ ਅ' ਸੂਤਰ ਹੈ ਜਿਸ ਵਿਚ ਲੋਪ ਦੇ ਨਿਯਮਾਂ ਸੰਬੰਧੀ ਵੇਰਵਾ ਦਿੱਤਾ ਗਿਆ ਹੈ।

ਇਹ ਸੂਤਰਿਕ ਸ਼ੈਲੀ ਵਿਚ ਲਿਖਿਆ ਗਿਆ ਸ਼ਾਸਤਰ ਸੰਸਕ੍ਰਿਤ ਭਾਸ਼ਾ ਨੂੰ ਅਮਰਤਾ ਪ੍ਰਦਾਨ ਕਰਦਾ ਹੈ। ਕਪਿਲ ਕਪੂਰ ਇਸਨੂੰ ਪੁਰਾਣੀ ਪੰਜਾਬੀ ਦਾ ਵਿਆਕਰਨ ਤਸਲੀਮ ਕਰਦਾ ਹੈ ਜੋ ਈਸਾ ਤੋਂ ਪੰਜ ਸਦੀਆਂ ਪਹਿਲਾਂ ਭਾਰਤ ਦੇ ਉੱਤਰ ਪੱਛਮੀਂ ਖਿੱਤੇ ਵਿਚ ਬੋਲੀ ਜਾਂਦੀ ਸੀ। ਪੱਛਮੀਂ ਭਾਸ਼ਾ ਚਿੰਤਕ ਸਾਸਿਊਰ, ਬਲੂਮਫੀਲਡ, ਡੁਕਰੋ, ਤੋਦੋਰੋਵ, ਮੋਨੀਅਰ ਵਿਲੀਅਮ, ਆਰ. ਮੈਕਸਮੂਲਰ, ਕੀਥ ਅਤੇ ਆਧੁਨਿਕ ਭਾਸ਼ਾ ਵਿਗਿਆਨ ਦੇ ਪਿਤਾਮਾ ਨੋਮ ਚਾਮਸਕੀ ਮੁਕਤ ਕੰਠ ਨਾਲ ਇਸ ਵਿਆਕਰਨ ਦੀ ਸਿਫ਼ਤ ਕਰਦੇ ਹਨ।1 ਸੰਸਾਰ ਵਿਚ ਬਹੁਤੀਆਂ ਭਾਸ਼ਾਵਾਂ ਵਿਆਕਰਨ ਦੇ ਅਭਾਵ ਵਿਚ ਦੋ ਰੂਹ ਬਣ ਜਾਂਦੀਆਂ ਹਨ ਪਰ ਸੰਸਕ੍ਰਿਤ ਭਾਸ਼ਾ ਦੇ ਗਦ ਤੇ ਪਦ ਣਿਨੀ ਵਿਆਕਰਨ ਦੁਆਰਾ ਅਨੇਕ ਸਾਲਾਂ ਤੋਂ ਸੁਬੋਧ ਬਣੇ ਰਹੇ ਹਨ। ਜਿਥੋਂ ਤੀਕ ਸੰਸਕ੍ਰਿਤ ਦਾ ਵਿਸਥਾਰ ਹੈ ਉੱਥੋਂ ਤੱਕ ਪਾਣਿਨੀ ਵਿਆਕਰਨ ਦਾ ਪ੍ਰਮਾਣ ਹੈ। ਭਾਰਤੀ ਵਿਆਕਰਨਿਕ ਪਰੰਪਰਾ ਵਿਚ ਅੱਜ ਵੀ ਉਸਦੀ

ਮਹਾਨਤਾ ਬਰਕਰਾਰ ਹੈ ਭਾਰਤੀ ਭਾਸ਼ਾਵਾਂ ਦਾ ਵੇਰਵਾ ਦੇਣ ਵਾਸਤੇ ਇਸਦੀਆਂ ਕੋਟੀਆਂ ਤੇ ਧਾਰਨਾਵਾਂ ਅੱਜ ਵੀ ਪੱਛਮੀਂ ਵਿਆਕਰਨ ਤੋਂ ਜ਼ਿਆਦਾ ਪੁਖ਼ਤਾ ਮੰਨੀਆਂ ਜਾ ਸਕਦੀਆਂ ਹਨ। ਜੇਕਰ ਸਪੱਸ਼ਟ ਰੂਪ ਵਿਚ ਆਖਿਆ ਜਾਵੇ ਕਿ ਪਾਨਿਨੀ ਦੇ ਵਿਆਕਰਨ ਕਰਕੇ ਹੀ ਸੰਸਕ੍ਰਿਤ ਭਾਸ਼ਾ ਸਮੇਂ ਦੇ ਗਰਭ ਵਿਚ ਵਿਲੀਨ ਨਹੀਂ ਹੋਈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਪੱਛਮੀਂ ਵਿਦਵਾਨ ਗੋਲਡਸਟੂਕਰ ਤੇ ਵੈਬਰ ਨੇ ਇਸਨੂੰ ਸਮੱਸਤ ਵਿਆਕਰਨਾਂ ਤੋਂ ਵਿਗਿਆਨਕ ਤੇ ਉੱਚ ਕੋਟੀ ਦਾ ਸ਼ਬਦ ਸ਼ਾਸਤਰ ਗਰਦਾਨਿਆ ਹੈ। ਆਚਾਰੀਆ ਪਾਨਿਨੀ ਦੀ ਸੂਝ ਬੜੀ ਸੂਖ਼ਮ ਹੈ ਤੇ ਇਸ ਸ਼ਾਸਤਰ ਵਿਚ ਪ੍ਰਯੁਕਤ ਸੂਤਰ ਅਤਿ ਅੰਤ ਸੰਜਮੀ ਤੇ ਸੰਖ਼ਿਪਤ ਹਨ। ਇਹਨਾਂ ਸੂਤਰਾਂ ਦੀ ਸੰਖ਼ੇਪਤਾ ਪਾਨਿਨੀ ਦੀ ਸੂਝ ਤੇ ਵਿਦਵਤਾ ਦੀ ਸ਼ਹਾਦਤ ਆਪ ਪੇਸ਼ ਕਰਦੀ ਹੈ। ਸ਼ਾਸਤਰਕਾਰ ਨੇ ਬੜੀ ਵਿਗਿਆਨ ਦ੍ਰਿਸ਼ਟੀ ਅਖ਼ਤਿਆਰ ਕਰਦਿਆਂ ਅਨੁਵ੍ਰਿਤੀ (ਦੁਹਰਾਓ) ਤੋਂ ਗੁਰੇਜ਼ ਕੀਤਾ ਹੈ। 2

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਾਨਿਨੀ ਤੋਂ ਪਹਿਲਾਂ ਭਾਰਤ ਵਿਚ ਸ਼ਬਦ ਵਿੱਦਿਆ ਦਾ ਡੂੰਘਾ ਅਧਿਐਨ ਸ਼ੁਰੂ ਹੋ ਚੁੱਕਿਆ ਸੀ। ਵੇਦਾਂ ਵਿਚ ਵਿਆਕਰਨ ਸਿਧਾਂਤ ਦੀ ਪੁਸ਼ਟੀ ਕਰਦੇ ਮੰਤਰ (ਰਿਗਵੇਦ-1-164, 6-99-9,8-5-31, ਯਜਰਵੇਦ-1-20, 11-07, ਸਾਮਵੇਦ-5-2,8-5 ਤੇ ਅਥਰਵਵੇਦ-8-4-8) ਪ੍ਰਾਪਤ ਹੁੰਦੇ ਹਨ।ਪਰ 'ਅਸ਼ਟਾਧਿਆਂਈ' ਵਰਗੀ ਬੇਮਿਸਾਲ ਤੇ ਵਿਗਿਆਨਕ ਕ੍ਰਿਤ ਦੇ ਸਨਮੁੱਖ ਪਹਿਲੇ ਵਿਆਕਰਨ ਲੁਪਤ ਹੋ ਗਏ। ਪਾਨਿਨੀ ਤੋਂ ਪੂਰਬਲੇ ਵਿਆਕਰਨਾਂ ਵਿਚੋਂ 'ਪ੍ਰਤਿਸ਼ਾਖ਼ਾਵਾਂ' ਦੀਆਂ ਕੁਝ ਕਾਰਿਕਾਵਾਂ , 'ਇੰਦਰ ਵਿਆਕਰਨ' ਦੇ ਕੁਝ ਸੂਤਰ ਤੇ ਆਚਾਰੀਆ ਯਾਸਕ ਦਾ 'ਨਿਰੁਕਤ' ਹੀ ਸਾਨੂੰ ਦਸਤੇ ਹਜਾਬ ਹੈ। 'ਅਸਟਾਧਿਆਈ' ਵਿਚ ਪ੍ਰਾਚੀਨ ਦਸ ਵਿਆਕਰਨਾਂ ਤੇ ਉਨ੍ਹਾਂ ਦੇ ਆਚਾਰੀਆਂ ਦਾ ਵਰਨਣ ਹੋਇਆ ਹੈ, ਜਿਵੇਂ-ਆਪਿਸ਼ਲੀ(6-1-92), ਕਸ਼ਿਅੱਪ (1-2-25), ਗਾਰਗੀ (7-3-30), ਗਾਲਵ (7-1-74), ਚੱਕਰ ਵਰਮਣ (6-1-130), ਭਾਰਦਵਾਜ (6-9-62), ਸ਼ਾਕਟਾਯਾਨ (3-4-111), ਸ਼ਾਕੱਲਿਆ (1-1-26), ਸੇਨਕ (5-4-112) ਅਤੇ ਸਫੋਟਾਯਾਨ (6-1-122) ਆਦਿ ਹਨ। 3 ਇਹਨਾਂ ਵਿਆਕਰਨ ਸ਼ਾਸਤਰੀਆਂ ਦੀ ਵਿਸਤ੍ਰਿਤ ਤੇ ਸਮੱਗਰ ਪ੍ਰਿਸ਼ਟ ਭੂਮੀ ਨੂੰ ਲੈਕੇ ਪਾਨਿਨੀ ਨੇ ਆਪਣੇ ਸ਼ਬਦ ਸ਼ਾਸਤਰ ਦੀ ਰਚਨਾ ਕੀਤੀ। ਸ਼ਾਸਤਰਕਾਰ ਨੇ ਆਪਣੇ ਸਮੇਂ ਦੀ ਬੋਲਚਾਲ ਦੀ ਭਾਸ਼ਾ ਦਾ ਵਸੀਹ ਅਧਿਐਨ ਕਰਕੇ ਆਪਣੀ ਸਮੱਗਰੀ ਨੂੰ ਇਕੱਤਰ ਕੀਤਾ ਲਗਦਾ ਹੈ।ਉਸ ਸਮੇਂ ਪਾਨਿਨੀ ਦੇ ਸਨਮੁੱਖ ਸੰਸਕ੍ਰਿਤ ਸਾਹਿਤ ਤੇ ਆਮ ਬੋਲਚਾਲ ਦੀ ਲੋਕ ਭਾਸ਼ਾ ਦਾ ਬਹੁਤ ਵੱਡਾ ਭੰਡਾਰ ਪਿਆ ਇਆ ਸੀ, ਇਹ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਵਰਤੇ ਜਾਂਦੇ ਸ਼ਬਦਾਂ ਨਾਲ ਭਰਿਆ ਹੋਇਆ ਸੀ। ਇਸ ਸ਼ਬਦ ਭੰਡਾਰ ਦਾ ਜੋ ਸ਼ਬਦ, ਅਰਥ ਤੇ ਜੋ ਕੁਝ ਵੀ ਨਿੱਜੀ ਵਿਸ਼ੇਸਤਾ ਵਾਸਤੇ ਹੋਇਆ ਸੀ, ਉਸਦਾ ਉਲੇਖ਼ 'ਉਣਾਦਿ' ਸੂਤਰਾਂ ਤੇ 'ਗਣਪਾਠਾਂ' ਵਿਚ ਕੀਤਾ ਗਿਆ ਹੈ। ਤਤਕਾਲੀ ਜੀਵਨ ਦਾ ਅਜਿਹਾ ਕੋਈ ਅੰਗ ਨਹੀਂ ਬਚਿਆ ਜਿਸਦਾ ਜ਼ਿਕਰ 'ਅਸ਼ਟਾਧਿਆਈ' ਵਿਚ ਨਾ ਆਇਆ ਹੋਵੇ। ਭੂਗੋਲ, ਸਿੱਖਿਓ, ਸਾਹਿਤ,ਸਮਾਜਿਕ ਜੀਵਨ, ਕਿਰਸਾਨੀ, ਵਪਾਰ, ਮੁਦਰਾ, ਨਾਪਤੋਲ, ਧਾਰਮਿਕ ਤੇ ਰਾਜਨੀਤਿਕ ਜੀਵਨ ਨਾਲ ਸੰਬੰਧਿਤ ਕੰਮਾਕਾਰਾਂ ਦਾ ਵਿਸਥਾਰ ਇਸ ਸ਼ਾਸਤਰ ਵਿਚ ਮਿਲਦਾ ਹੈ। ਇਹਨਾਂ ਨਾਲ ਸੰਬੰਧਿਤ ਸ਼ਬਦਾਂ ਤੇ ਸੂਤਰਾਂ ਉਤੇ ਵਿਚਾਰ ਕੀਤਿਆਂ ਸਪੱਸ਼ਟ ਗਿਆਤ ਹੁੰਦਾ ਹੈ ਕਿ ਸੰਸਕ੍ਰਿਤ ਉਸ ਸਮੇਂ ਬੋਲਚਾਲ ਦੀ ਭਾਸ਼ਾ ਸੀ। ਇਸਦੀ ਸ਼ਹਾਦਤ ਪੇਸ਼ ਕਰਦੇ ਸੂਤਰ ਹੇਠਾਂ ਲਿਖੇ ਅਨੁਸਾਰ ਵੇਖੇ ਜਾ ਸਕਦੇ ਹਨ:

ਦੂਰਾਧੂਤੇ ਚ (9-2-84), ਪ੍ਰਤਿਆ ਭਿਵਾਦੇ ਅਸੂਦਰੇ (8-2-85), ਪ੍ਰਸ਼ਠ ਪ੍ਰਤਿਵਚਨੇ (8-2-93), ਭਰਤ ਸਨੇ (8-2-95)

ਉਕਤ ਸੂਤਰਾਂ ਵਿਚ ਜਿਸ ਪ੍ਰਕਾਰ ਦੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ, ਉਨ੍ਹਾਂ ਦੇ ਨਿਯਮ ਸੂਤਰਾਂ ਵਿਚ ਪ੍ਰਸਤੁਤ ਕੀਤੇ ਗਏ ਹਨ ਜੋ ਉਨ੍ਹਾਂ ਦੀ ਵਿਹਾਰਕ ਉਪਯੋਗਤਾ ਦੀ ਮਿਸਾਲ ਆਪ ਪੇਸ਼ ਕਰਦੇ ਹਨ। ਪਾਨਿਨੀ ਦੀ ਸ਼ੈਲੀ ਦੀ ਸਿਭ ਤੋਂ ਵੱਡੀ ਵਿਸ਼ੇਸਤਾ ਇਸ ਗੱਲ ਵਿਚ ਹੈ ਕਿ ਉਸਨੇ ਧਾਤੂ ਰੂਪਾਂ ਤੋਂ ਸ਼ਬਦ ਨਿਰਮਾਣ ਕਰਨ ਦੀ ਪੱਧਤੀ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਹੈ। ਇਸ ਲਈ ਉਸਨੇ ਆਮ ਜੀਵਨ ਵਿਚ ਪ੍ਰਚਿੱਲਤ ਧਾਤੂਆਂ ਨੂੰ ਇਕੱਤਰ ਕਰਕੇ 'ਧਾਤੂ ਪਾਠ' ਦੀ ਸਿਰਜਣਾ ਕੀਤੀ ਹੈ। ਜਿਸਦੀ ਵਰਤੋਂ ਭਾਰਤੀ ਆਰਿਆਈ ਭਾਸਾਵਾਂ ਦੇ ਤੁਲਨਾਤਮਕ ਅਧਿਐਨ ਵਿਚ ਕੀਤੀ ਜਾਂਦੀ ਹੈ। 'ਅਸ਼ਟਾਧਿਆਈ ' ਵਿਚ 'ਕਿਰਦੰਤ ਪਿਛੇਤਰਾਂ' ਦੀ ਲੰਮੀ ਸੂਚੀ ਵੀ ਦਿੱਤੀ ਗਈ ਹੈ ਜਿਹੜੇ ਅਰਥਾਂ ਵਿਚ ਉਹ ਪਿਛੇਤਰ ਸ਼ਬਦਾਂ ਨਾਲ ਜੁੜਦੇ ਹਨ, ਉਨ੍ਹਾਂ ਦਾ ਬੜੀ ਸਰਲ ਤਟ ਸੰਜਮਮਈ ਸ਼ੈਲੀ ਵਿਚ ਗਿਆਨ ਕਰਵਾਇਆ ਗਿਆ ਹੈ। ਇਹ ਸਰਲ ਤੇ ਸਪੱਸ਼ਟ ਸ਼ਬਦ ਬੋਧ ਵਾਸਤੇ ਅਤਿਅੰਤ ਮਹੱਤਵ ਪੂਰਨ ਸਿੱਧ ਹੋਈ ਹੈ। ਆਚਾਰੀਆ ਪਾਨਿਨੀ ਤੋਂ ਪੂਰਬ ਆਚਾਰੀਆ ਸ਼ਾਕਟਾਯਾਨ ਨੇ ਇਸ ਵਿਚਾਰ ਨੂੰ ਸਹਿਮਤੀ ਪ੍ਰਦਾਨ ਕੀਤੀ ਸੀ ਕਿ ਸ਼ਬਦਾਂ ਦਾ ਨਿਰਮਾਣ ਧਾਤੂ ਰੂਪਾਂ ਤੋਂ ਹੁੰਦਾ ਹੈ ਅਤੇ ਨਾਲ ਹੀ ਉਨ੍ਹਾਂ ਨੇ ਵਿਉਂਤਪਤ ਤੇ ਅੱਵੈ ਉਤਪੰਨ ਸਾਰੇ ਤਰ੍ਹਾਂ ਦੇ ਧਾਤੂ ਪਿਛੇਤਰਾਂ ਤੋਂ ਸਿੱਧ ਕਰਨ ਦਾ ਕਠਿਨ ਪ੍ਰਯੋਗ ਕੀਤਾ ਸੀ।4 ਸ਼ਾਕਟਾਯਾਨ ਦੇ ਮਤ ਦੀ ਝਲਕ ਆਚਾਰੀਆ ਯਾਸਕ ਦੇ 'ਨਿਰੁਕਤ' ਵਿਚ ਵੀ ਸਪੱਸ਼ਟ ਦਿਖਾਈ ਦਿੰਦੀ ਹੈ। ਆਚਾਰੀਆ ਪਾਨਿਨੀ ਨੇ ਇਹ ਤਹਿਕੀਕ ਕੀਤੀ ਕਿ ਭਾਸ਼ਾ ਵਿਚ ਕੁਝ ਅਜਿਹੇ ਸ਼ਬਦ ਹੁੰਦੇ ਹਨ ਜਿਨ੍ਹਾਂ ਦੀ ਸਿੱਧ ਧਾਤੂਆਂ ਨਾਲ ਪਿਛੇਤਰ ਲਗਾਕੇ ਸਮਾਨ ਜਾਂ ਵਿਸ਼ੇਸ਼ ਨਿਯਮ ਦੇ ਅੰਤਰਗਤ ਕੀਤੀ ਜਾਂਦੀ ਹੈ। ਪਰ ਲੋਕ ਬੋਲੀ ਵਿਚ

ਸ਼ਬਦਾਂ ਦਾ ਬਹੁਤ ਵੱਡਾ ਭੰਡਾਰ ਹੁੰਦਾ ਹੈ ਉਸ ਵਿਚ ਕਿੰਨੇ ਹੀ ਅਜਿਹੇ ਸ਼ਬਦ ਹੁੰਦੇ ਹਨ ਜਿੰਨ੍ਹਾਂ ਵਿਚ ਧਾਤੂਆਂ ਨਾਲ ਪਿਛੇਤਰ ਅੰਕਿਤ ਨਹੀਂ ਹੋ ਸਕਦੇ, ਆਪਣੀ ਮਰਜ਼ੀ ਨਾਲ ਇਨ੍ਹਾਂ ਨਾਲ ਪਿਛੇਤਰ ਜੋੜਕੇ ਸ਼ਬਦ ਨਿਰਮਾਣ ਕਰਨਾ ਅਤਿ ਕਠਿਨ ਕਾਰਜ ਹੈ। ਲੋਕ ਭਾਸ਼ਾ ਵਿਚ ਸ਼ਬਦ ਆਪਣੇ ਆਪ ਉਤਪੰਨ ਹੁੰਦੇ ਹਨ ਤੇ ਅਰਥਾਂ ਨਾਲ ਉਨ੍ਹਾਂ ਦਾ ਸੰਬੰਧ ਜੁੜ ਜਾਂਦਾ ਹੈ। ਇਹ ਆਮ ਲੋਕ ਵਿਹਾਰ ਦੇ ਪੱਧਰ ਤੇ ਲੋਕਾਂ ਦੇ ਮੂੰਹ ਚੜ੍ਹ ਜਾਂਦੇ ਹਨ, ਉਨ੍ਹਾਂ ਵਾਸਤੇ ਲੋਕ ਹੀ ਪ੍ਰਮਾਣ ਹਨ। ਅਜਿਹੇ ਸ਼ਬਦਾਂ ਨੂੰ ਆਚਾਰੀਆ ਪਾਣਿਨੀ ਨੇ ਸੰਗਿਆ ਪ੍ਰਮਾਣ (1-2-53) ਦਾ ਨਾਂ ਦਿੱਤਾ ਹੈ। ਕੁਝ ਸ਼ਬਦ ਐਸੇ ਵੀ ਹਨ ਜੋ ਵਿਆਕਰਨ ਦੀ ਕਸੌਟੀ ਉਪਰ ਖਰੇ ਨਹੀਂ ਉਤਰਦੇ ਬਲਕਿ ਲੋਕ ਬੋਲੀ ਦਾ ਹਿੱਸਾ ਬਣ ਗਏ ਹਨ। ਅਜਿਹੇ ਸ਼ਬਦਾਂ ਦੀ ਪ੍ਰਮਾਣਿਕਤਾ ਨੂੰ ਪਾਣਿਨੀ ਨੇ ਪ੍ਰਿਸ਼ੋਦਰਾਦੀਨਿ ਯਥੋ ਪਿਦਿਸ਼ਟਮ (6-3-109) ਸੂਤਰ ਦੁਆਰਾਵਿਅਕਤ ਕੀਤਾ ਹੈ। 'ਉਣਾਦਿ' ਪਿਛੇਤਰ ਨੂੰ ਸ਼ਾਸਤਰਕਾਰ ਨੇ ਪ੍ਰਮਾਣ ਤਾਂ ਮੰਨਿਆ ਹੈ ਪਰ ਉਨ੍ਹਾਂ ਦੀ ਕੋਈ ਤਰਤੀਬ ਪੇਸ਼ ਨਹੀਂ ਕੀਤੀ, ਉਣਾਦਿਯੋ ਬਹੁਲਮ (3-3-1) ਆਖ ਕੇ ਉਨ੍ਹਾਂ ਸ਼ਬਦਾਂ ਉਪਰ ਉਣਾਦਿ ਸ਼ੈਲੀ ਦੀ ਸਿੱਧੀ ਮੋਹਰ ਲਗਾ ਦਿੱਤੀ ਹੈ ਪਰ ਨਾਲ ਹੀ ਬਹੁਲਮ ਆਖ ਕੇ ਇਹ ਵੀ ਢਿੱਲ ਦੇ ਦਿੱਤੀ ਹੈ ਕਿ ਵਿਆਕਰਨ ਵਕਤਾ ਜਿੰਨੀ ਚਾਹੇ ਉਨ੍ਹਾਂ ਨਾਲ ਖੁੱਲ੍ਹ ਲੈ ਸਕਦਾ ਹੈ।

ਭਾਰਤੀ ਸਨਾਤਨੀ ਵਿਆਕਰਨ ਵਿਚ ਇਹ ਬੜਾ ਵਿਵਾਦ ਗ੍ਰਸਤ ਮਸਲਾ ਬਣਿਆ ਰਿਹਾ ਹੈ ਕਿ ਕਿਸੇ ਸ਼ਬਦ ਦਾ ਅਰਥ ਜਾਤੀਵਾਚਕ ਹੈ ਜਾਂ ਵਿਅਕਤੀਵਚਾਕ? ਇਸ ਸੰਦਰਭ ਵਿਚ ਆਚਾਰੀਆ ਪਤੰਜਲੀ ਨੇ ਆਪਣੇ ਸ਼ਾਸਤਰ 'ਮਹਾਭਾਸ਼ਯ' ਵਿਚ ਬੜੀ ਲੰਮੀ ਚੌੜੀ ਬਹਿਸ ਕੀਤੀ ਹੈ। 5

ਪ੍ਰਥਮ ਸੂਤਰ ਅਨੁਸਾਰ ਮੰਨਿਆ ਗਿਆ ਹੈ ਕਿ ਜਾਤੀ ਮਾਤਰ ਸ਼ਬਦ ਦਾ ਅਰਥ ਹੁੰਦਾ ਹੈ ਤੇ ਦੂਸਰੇ ਸੂਤਰ ਵਿਚ ਸ਼ਬਦ ਦਾ ਅਰਥ ਦ੍ਰਵ ਜਾਂ ਵਿਅਕਤੀਵਾਚਕ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਆਚਾਰੀਆ ਪਤੰਜਲੀ ਨੇ ਆਪਣੇ ਸ਼ਾਸਤਰ ਦੇ ਆਰੰਭ ਵਿਚ ਆਚਾਰੀਆ ਪਾਣਿਨੀ ਦੀ ਇਸ ਮਨਸ਼ਾ ਨੂੰ ਸਪੱਸਸ਼ਟ ਕਰ ਦਿੱਤਾ ਹੈ। ਇਹ ਵਿਆਕਰਨ ਸਾਡੇ ਵਾਸਤੇ ਇਸ ਨਜ਼ਰੀਏ ਤੋਂ ਵੀ ਮਹੱਤਵ ਪੂਰਨ ਹੈ ਕਿ ਯਾਸਕ ਦੇ 'ਨਿਰੁਕਤ' ਵਾਂਗ ਇਹ ਇੱਕ ਹੀ ਵਿਅਕਤੀ ਦੀ ਰਚਨਾ ਹੈ, ਇਹ ਗੁਰੂ ਚੇਲੇ ਦੀ ਪਰੰਪਰਾ ਵਾਂਗ ਅਨੇਕ ਵਿਅਕਤੀਆਂ ਦੇ ਗਿਆਨ ਦਾ ਸੋਮਾ ਨਹੀਂ ਹੈ। 6 ਸ਼ਬਦ ਸਾਮਗਰੀ ਨੂੰ ਇਕੱਤਰ ਕਰਨ ਵਾਸਤੇ ਇਕੱਲੇ ਪਾਣਿਨੀ ਰਿਸ਼ੀ ਨੇ ਹੀ ਮਹਾਨ ਤੇ ਵਿਗਿਆਨਕ ਯਤਨ ਕੀਤੇ, 'ਅਸ਼ਟਾਧਿਆਈ' ਵਿਚਲੇ ਸੂਤਰ ਇਸ ਗੱਲ ਦੀ ਸਪੱਸ਼ਟ ਸ਼ਹਾਦਤ ਭਰਦੇ ਹਨ। ਲਗਪਗ ਪੱਚੀ ਸਦੀਆਂ ਬੀਤ ਜਾਣ ਉਪਰੰਤ ਵੀ ਇਸ ਸ਼ਾਸਤਰ ਵਿਚ ਕਿਸੇ ਕਿਸਮ ਦੀ ਰਲਗੱਡ ਹੋਣ ਦੀ ਗੁੰਜਾਇਸ਼ ਹੀ ਨਹੀਂ ਹੈ। ਬਰਨੇਲ ਲਿਖਦਾ ਹੈ ਕਿ ਪੱਚੀ ਸੌ ਸਾਲਾਂ ਦੀ ਪਰੰਪਰਾ ਤੋਂ ਬਾਅਦ 'ਅਸ਼ਟਾਧਿਆਈ' ਦਾ ਪਾਠ ਸਾਨੂੰ ਜਿਤਨਾ ਪ੍ਰਮਾਣਿਕ ਤੇ ਸ਼ੁੱਧ ਮਿਲਦਾ ਹੈ, ਉਤਨਾ ਕਿਸੇ ਹੋਰ ਸੰਸਕ੍ਰਿਤ ਗ੍ਰੰਥ ਵਿਚ ਨਹੀਂ।7

ਸਾਡੇ ਪ੍ਰਸਤੁਤ ਅਧਿਐਨ ਦਾ ਉਦੇਸ਼ 'ਅਸ਼ਟਾਧਿਆਈ' ਦੀ ਸਾਂਸਕ੍ਰਿਤਕ ਸਾਮਗਰੀ ਉਪਰ ਪ੍ਰਕਾਸ਼ ਪਾਉਣਾ ਹੈ। ਪਤੰਜਲੀ ਨੇ ਲਿਖਿਆ ਹੈ ਕਿ ਹਰੇਕ ਸ਼ਬਦ ਦੀ ਅਲੱਗ ਅਲੱਘ ਸਾਧਨਾ ਵਿਚ ਨਾ ਜਾ ਕੇ ਉਸਦੇ ਸ਼ੁੱਧ ਰੂਪ ਦੇ ਵੱਖ ਵੱਖ ਉਪਦੇਸ਼ ਨਾ ਕਰਕੇ ਪਾਣਿਨੀ ਨੇ ਸਮਾਨ ਤੇ ਵਿਸ਼ੇਸ਼ ਨਿਯਮਾਂ ਨੂੰ ਸਥਿਰ ਕਰਦਿਆਂ ਹੋਇਆਂ ਸੂਤਰਾਂ ਦੀ ਰਚਨਾ ਕੀਤੀ ਹੈ। ਪਾਣਿਨੀ ਤੋਂ ਮਗਰੋਂ ਵਿਆਕਰਨ ਨੂੰ ਸੂਤਰਿਕ ਸ਼ੈਲੀ ਵਿਚ ਲਿਖਣ ਵਾਸਤੇ ਵਿਆਕਰਣੰ ਸੂਤਰਯਤਿ (1-3-26) ਸਿਧਾਂਤ ਦੀ ਵਰਤੋਂ ਹੋਣ ਲੱਗੀ। ਇਸਤੋਂ ਮਗਰੋਂ ਆਚਾਰੀਆ ਕਾਤਿਆਯਾਨ ਨੇ ਆਪਣੇ 'ਵਾਰਤਕ' ਵੀ ਸੂਤਰਿਕ ਸ਼ੈਲੀ ਵਿਚ ਰਚਿਤ ਕੀਤੇ। ਇਸ ਤਰ੍ਹਾਂ ਪਾਣਿਨੀ ਦੁਆਰਾ ਪਾਈ ਸੂਤਰਿਕ ਸ਼ੈਲੀ ਦੀ ਪਿਰਤ ਉਸਤੋਂ ਹਜ਼ਾਰ ਸਾਲ ਬਾਅਦ ਤੱਕ ਵੀ ਵਿਆਕਰਨ ਲਿਖਣ ਵਾਸਤੇ ਚਲਦੀ ਰਹੀ।

ਸੋ ਹਥਲੇ ਪੇਪਰ ਦੁਆਰਾ 'ਅਸ਼ਟਾਧਿਆਈ' ਦੀ ਗੰਭੀਰਤਾ ਦਾ ਅਨੁਮਾਨ ਪਾਠਕ ਵਰਗ ਸਹਿਜੇ ਹੀ ਲਗਾ ਸਕਦਾ ਹੈ, ਇਹ ਵਿਸਥਾਰ ਤੇ ਗੰਭੀਰਤਾ ਦੇ ਦ੍ਰਿਸ਼ਟੀਕੋਣ ਤੋਂ ਸਭ ਤੋਂ ਸਿਰਮੌਰ ਹੈ। ਪਾਣਿਨੀ ਨੇ ਆਪਣੇ ਇਕਾਗਰ ਮਨ, ਜ਼ਹੀਨ ਤਰੀਨ ਬੁੱਧੀ, ਸਕਾਰਾਤਮਕ ਤੇ ਵਿਗਿਆਨਕ ਨਜ਼ਰੀਆਂ, ਸੂਤਰਾਂ ਦੀ ਰਚਨਾ ਕਰਨ ਦੀ ਕੁਸ਼ਲਤਾ ਅਤੇ ਵਿਪੁਲ ਸਾਮਗਰੀ ਦੀ ਸਹਾਇਤਾ ਨਾਲ ਜਿਸ ਅਸਾਧਾਰਣ ਵਿਆਕਰਨ ਦੀ ਸਿਰਜਣਾ ਕੀਤੀ ਅੱਜ ਸਮੁੱਚਾ ਭਾਸ਼ਾ ਵਿਗਿਆਨ ਉਸਦਾ ਲੋਹਾ ਮੰਨਦਾ ਹੈ।

**ਹਵਾਲੇ**


1. ਡਾ. ਕਪਿਲ ਕਪੂਰ, ਖੋਜ ਪੱਤ੍ਰਿਕਾ (ਭਾਸ਼ਾ ਤੇ ਵਿਆਕਰਨ ਵਿਸ਼ੇਸ਼ ਅੰਕ), ਪੰਨਾ-45
2. ਵਾਸੂਦੇਵ ਸ਼ਰਣ ਅਗਰਵਾਲ, ਪਾਣਿਨੀ ਕਾਲੀਨ ਭਾਰਤ ਵਰਸ਼, ਪੰਨਾ-02
3. ਕੀਥ, ਹਿਸਟਰੀ ਆਫ ਸੰਸਕ੍ਰਿਤ ਲਿਟਰੇਚਰ, ਪੰਨਾ-276
4. ਯੁਧਿਸ਼ਠਰ ਮੀਮਾਂਸਕ, ਭਾਰਤ ਵਿਚ ਬਵਆਕਰਨ ਦਾ ਜਨਮ ਤੇ ਵਿਕਾਸ, ਪੰਨਾ-204
5. ਰਾਮ ਨਾਥ ਸ਼ਰਮਾ, ਦ ਅਸ਼ਟਾਧਿਆਈ ਆਫ ਪਾਣਿਨੀ, ਜਿਲਦ ਪਹਿਲੀ, ਪੰਨਾ-204
6. ਪਤੰਜਲੀ, ਮਹਾਭਾਸ਼ਯ 1-2/64-34, ਪੰਨਾ-55
7. ਬਰਨੇਲ, ਇੰਦਰ ਵਿਆਕਰਨ ਤੇ ਵਿਚਾਰ, ਪੰਨਾ-56



**ਅਸਿਸਟੈਂਟ ਪ੍ਰੋਫੈਸਰ**
**ਪੰਜਾਬ ਯੂਨੀ. ਕਾਂਸਟੀਚੂਐਂਟ ਕਾਲਜ**
**ਨਿਹਾਲ ਸਿੰਘ ਵਾਲਾ (ਮੋਗਾ)**

# ਮੇਜਰ ਮਾਂਗਟ ਦੀ ਕਹਾਣੀ 'ਘੁੰਮਣਘੇਰ' ਵਿੱਚ ਪੇਸ਼ ਮਨੋਪਰਤਾਂ / ਨੀਰੂ ਗੁਪਤਾ

ਮੇਜਰ ਮਾਂਗਟ ਇੱਕ ਬਹੁਪੱਖੀ ਕੈਨੇਡੀਅਨ ਸਾਹਿਤਕਾਰ ਹੈ। ਉਸ ਦੀ ਕਹਾਣੀ 'ਘੁੰਮਣਘੇਰ' ਤ੍ਰੈਮਾਸਿਕ ਪੰਜਾਬੀ ਮੈਗਜ਼ੀਨ 'ਸਿਰਜਣਾ' ਦੇ ਤਾਜ਼ਾ ਅੰਕ (ਜਨਵਰੀ-ਮਾਰਚ 2025) ਵਿੱਚ ਛਪੀ ਹੈ। ਇਹ ਕਹਾਣੀ ਚੇਤਨਾ-ਪ੍ਰਵਾਹ ਵਿਧੀ ਦੀ ਵਰਤੋਂ ਨਾਲ ਪਾਤਰਾਂ ਦੀਆਂ ਆਂਤਰਿਕ ਸਥਿਤੀਆਂ ਨੂੰ ਗਲਪੀ-ਚਰਿਤਰ ਰਾਹੀਂ ਰੂਪਮਾਨ ਕਰਦੀ ਹੈ। ਕਹਾਣੀ ਦਾ ਸਿਰਲੇਖ 'ਘੁੰਮਣਘੇਰ' ਪਰਵਾਸ ਦੇ ਖਿਲਾਰੇ-ਪਸਾਰੇ ਤੇ ਉਸ ਵਿੱਚ ਉਲਝੇ ਮਨੁੱਖੀ ਤਾਣੇ-ਬਾਣੇ ਨੂੰ ਪ੍ਰਤੀਕਾਤਮਕ ਰੂਪ ਵਿੱਚ ਫ਼ੋਕਸ ਅਧੀਨ ਲਿਆਂਉਂਦਾ ਹੈ। ਕਹਾਣੀ ਵਿਚਲਾ ਬਿਰਤਾਂਤ ਕਰੋਨਾ-ਕਾਲ ਨਾਲ ਅੰਤਰ-ਸੰਬੰਧਿਤ ਹੈ, ਜਿਸ ਵਿੱਚ ਦੋ ਪ੍ਰਮੁੱਖ ਘਟਨਾਵਾਂ ਅਹਿਮ ਹਨ : ਪਹਿਲੀ ਘਟਨਾ, ਜਿਸ ਵਿੱਚ ਇੱਕ ਪਰਵਾਸੀ ਪਰਿਵਾਰ ਪ੍ਰਸਥਿਤੀਆਂ ਵੱਸ ਆਪਣੀ ਬੇਬੇ ਨੂੰ ਮੂਲ-ਧਰਤੀ 'ਤੇ ਲਿਜਾਣ ਵਿੱਚ ਅਸਮਰੱਥ ਹੈ ਤੇ ਦੂਜੀ ਘਟਨਾ 'ਚ ਬੇਬੇ ਹਸਪਤਾਲ ਵਿੱਚ ਉਪਚਾਰ ਅਧੀਨ ਆਪਣੇ ਪਰਵਾਸੀ ਘਰ ਨਾ ਜਾ ਸਕਣ ਕਰਕੇ ਇੱਕ ਮਨੋਰੋਗੀ ਵਾਂਗ ਤੜਫ਼ਦੀ ਹੋਈ ਅੰਤਿਮ ਸਵਾਸ ਲੈਂਦੀ ਹੈ। ਕਹਾਣੀ ਵਿੱਚ ਪੇਸ਼ ਪ੍ਰਮੁੱਖ ਚਾਰ-ਪੰਜ ਪਾਤਰਾਂ ਰਾਹੀਂ ਪਰਵਾਸੀ ਜੀਵਨ ਦੀਆਂ ਮਜਬੂਰੀਆਂ, ਦੁਸ਼ਵਾਰੀਆਂ, ਬੇਬਸੀ ਤੇ ਪਛਤਾਵਾ ਪਰਤ ਦਰ ਪਰਤ ਦ੍ਰਿਸ਼ਟਮਾਨ ਹੁੰਦੇ ਹਨ, ਜਿਨ੍ਹਾਂ ਰਾਹੀਂ ਕਹਾਣੀ ਦਾ ਬਿਰਤਾਂਤ ਮਾਨਵੀ ਸੱਚ ਦਾ ਕਥਾ-ਬਿੰਬ ਉਸਾਰਦਾ ਹੈ।

ਕਹਾਣੀ ਵਿੱਚ ਪਰਵਾਸ ਦੇ ਸੰਕਟਾਂ, ਦੁੱਖਾਂ, ਤਕਲੀਫਾਂ, ਦੁਵਿਧਾਵਾਂ, ਤਣਾਵਾਂ, ਟਕਰਾਵਾਂ, ਅਨੁਭਵਾਂ ਤੇ ਡਿੱਗਦੀ-ਸੰਭਲਦੀ ਮਨੁੱਖਤਾ ਦੇ ਅੰਦਰਲੇ ਤਰਕ -ਵਿਤਰਕ ਨੂੰ ਬੜੀ ਡੂੰਘੇਰੀ ਸੂਝ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਪਰਵਾਸੀ ਜੀਵਨ ਦੀਆਂ ਅਨੇਕਾਂ ਮਨੋ-ਪਰਤਾਂ ਉਜਾਗਰ ਹੁੰਦੀਆਂ ਹਨ। ਕਹਾਣੀ ਚੇਤਨ ਤੋਂ ਅਵਚੇਤਨ ਅਤੇ ਅਵਚੇਤਨ ਤੋਂ ਚੇਤਨ ਤੱਕ ਦਾ ਸਫ਼ਰ ਦੋਹਰੀ ਕਾਲਿਕ ਤਰਤੀਬ ਰਾਹੀਂ ਤੈਅ ਕਰਦੀ ਹੈ। ਦੋਹਰੀ ਕਾਲਿਕ ਤਰਤੀਬ ਬਾਰੇ ਡਾ. ਧਨਵੰਤ ਕੌਰ ਲਿਖਦੇ ਹਨ:

ਬਿਰਤਾਂਤ ਦੀ ਦੋਹਰੀ ਕਾਲਿਕ ਤਰਤੀਬ ਆਧੁਨਿਕ ਕਹਾਣੀ ਵਿਚ ਹੋਰ ਗੁੰਝਲਦਾਰ ਹੋ ਗਈ ਹੈ। ਆਧੁਨਿਕ ਕਹਾਣੀ ਆਪਣੇ ਪੇਸ਼ ਕ੍ਰਮ ਵਿੱਚ ਵਰਤਮਾਨ ਦਾ ਕੁਝ ਸਮਾਂ ਹੰਡਾਉਂਦੀ ਹੈ ਅਤੇ ਇਸ ਤੋਂ ਪਿਛਲਾ/ਅਗਲਾ ਸਮਾਂ ਇੱਕ ਮਸਨੂਈ ਤਰਤੀਬ ਵਿੱਚ ਵਿਉਂਤਦੀ ਹੈ। ਜੇ ਵਾਪਰ ਕ੍ਰਮ ਵਿੱਚ ਘਟਨਾਵਾਂ ਦੀ ਵਿਉਂਤ ੳ-ਅ-ੲ-ਸ ਹੋਵੇ ਤਾਂ ਆਧੁਨਿਕ ਕਹਾਣੀ ਦੇ ਕ੍ਰਮ ਵਿੱਚ ਇਹ ਅ-ੳ-ੲ-ਸ, ਸ-ੲ-ੳ-ਅ ਜਾਂ ੲ-ਅ-ੳ-ਸ ਜਾਂ ਹੋਰ ਕੋਈ ਵੀ ਸੰਭਵ ਵਿਉਂਤ ਹੋ ਸਕਦੀ ਹੈ।1

ਮੁੱਖ ਪਾਤਰ ਜਗਮੇਲ ਸਿੰਘ ਕਹਾਣੀ ਦੀ ਮੁੱਖ-ਸੁਰ ਬਣਦਾ ਹੈ। ਉਹ ਪਰਵਾਸੀ ਧਰਤੀ 'ਤੇ ਬੇਹਤਰ ਆਰਥਿਕ ਸਥਿਤੀਆਂ ਦੀ ਆਸ ਨਾਲ ਪੈਰ ਪਾਉਂਦਾ ਹੈ। ਪਰਵਾਸੀ ਸਭਿਆਚਾਰ ਵਿੱਚ ਆਪਣੀ ਜੜ੍ਹਾਂ ਨੂੰ ਮਜ਼ਬੂਤ ਕਰਨ ਤੋਂ ਬਾਅਦ ਉਹ ਆਪਣੇ ਪਰਿਵਾਰ ਅਤੇ ਬੇਬੇ ਨੂੰ ਕੈਨੇਡਾ ਹੀ ਬੁਲਾ ਲੈਂਦਾ ਹੈ। ਉਸ ਅੰਦਰ ਇਹ ਤੌਖ਼ਲਾ ਸਾਫ਼ ਨਜ਼ਰ ਆਉਂਦਾ ਹੈ ਕਿ ਉਹ ਆਪਣੀ ਬੇਬੇ ਨਾਲ ਇੱਕੋ ਘਰ ਵਿਚ ਰਹਿ ਕੇ ਉਸ ਦਾ ਮੋਹ-ਪਿਆਰ ਬਹੁਤਾ ਸਮਾਂ ਮਾਣ ਨਹੀਂ ਸਕਿਆ:

ਮਾਂ ਨੂੰ ਕੈਨੇਡਾ ਭਾਵੇਂ ਮੈਂ ਮੰਗਵਾਇਆ ਸੀ, ਪਰ ਰਹਿੰਦੀ ਕਿੰਦਰ ਨਾਲ ਸੀ।2

ਜਗਮੇਲ ਸਿੰਘ ਓਪਰੀ ਧਰਤੀ 'ਤੇ ਓਪਰੇਪਣ ਦਾ ਦਰਦ ਉਸ ਸਮੇਂ ਹੰਢਾਉਂਦਾ ਹੈ, ਜਦੋਂ ਭਾਵਨਾਤਮਕ ਤੇ ਸਭਿਆਚਾਰਕ ਤੌਰ 'ਤੇ ਮੂਲਵਾਸ ਨਾਲ ਜੁੜੀ ਹੋਈ ਉਸਦੀ ਬੇਬੇ ਲਾਚਾਰੀ ਤੇ ਅਜਨਬੀਅਤ ਦੇ ਅਹਿਸਾਸ ਕਾਰਨ ਉਸ ਅੱਗੇ ਮਿੰਨਤ ਕਰਦੀ ਹੋਈ ਕਹਿੰਦੀ ਹੈ:

"ਵੇ ਪੁੱਤ ਮੇਰਾ ਇੱਕ ਗੇੜਾ ਲੁਆ ਦੇ, ਫੇਰ ਨੀ ਮੈਂ ਕਹਿੰਦੀ……." 3

ਇਸ ਤਰ੍ਹਾਂ ਉਸ ਦੀ ਚੇਤਨਾ ਮੂਲਵਾਸ ਤੇ ਪਰਵਾਸ ਦੇ ਦਵੰਧ ਰਾਹੀਂ ਖੰਡਿਤ ਹੋ ਕੇ ਰਹਿ ਜਾਂਦੀ ਹੈ। ਕਈ ਵਾਰ ਰਿਸ਼ਤਿਆਂ ਦੀ ਵਹਿਣਧਾਰਾ ਵਿੱਚ ਜਜ਼ਬਾਤ ਤੇ ਵਿਹਾਰ ਅਜਿਹੀਆਂ ਪ੍ਰਸਥਿਤੀਆਂ ਪੈਦਾ ਕਰ ਦਿੰਦੇ ਹਨ ਕਿ ਖੰਡਿਤ ਹੋਇਆ ਮਨੁੱਖ ਆਪਣੀ ਹੋਂਦ ਦੇ ਅਰਥ ਤਲਾਸ਼ ਕਰਨ ਲੱਗਦਾ ਹੈ। ਜਜ਼ਬਾਤੀ ਹੁੰਦਿਆਂ ਉਸਦੀ ਹੂਕ ਹਿੱਕ ਦੀ ਕੰਬਣੀ ਰਾਹੀਂ ਹੰਝੂ ਬਣ ਕੇ ਲਗਾਤਾਰ ਵਹਿੰਦੀ ਹੈ:

ਕਈ ਵਾਰ ਬੰਦਾ ਵੇਖਣ ਨੂੰ ਚੁੱਪ ਲੱਗਦੈ, ਪਰ ਹੁੰਦਾ ਨਹੀਂ। ਪਤਨੀ ਨੂੰ ਲੱਗਿਆ ਮੈਂ ਉਦਾਸ ਹਾਂ, ਮਾਂ ਨੂੰ ਯਾਦ ਕਰ ਰਿਹਾ ਹਾਂ। ਉਹ ਮੇਰੀਆਂ ਸਿਲ੍ਹੀਆਂ ਅੱਖਾਂ ਵੱਲ ਵੇਖਦੀ ਰਹੀ, ਜਿਨ੍ਹਾਂ ਨੂੰ ਮੈਂ ਡੈਸ਼ਬੋਰਡ 'ਤੇ ਪਏ ਟਿਸ਼ੂਆਂ ਨਾਲ ਕਈ ਵਾਰ ਪੂੰਝ ਚੁੱਕਾ ਸੀ।4

ਉਸਦੀ ਮਾਨਸਿਕ ਸਥਿਤੀ ਉਦੋਂ ਦੋਰਾਹਾ ਅਖ਼ਤਿਆਰ ਕਰਦੀ, ਜਦੋਂ ਉਸਦੇ ਅਹਿਸਾਸ ਤੇ ਬੌਧਿਕ ਸੂਝ ਆਹਮੋ-ਸਾਹਮਣੇ ਖਲੋ ਜਾਂਦੇ ਹਨ। ਬੇਬੇ ਭਾਵਨਾਤਮਕ ਤੌਰ 'ਤੇ ਜਦੋਂ ਆਪਣੇ ਪੁੱਤ ਵੱਲੋਂ ਆਸ ਕਰਦੀ ਹੈ ਕਿ ਉਹ ਉਸਨੂੰ ਹਸਪਤਾਲ ਜਾਣ ਨਹੀਂ ਦੇਵੇਗਾ, ਲੇਕਿਨ ਜਗਮੇਲ ਸਿੰਘ ਦੀ ਬੌਧਿਕ ਸੂਝ ਬੇਬੇ ਨੂੰ ਹਸਪਤਾਲ ਭੇਜਣਾ ਮੰਨਦੀ ਹੈ। ਬੇਬੇ ਦੇ ਹੋਕੇ ਉਸਦੇ ਦਿਲ ਨੂੰ ਚੀਰਦੇ ਹਨ-

"ਜਗਮੇਲ ਸਿਆਂ, ਪੁੱਤ ਮੈਂ ਔਖੀ ਆਂ…… ਹੁਣ ਸਾਰੇ ਮੈਨੂੰ ਹਸਪਤਾਲ ਲਿਜਾਂਣ ਨੂੰ ਕਹੀ ਜਾਂਦੇ ਨੇ। ਮੇਰਾ ਨੀ ਭਾਈ ਦਿਲ ਕਰਦਾ…..। ਉਪਰੋਂ ਕਰੋਨੇ ਨੇ ਕੀ ਹਾਲ ਕੀਤਾ

ਪਿਆ ਏ......। ਭਾਈ ਤੂੰ ਦੱਸ ਹੁਣ ਕੀ ਕਰਾਂ?"

"ਮਾਂ ਜੇ ਔਖੀ ਏਂ ਤਾਂ ਹਸਪਤਾਲ ਤਾਂ ਜਾਣਾ ਹੀ ਪਵੇਗਾ। ਬਿਮਾਰੀ ਵਧ ਵੀ ਤਾਂ ਸਕਦੀ ਆ...... ਫੇਰ ਕੀ ਕਰਾਂਗੇ?"

"ਚੰਗਾ ਭਾਈ ਦੇਖ ਲੋ ਥੋਡੀ ਮਰਜੀ ਆ। ਜੇ ਕਹਿਨੇ ਓਂ ਤਾਂ ਚਲੀ ਜਾਨੀ ਆਂ"5

ਉਸਦੀ ਸੰਵੇਦਨਾ ਵਿਸ਼ਵਵਿਆਪੀ ਕਰੋਨਾ ਮਹਾਂਮਾਰੀ ਦੌਰਾਨ ਖੰਡਿਤ ਹੁੰਦੀ ਨਜ਼ਰ ਆਉਂਦੀ ਹੈ। ਉਹ ਕਰੋਨਾ ਮਹਾਂਮਾਰੀ ਵਿੱਚ ਆਪਣੇ ਆਪ ਨੂੰ ਮਜਬੂਰ ਤੇ ਬੇਸਹਾਰਾ ਪਾਉਂਦਾ, ਜਦੋਂ ਉਹ ਆਪਣੀ ਮਾਂ ਲਈ ਕੁਝ ਨਹੀਂ ਕਰ ਸਕਦਾ ਤੇ ਮਾਂ ਨੂੰ ਨਾ ਤਾਂ ਮਿਲ ਸਕਦਾ ਤੇ ਨਾ ਹੀ ਉਸਨੂੰ ਦੇਖ ਸਕਦਾ। ਇਸ ਸਮੇਂ ਉਸ ਦਾ ਅਸਤਿਤਵ ਆਪਣੇ ਯਥਾਰਥ ਨੂੰ ਵਿਰੋਧਾਭਾਸੀ ਸਥਿਤੀਆਂ ਵਿੱਚ ਤਲਾਸ਼ਣ ਦਾ ਪ੍ਰਯਤਨ ਕਰਦਾ ਹੈ। ਉਹ ਬੇਚੈਨ ਹੋਇਆ ਸੋਚਣ ਲੱਗਦਾ:

ਮਾਂ ਦਿਲ ਦੀ ਮਰੀਜ਼ ਸੀ ਤੇ ਉਸਦੇ ਫੇਫੜੇ ਵੀ ਚੰਗੀ ਤਰ੍ਹਾਂ ਕੰਮ ਨਹੀਂ ਸੀ ਕਰਦੇ। ਉਸ ਨੂੰ ਕੋਵਿਡ ਹੋਣ ਦਾ ਬਹੁਤ ਡਰ ਸੀ। ਉਸਦਾ ਆਕਸੀਜਨ ਲੈਵਲ ਵੱਧ ਕੇ 10 ਨੰਬਰ 'ਤੇ ਆ ਗਿਆ ਸੀ। ਜੋ ਵੱਧ ਤੋਂ ਵੱਧ ਫਲੋਅ ਸੀ। ਦਿਲ ਵਿਚਲੇ ਛੇਕ ਕਾਰਨ ਲਹੂ ਦਾ ਦਬਾਅ ਵੀ ਠੀਕ ਨਹੀਂ ਸੀ। ਅਜਿਹੀ ਹਾਲਤ ਵਿੱਚ ਮਾਂ ਨੂੰ ਇਕੱਲੀ ਕਿਵੇਂ ਛੱਡਿਆ ਜਾ ਸਕਦਾ ਸੀ? ਪਰ ਡਾਕਟਰਾਂ ਨੂੰ ਕੌਣ ਸਮਝਾਉਂਦਾ ?6

ਕਰੋਨਾ ਕਾਲ ਦੀ ਤ੍ਰਾਸਦੀ ਨੇ ਜੀਵਨ ਦੇ ਹਰ ਪਹਿਲੂ 'ਤੇ ਅਸਰ ਪਾਇਆ। ਇਸ ਨਾਲ ਜੀਵਨ-ਚਾਲ ਵਿੱਚ ਠਹਿਰਾਵ ਆਇਆ ਤੇ ਲੋਕਾਂ ਦੇ ਸੁਭਾਅ ਵਿੱਚ ਬਦਲਾਵ। ਕਰੋਨਾ ਸਮੇਂ ਦੀ ਕਰੂਰਤਾ, ਮਰ ਚੁੱਕੀ ਇਨਸਾਨੀਅਤ ਤੇ ਪ੍ਰਸਿਥਤੀਆਂ ਦਾ ਖੌਫ਼ਨਾਕ ਮੰਜ਼ਰ ਉਦੋਂ ਸਿਖ਼ਰ ਤੇ ਨਜ਼ਰ ਆਉਂਦਾ ਹੈ, ਜਦੋਂ ਜਗਮੇਲ ਸਿੰਘ ਦਾ ਪਰਿਵਾਰ ਬੇਬੇ ਨੂੰ ਮਿਲਣ ਲਈ ਡਾਕਟਰਾਂ ਅੱਗੇ ਮਿੰਨਤਾਂ ਕਰਦਾ:

ਅਸੀਂ ਹਰ ਰੋਜ਼ ਮਿੰਨਤਾਂ ਤਰਲੇ ਕਰਦੇ ਲੇਲ੍ਹੜੀਆਂ ਕਰਦੇ ਮਾਂ ਦੀ ਸਿਹਤ ਦਾ ਵਾਸਤਾ ਪਾਉਂਦੇ, ਪਰ ਕੋਵਿਡ ਤੋਂ ਡਰੇ ਹੋਏ ਡਾਕਟਰਾਂ ਦਾ ਰਵਈਆ ਅਜੀਬ ਜਿਹਾ ਹੋ ਗਿਆ ਸੀ। ਉਹ ਮਰੀਜ਼ਾਂ ਤੋਂ ਇਉਂ ਡਰਦੇ ਸਨ, ਜਿਵੇਂ ਮਰੀਜ਼ਾਂ 'ਚੋਂ ਨਿੱਕਲ ਕੇ ਮੌਤ ਉਨ੍ਹਾਂ ਨੂੰ ਚਿੰਬੜ ਜਾਣੀ ਹੋਵੇ। ਕੰਮ ਦੇ ਬੇਲੋੜੇ ਬੋਝ ਨੇ ਉਨ੍ਹਾਂ ਨੂੰ ਬੇਹੱਦ ਖਿੱਝੂ ਤੇ ਸਨਕੀ ਬਣਾ ਦਿੱਤਾ ਸੀ। ਉਹ ਤਾਨਾਸ਼ਾਹਾਂ ਵਾਂਗ ਫੁਰਮਾਨ ਸੁਣਾਉਂਦੇ। ਜਿਵੇਂ ਰਿਸ਼ਤਿਆਂ ਦੀ ਸਾਰੀ ਮਰਿਆਦਾ ਹੀ ਭੁੱਲ ਗਏ ਹੋਣ।7

ਜ਼ਿੰਦਗੀ ਰੁਮਾਂਸ, ਯਥਾਰਥ, ਸੁਹਜ, ਬੌਧਿਕਤਾ, ਭਾਵਨਾਤਮਕਤਾ ਤੇ ਦਾਰਸ਼ਨਿਕਤਾ ਆਦਿ ਪਾਸਾਰਾਂ ਦਾ ਸੁਮੇਲ ਹੈ। ਇਨ੍ਹਾਂ ਦੀ ਹਿਲਜੁਲ ਨਾਲ ਜ਼ਿੰਦਗੀ ਵਿੱਚ ਉਤਾਰ-ਚੜ੍ਹਾਅ ਆਉਣਾ ਨਿਸ਼ਚਿਤ ਹੈ। ਇਨ੍ਹਾਂ ਵਿੱਚ ਸੰਤੁਲਨ ਬਣਾਈ ਰੱਖਣ ਲਈ ਬਹੁਤ ਵੱਡਾ ਜੇਰਾ ਚਾਹੀਦਾ ਹੈ। ਜਿਵੇਂ, ਜਦੋਂ ਜਗਮੇਲ ਸਿੰਘ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਬੇਬੇ ਹੁਣ ਬਹੁਤਾ ਸਮਾਂ ਉਹਨਾਂ ਨਾਲ ਸਾਥ ਨਹੀਂ ਨਿਭਾ ਸਕਦੀ, ਤਾਂ ਉਹ ਆਪਣੀ ਭਾਵਨਾਵਾਂ ਨੂੰ ਕਾਬੂ ਕਰਕੇ ਆਪਣੀ ਬੌਧਿਕ ਸੂਝ ਨਾਲ ਬੇਬੇ ਨੂੰ ਘਰ ਲਿਆਉਣ ਲਈ ਆਪਣਾ ਹਰ ਸੰਭਵ ਯਤਨ ਕਰਦੇ ਹਨ। ਉਹ ਚਾਹੇ ਐਂਬੂਲੈਂਸ ਦਾ ਇੰਤਜ਼ਾਮ ਕਰਨਾ ਹੋਵੇ ਜਾਂ ਨਿਰਾਸ਼ ਹੋ ਕੇ ਘਰ ਪਰਤ ਜਾਣਾ ਹੋਵੇ:

ਸ਼ਹਿਰ ਵਿੱਚ ਕੋਈ ਪੈਰਾਮੈਡਿਕ ਤੇ ਕੋਈ ਹੋਰ ਐਬੂਲੈਂਸ ਨਹੀਂ ਸੀ ਮਿਲ ਰਹੀ। ਇਹ ਯੁੱਧ ਸਭ ਤੋਂ ਔਖਾ ਸੀ, ਜੋ ਅਸੀਂ ਹਾਰ ਰਹੇ ਸਾਂ ਤੇ ਰੋ ਰਹੇ ਸਾਂ। ਇਹ ਸੋਚ ਸੋਚ ਕੇ ਕਾਲਜਾ ਮੂੰਹ ਨੂੰ ਆਉਂਦਾ, ਕਿ ਸਾਨੂੰ ਜਨਮ ਦੇਣ ਵਾਲੀ ਅੱਜ ਕੀ ਸੋਚਦੇ ਹੋਊ ? ਕਿ ਮੈਂਨੂੰ ਘਰ ਕਿਉਂ ਨਹੀਂ ਲੈ ਕੇ ਜਾ ਰਹੇ? ਅਸੀਂ ਹਾਰ ਕੇ ਘਰ ਨੂੰ ਮੁੜ ਆਏ। ਅਸੀਂ ਮਾਂ ਦੀ ਇੱਕ ਨਿੱਕੀ ਜਿਹੀ ਮੰਗ ਵੀ ਪੂਰੀ ਨਾ ਕਰ ਸਕੇ....।8

ਉਸਨੂੰ ਕੀ ਪਤਾ ਸੀ ਕਿ ਉਸ ਦੀ ਬੇਬੇ ਦੁਆਰਾ ਘਰ ਜਾਣ ਦੀ ਇੱਛਾ ਆਖ਼ਰੀ ਇੱਛਾ ਹੋਵੇਗੀ। ਉਹ ਭਰੇ ਮਨ ਨਾਲ ਐਬੂਲੈਂਸ ਦਾ ਇੰਤਜ਼ਾਮ ਨਾ ਹੋਣ ਕਾਰਨ, ਨਿਰਾਸ਼ ਹੋ ਬੇਬੇ ਦੀ ਮਾਨਸਿਕ ਵੇਦਨਾ ਬਾਰੇ ਸੋਚ ਰਿਹਾ ਸੀ। ਜਿਵੇਂ ਹੀ ਉਹ ਘਰ ਪਹੁੰਚਦਾ ਹੈ। ਇੰਨੇ ਨੂੰ ਫੋਨ ਆਉਂਦਾ ਹੈ:

ਮੇਰੇ ਭਤੀਜੇ ਰਾਜ ਦਾ ਫੋਨ ਆਇਆ। ਉਹ ਰੋ ਰਿਹਾ ਸੀ ਤਾਂ ਮੇਰਾ ਮੱਥਾ ਠਣਕਿਆ ਕਿ ਮਾਂ ਠੀਕ ਹੋਵੇ। ਪਰ ਉਸ ਨੇ ਤਾਂ ਫਲਾਹ ਸੋਟਾ ਮਾਰ ਦਿੱਤਾ ਸੀ। "ਅੰਕਲ ਦਾਦੀ ਪੂਰੇ ਹੋ ਗਏ...." ਉਹ ਰੋ ਰਿਹਾ ਸੀ ਤੇ ਪਿੱਛੋਂ ਵੀ ਰੋਣ ਦੀਆਂ ਆਵਾਜ਼ਾਂ ਆ ਰਹੀਆਂ ਸਨ। "ਅੰਕਲ ਹੁਣੇ ਏਧਰ ਨੂੰ ਆਜੋ" ਉਹੀ ਹਸਪਤਾਲ ਸੀ ਤੇ ਉਵੇਂ ਕਰੋਨਾ ਚੱਲ ਰਿਹਾ ਸੀ। ਪਰ ਮਨੁੱਖਤਾ ਮਰ ਗਈ ਸੀ। ਜਿਸ ਮਾਂ ਨੂੰ ਜਿਉਂਦੀ ਨੂੰ ਮਿਲਣ ਨਹੀਂ ਸੀ ਦਿੱਤਾ ਗਿਆ, ਹੁਣ ਮਰੀ 'ਤੇ ਉਸ ਕੋਲ ਜਾਇਆ ਜਾ ਸਕਦਾ ਸੀ। ਬੰਦਾ ਜਿਉਂਦੇ ਇਨਸਾਨ ਨੂੰ ਕਿਉਂ ਨਹੀਂ ਸੀ ਮਿਲ ਸਕਦਾ ? ਮੈਂ ਸੋਚ ਸੋਚ ਪਾਗ਼ਲ ਹੋ ਰਿਹਾ ਸੀ।9

ਭਾਵੁਕ ਵਿਗੋਚਿਆਂ ਦੀ ਭਟਕਣ ਤੇ ਦੁਨਿਆਵੀ ਰਿਸ਼ਤਿਆਂ ਦੀ ਯਥਾਰਥਮਈ ਹੋਣੀ ਸਵੀਕਾਰ ਕਰਦਾ ਹੋਇਆ, ਦੋ ਸਾਲ ਬਾਅਦ ਆਪਣੀ ਮਾਂ ਦੇ ਅਸਤ-ਫੁੱਲ ਲੈਣ ਲਈ ਜਾ ਰਿਹਾ ਜਗਮੇਲ ਸੋਚਦਾ ਹੈ। ਉਹ ਆਪਣੀ ਭਾਵੁਕਤਾ ਤੇ ਬੇਬੇ-ਮੋਹ ਕਾਰਨ ਆਪਣੀ ਮਾਂ ਦੇ ਅਸਤ-ਫੁੱਲ ਕੀਰਤਪੁਰ ਲੈ ਕੇ ਜਾਣਾ ਚਾਹੁੰਦਾ ਹੈ ਪਰ ਵਿਦੇਸ਼ੀ ਨਿਜ਼ਾਮ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਰਸਤੇ ਵਿੱਚ ਪੈਂਦੇ ਟਰੈਫ਼ਿਕ ਤੇ ਗੁਰਦੁਆਰੇ ਉਸ ਦਾ ਧਿਆਨ ਪਿਛੋਕੜ ਵੱਲ ਕੇਂਦਰਿਤ ਕਰਦੇ ਹਨ ਜਦੋਂ ਉਹ ਸੋਚਦਾ ਹੈ ਕਿ ਜੇ ਅੱਜ ਬੇਬੇ ਹੁੰਦੀ ਤਾਂ ਕਹਿੰਦੀ:

'ਭਾਈ ਦੁਨੀਆਂ ਨੂੰ ਜਮਾਂ ਟੇਕ ਨੀ, ਦੇਖ ਕਿਵੇਂ ਆਦਮ ਬੋਅ, ਆਦਮ ਬੋਅ ਕਰਦੀ ਫਿਰਦੀ ਆ।'10

ਉਹ ਅਣਚਾਹੇ ਤੋਂ ਮਨਚਾਹਾ ਕਰਨ ਲਈ ਆਪਣੀ

ਬੇਬੇ ਦੇ ਅਸਤ-ਫੁੱਲਾਂ ਨੂੰ ਕੈਨੇਡਾ ਦੀ ਧਰਤੀ ਤੇ ਹੀ ਪ੍ਰਵਾਹਿਤ ਕਰਕੇ ਕਲਸ਼ ਨੂੰ ਆਪਣੇ ਕੋਲ ਰੱਖਦਾ ਮਨੋ-ਸੰਤਾਪ ਨੂੰ ਹੰਢਾਉਂਦਾ ਹੋਇਆ ਸੋਚਦਾ ਹੈ ਕਿ ਜਦ ਉਹ ਆਪਣੀ ਮੂਲ-ਧਰਤੀ ਜਾਵੇਗਾ, ਤਾਂ ਇਸ ਕਲਸ਼ ਨੂੰ ਨਾਲ ਲੈਕੇ ਜਾਵੇਗਾ। ਭਾਵੇਂ ਕਿ ਉਹ ਅਸਤ-ਫੁੱਲ ਤਾਂ ਕੀਰਤਪੁਰ ਸਾਹਿਬ ਦੇ ਪਵਿੱਤਰ-ਜਲ ਵਿੱਚ ਪ੍ਰਵਾਹਿਤ ਨਾ ਕਰ ਸਕਿਆ, ਪਰ ਕਲਸ਼ ਨੂੰ ਜ਼ਰੂਰ ਪ੍ਰਵਾਹਿਤ ਕਰੇਗਾ। ਇਹ ਸੋਚ ਕੇ ਉਸਦਾ ਤਨ-ਮਨ ਤ੍ਰਿਪਤ ਹੋਇਆ ਨਜ਼ਰ ਆਉਂਦਾ ਹੈ। ਇਸ ਕਹਾਣੀ ਵਿੱਚ ਜਗਮੇਲ ਸਿੰਘ ਦੀ ਮਾਨਸਿਕ ਸਥਿਤੀ ਦਾ ਯਥਾਰਥਕ ਚਿਤਰਣ ਹੋਇਆ ਹੈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਪੰਜਾਬੀਆਂ ਵਿੱਚ ਨੈਤਿਕਤਾ, ਰਿਸ਼ਤਿਆਂ ਪ੍ਰਤੀ ਸੁਹਿਰਦਤਾ ਅੱਜ ਵੀ ਕਾਇਮ ਹੈ।

ਰਿਸ਼ਤੇਦਾਰ ਅਸਤ-ਫੁੱਲਾਂ ਨੂੰ ਘਰ ਲਿਜਾਣ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ ਉਸ ਦੇ ਤਰਕ ਨੂੰ ਸਵੀਕਾਰ ਕਰਦੇ ਨਜ਼ਰ ਆਉਂਦੇ ਹਨ। ਉਸਦੀ ਖੰਡਿਤ ਮਾਨਸਿਕਤਾ ਅਜਿਹੀ ਸਥਿਤੀ ਵਿੱਚ ਹੋਰ ਵੀ ਗੁੰਝਲਦਾਰ ਬਣ ਜਾਂਦੀ ਹੈ:

"ਕਾਕਾ ਮੁਰਦੇ ਦੀ ਰਾਖ ਘਰ ਨਹੀਂ ਲਜਾਈਦੀ। ਉਹ ਆਤਮਾ ਘਰ ਅੰਦਰ ਰਹਿ ਜਾਂਦੀ ਆ। ਤੇ ਮੁਕਤ ਨੀ ਹੁੰਦੀ।" ਪਰ ਮੇਰੀ ਮਾਂ ਮੇਰੇ ਲਈ ਕੋਈ ਮੁਰਦਾ ਰੂਹ ਨਹੀਂ ਸੀ, ਉਹ ਤਾਂ ਮੇਰੇ ਰੋਮ ਰੋਮ ਵਿੱਚ ਵਸਦੀ ਸੀ। ਮੇਰੇ ਜਿਸਮ ਵਿੱਚ ਉਸੇ ਦਾ ਲਹੂ ਦੌੜ ਰਿਹਾ ਸੀ। ਫਿਰ ਮੈਂ ਉਸਦੀ ਆਖਰੀ ਇੱਛਾ ਕਿਵੇਂ ਨਾ ਪੂਰੀ ਕਰਦਾ?11

ਇਸ ਕਹਾਣੀ ਵਿੱਚ ਮਨੁੱਖੀ ਸੁਭਾਅ ਦੇ ਅਲੱਗ-ਅਲੱਗ ਰੰਗ ਨਜ਼ਰ ਆਉਂਦੇ ਹਨ। ਇਸਦਾ ਮੁੱਖ ਕਾਰਨ ਅਜੋਕੇ ਸਮਾਜ ਵਿੱਚ ਮਨੁੱਖੀ ਸ਼ਖਸੀਅਤ ਦਾ ਗੁੰਝਲਦਾਰ ਹੋਣਾ ਹੈ। ਉਹ ਪੁਰਾਣੇ ਰੀਤੀ-ਰਿਵਾਜ਼ ਨੂੰ ਤੋੜ ਕੇ ਇੱਕ ਨਵੀਂ ਸੋਚ ਉਸਾਰਦਾ ਹੈ। ਪਰਵਾਸ ਤੇ ਮੂਲਵਾਸ ਵਿਚਲੀ ਪਾੜ ਨੂੰ ਪੂਰਦੇ ਹੋਏ ਜਗਮੇਲ ਆਪਣੀ ਮਾਂ ਦੇ ਅਸਤ-ਫੁੱਲ ਕੈਨੇਡਾ ਵਿੱਚ ਹੀ ਪ੍ਰਵਾਹਿਤ ਕਰਨ ਤੋਂ ਬਾਅਦ ਅਸਤ-ਕਲਾਸ਼ ਆਪਣੇ ਕੋਲ ਰੱਖਦਾ ਹੋਇਆ ਕਹਿੰਦਾ ਹੈ:

ਅਸੀਂ ਮਾਂ ਦੀ ਸਾਰੀ ਰਾਖ਼ ਪਾਣੀ ਵਿੱਚ ਵਹਾ ਦਿੱਤੀ।

ਖ਼ਾਲੀ ਕਲਸ਼ ਮੇਰੇ ਹੱਥਾਂ ਵਿੱਚ ਰਹਿ ਗਿਆ।

ਮਾਂ ਜਾ ਚੁੱਕੀ ਸੀ।

ਕਿੰਦਰ ਕਹਿੰਦਾ "ਚੱਲ ਏ ਕਲਾਸ ਹੀ ਰੱਖ ਲੈ..... ਭਾਰਤ ਲੈ ਜਾਵਾਂਗੇ..... ਜਦੋਂ ਵੀ ਫਲਾਈਟਾਂ ਖੁੱਲ੍ਹੀਆਂ।

ਖ਼ਾਲੀ ਕਲਸ ਮੇਰੇ ਹੱਥਾਂ ਵਿੱਚ ਕੰਬ ਰਿਹਾ ਸੀ।

ਪਾਣੀ ਵਿੱਚ ਮਾਂ ਦੀ ਰਾਖ, ਘੁੰਮਦੀ ਰਹੀ ਤੇ ਗੋਲਦਾਇਰੇ ਬਣਾਉਂਦੀ ਰਹੀ।

ਅਸੀਂ ਖੜੇ ਵੇਖਦੇ ਰਹੇ।

ਤੇ ਫਿਰ ਖਾਲੀ ਕਲਸ ਲੈ ਕੇ ਘਰ ਨੂੰ ਆ ਗਏ।12

ਜਗਮੇਲ ਸਿੰਘ ਸਧਾਰਨ ਵਿਹਾਰ ਰਾਹੀਂ ਜਟਿਲ ਵਰਤਾਰੇ ਨੂੰ ਪੇਸ਼ ਕਰਦਾ ਹੈ। ਉਸ ਦਾ ਛੋਟਾ ਭਰਾ ਕਿੰਦਰ ਅਤੇ ਉਸ ਦਾ ਪਰਿਵਾਰ ਉਸ ਦੇ ਜੀਵਨ-ਅਨੁਭਵਾਂ, ਸੰਵੇਦਨਸ਼ੀਲਤਾ ਤੇ ਵਿਡੰਬਨਾਵਾਂ ਨੂੰ ਸਵੀਕਾਰ ਕਰਦਾ ਹੈ। ਬੇਬੇ ਚਾਹੇ ਕਿੰਦਰ ਕੋਲ ਰਹਿੰਦੀ ਸੀ, ਪਰ ਬੇਬੇ ਨਾਲ ਸੰਬੰਧਿਤ ਹਰ ਗੱਲ ਉਸਦੇ ਸਲਾਹ-ਮਸ਼ਵਰੇ ਤੋਂ ਬਿਨਾਂ ਪ੍ਰਵਾਨ ਨਾ ਹੁੰਦੀ। ਉਸਦੇ ਹਰ ਫ਼ੈਸਲੇ ਨੂੰ ਦੋਵੇਂ ਪਰਿਵਾਰ ਆਪਣੀ ਸਹਿਮਤੀ ਦਿੰਦੇ ਅੱਗੇ ਵੱਧਦੇ:

ਮੈਂ ਕਿੰਦਰ ਨੂੰ ਕਿਹਾ, "ਆ ਫੇਰ ਮਾਂ ਨੂੰ ਤੋਰ ਦਈਏ"

ਉਹ ਮੇਰੇ ਮੋਢੇ ਲੱਗ ਕੇ ਡੁਸਕਦਾ ਰਿਹਾ।

"ਚਲ ਕੋਈ ਨਾ ਮਾਂ ਦੀ ਆਪਾਂ ਇੱਕ ਇੱਛਾ ਤਾਂ ਪੂਰੀ ਕਰ ਦਿੱਤੀ।"

ਅਸੀਂ ਅਸਤੀ ਕਲਸ਼ ਨੂੰ ਆਖਰੀ ਵਾਰ ਘੁੱਟਿਆ। ਸਾਡੇ ਪੈਰ ਵਗਦੇ ਪਾਣੀ ਵੱਲ ਵਧਣ ਲੱਗੇ।

ਗਿਆਨੀ ਜੀ ਨੇ ਅਰਦਾਸ ਪੂਰੀ ਕੀਤੀ। ਤੇ ਸਾਨੂੰ ਅਸਥੀਆਂ ਜਲ ਪ੍ਰਵਾਹ ਕਰਨ ਲਈ ਕਿਹਾ ਗਿਆ।13

ਜੇਕਰ ਅਸੀਂ ਬੇਬੇ ਦੀ ਗੱਲ ਕਰੀਏ ਤਾਂ ਉਹ ਪਰਵਾਸੀ ਧਰਤੀ 'ਤੇ ਕੋਈ ਵੀ ਪਰੇਸ਼ਾਨੀ ਨਾ ਹੋਣ ਦੇ ਬਾਵਜੂਦ ਆਪਣੇ ਮੂਲਵਾਸ ਨੂੰ ਪਰਤਣਾ ਚਾਹੁੰਦੀ ਹੈ। ਉਸਦੇ ਮਨ ਦੀ ਰੀਝ ਇੱਕ ਵਾਰ ਆਪਣੇ ਘਰ, ਪਿੰਡ ਤੇ ਰਿਸ਼ਤੇਦਾਰਾਂ ਨੂੰ ਮਿਲਣ ਅਤੇ ਆਪਣਿਆਂ ਦੇ ਅਹਿਸਾਸ ਨੂੰ ਮਹਿਸੂਸ ਕਰਨ ਦੀ ਹੈ। ਆਪਣੀ ਦਿਲ ਦੀ ਬਿਮਾਰੀ ਅਤੇ ਪੈਦਾ ਹੋਏ ਹਾਲਾਤਾਂ ਕਾਰਨ ਉਸ ਦਾ ਮੂਲਵਾਸ ਨੂੰ ਪਰਤਣਾ ਸੰਭਵ ਨਹੀਂ ਹੁੰਦਾ, ਜਿਸ ਕਾਰਨ ਓਪਰੀ ਧਰਤੀ ਦੇ ਅਹਿਸਾਸ ਉਸਦੇ ਮਾਨਸਿਕ ਸੰਤਾਪ ਦਾ ਸਬੱਬ ਬਣਦੇ ਹਨ। ਉਸ ਨੂੰ ਆਪਣੀ ਮਿੱਟੀ ਦੀ ਖਿੱਚ ਤੇ ਆਪਣਿਆਂ ਦਾ ਮੋਹ ਲਗਾਤਾਰ ਸੰਕਟਮਈ ਸਥਿਤੀ ਵਿੱਚ ਰੱਖਦਾ ਹੈ। ਉਹ ਭਾਵੁਕ-ਪੀੜਾ ਦੇ ਸਫ਼ਰ ਦੌਰਾਨ ਝੂ-ਹੇਰਵਾ ਹੰਢਾਉਂਦੀ ਹੋਈ:

ਕਦੇ ਉਹ ਆਪਣੇ ਦਾਜ ਵਾਲੀ ਪੇਟੀ ਦਾ ਫਿਕਰ ਕਰਦੀ ਅਤੇ ਦਾਜ ਵਿੱਚ ਲਿਆਂਦੀ ਰੰਗਲੀ ਚਰਖੀ ਦਾ। ਕਦੇ ਆਂਢ ਗੁਆਂਢ ਬਾਰੇ ਗੱਲਾਂ ਕਰਨ ਲੱਗ ਜਾਂਦੀ ਤੇ ਕਦੇ ਆਪਣੀਆਂ ਵਿਕ ਚੁੱਕੀਆਂ ਮੱਝਾਂ ਨੂੰ ਯਾਦ ਕਰਦੀ ਰਹਿੰਦੀ। ਬਾਪੂ ਨਾਲ ਜੁੜੀਆਂ ਉਸ ਦੀਆਂ ਯਾਦਾਂ ਵੀ ਇੰਡੀਆ ਹੀ ਰਹਿ ਗਈਆਂ ਸਨ। ਤੇ ਉਹ ਜੀਂਦੇ ਜੀਅ ਜਾ ਹੀ ਨਾ ਸਕੀ। ਬਸ ਤੁਰ ਗਈ ਜਹਾਨ ਤੋਂ.......।14

ਕਈ ਵਾਰ ਬੰਦਾ ਆਪਣੇ ਹਾਲਾਤਾਂ ਨਾਲ ਰਾਬਤਾ ਸਥਾਪਿਤ ਕਰਦਾ ਹੋਇਆ ਆਪਣੀ ਵਰਤਮਾਨ ਸਥਿਤੀ ਨੂੰ ਹੀ ਪ੍ਰਵਾਨ ਕਰਦਾ ਹੈ। ਇਸੇ ਤਰ੍ਹਾਂ ਮੂਲਵਾਸੀ ਭਾਵਨਾਵਾਂ ਨਾਲ ਓਤ-ਪੋਤ ਬੇਬੇ ਆਪਣੇ ਘਰ ਜਾਣ ਤੋਂ ਅਸਮਰੱਥ ਸੀ, ਤਾਂ ਉਹ

## ਅੱਜ ਦੇ ਬੱਚੇ / ਨਵਦੀਪ ਸਿੰਘ ਮੁੰਡੀ

ਅੱਜ ਦੇ ਯੁੱਗ ਦੇ ਬੱਚਿਆਂ ਨੂੰ
ਕੋਈ ਜ਼ਰੂਰਤ ਨਹੀਂ ਮਾਂ ਬਾਪ ਦੀ

ਉਹ ਬਹੁਤ ਹੁਸ਼ਿਆਰ ਹਨ
ਉਹ ਪੁੱਛ ਲੈਂਦੇ ਚੈਟ ਜੀ ਪੀ ਟੀ
ਜਾਂ ਗੂਗਲ ਤੋਂ ਜੋ ਵੀ
ਉਹਨਾਂ ਨੇ ਪੁੱਛਣਾ ਹੁੰਦਾ
ਮੋਬਾਇਲ ਨੇ ਉਹਨਾਂ ਨੂੰ
ਬਹੁਤ ਸੌਖਾ ਕਰ ਦਿੱਤਾ

ਉਹ ਗਿਆਨੀ ਹੀ ਜੰਮੇ ਹਨ
ਉਹਨਾਂ ਨੂੰ ਬਹੁਤ ਛੇਤੀ
ਸਭ ਪਤਾ ਲੱਗ ਗਿਆ
ਉਹ ਨਵੀਂ ਤਕਨੀਕ ਦੇ ਮਾਹਿਰ
ਸਭ ਕੁਝ ਆਪ ਹੀ ਕਰਨ ਦੇ ਸਮਰੱਥ

ਉਹ ਲੈਪਟੌਪ ਦੇ ਆਖੇ ਲਗਦੇ
ਮਾਂ ਬਾਪ ਨੂੰ ਭੋਰਾ ਤੰਗ ਨਾ ਕਰਦੇ
ਆਪੇ ਸਾਰੇ ਮਸਲੇ ਹੱਲ ਹਨ ਕਰਦੇ



ਜਰੂਰਤ ਪੈਣ ਤੇ ਮਾਂ ਬਾਪ ਨੂੰ
ਵੀ ਪੜ੍ਹਾ ਛੱਡਦੇ

ਪੁਰਾਣੀ ਪੀੜ੍ਹੀ ਨੇ ਜੋ
ਸਾਲਾਂ ਵਿੱਚ ਮਾਂ ਬਾਪ
ਦਾਦਾ ਦਾਦੀ ਨਾਨਾ ਨਾਨੀ
ਚਾਚਾ ਚਾਚੀ ਤਾਇਆ ਤਾਈ
ਜਾਂ ਹੋਰ ਬਜ਼ੁਰਗਾਂ ਤੋਂ ਸਾਲਾਂ-ਬੱਧੀ
ਉਹਨਾਂ ਦੀ ਸੰਗਤ ਕਰਕੇ
ਹੌਲੀ ਹੌਲੀ ਕਈ ਵਰ੍ਹਿਆਂ ਵਿੱਚ
ਸਿੱਖਿਆ ਹੁੰਦਾ ਉਹ ਬੱਚੇ

ਦਿਨਾਂ ਵਿੱਚ ਹੀ ਸਿਖ ਜਾਂਦੇ
ਲੈਪਟਾਪ, ਮੋਬਾਇਲ
ਜਾਂ ਹੋਰ ਮਸ਼ੀਨਾਂ
ਦੀ ਸੰਗਤ ਉਹਨਾਂ ਨੂੰ
ਸੰਵੇਦਨਾਂ ਕੀ ਸ਼ੈਅ ਹੈ
ਦਾ ਪਤਾ ਨਾ ਲੱਗਣ ਦਿੰਦੀ

ਉਹ ਆਪਣੇ ਆਪ
ਵਿਚ ਪੂਰਣ ਨੇ
ਪਰ ਸੰਵੇਦਨਾ ਤੋਂ ਕੋਰੇ ਬੱਚੇ
ਰੋਬਟ ਬਣ ਰਹੇ

ਮਸ਼ੀਨ ਬੱਚਿਆਂ ਨੂੰ ਖਾ ਰਹੀ...
ਮਾਂ ਬਾਪ ਨੂੰ ਖਾ ਰਿਹਾ
ਇਕੱਲਾਪਣ

ਦੇਸ਼ ਨਵੀਂ ਤਕਨੋਲਜੀ ਦੇ
ਜਸ਼ਨ ਵਿਚ...।

ਗੁੰਝਲਦਾਰ ਹਾਲਾਤਾਂ ਨੂੰ ਸਮਝਦੇ ਹੋਏ, ਆਪਣੇ ਪਰਵਾਸੀ ਘਰ ਜਾਣਾ ਤੇ ਆਪਣਿਆਂ ਕੋਲ ਰਹਿਣਾ ਹੀ ਸਵੀਕਾਰ ਕਰਦੀ ਹੈ। ਹਸਪਤਾਲ ਵਿੱਚ ਬੇਗਾਨਗੀ ਤੇ ਇਕੱਲਤਾ ਕਾਰਨ ਉਦਰੇਵਾਂ ਹੰਢਾਉਂਦਿਆਂ ਉਸ ਨੂੰ ਇੰਝ ਲੱਗਦਾ ਹੈ ਕਿ ਜੇਕਰ ਉਸ ਦੇ ਪ੍ਰਾਣ ਆਪਣਿਆਂ ਕੋਲ ਰਹਿੰਦੇ ਨਿਕਲੇ ਤਾਂ ਸੌਖੇ ਨਿਕਲਣਗੇ। ਉਹ ਆਪਣੇ ਪੁੱਤਾਂ ਅੱਗੇ ਤਰਲਾ ਕਰਦੀ ਕਹਿੰਦੀ ਹੈ:

ਮੈਨੂੰ ਘਰ ਲੈ ਜਾਵੋ। ਨਹੀਂ ਤਾਂ ਫਿਰ ਮੇਰੇ ਮਰੀ ਦਾ ਹੀ ਮੂੰਹ ਦੇਖਣ ਆਵੋਂਗੇ।15 ਇਹ ਕਹਾਣੀ ਚੇਤਨ-ਅਵਚੇਤਨ ਦੇ ਬਣੇ ਦਾਇਰਿਆਂ ਵਿੱਚ ਸੰਘਰਸ਼ ਕਰਦੀ ਪਛਾਣ ਸਥਾਪਿਤ ਕਰਦੀ ਹੈ। ਇਸੇ ਤਰ੍ਹਾਂ ਜੇਕਰ ਇਸ ਕਹਾਣੀ ਦੇ ਥੀਮ ਦੀ ਗੱਲ ਕੀਤੀ ਜਾਵੇ ਤਾਂ ਇਹ ਇੱਕ ਵੱਖਰੀ ਦ੍ਰਿਸ਼ਟੀ ਵਾਲੀ ਹੋ ਨਿਬੜਦੀ ਹੈ। ਜੋ ਵਿਦੇਸ਼ੀ ਧਰਤੀ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਤੇ ਨਿਜ਼ਾਮ ਵਿਵਸਥਾ ਨੂੰ ਗਹਿਰਾਈ ਨਾਲ ਪੇਸ਼ ਕਰਦੀ ਹੈ।

ਮੇਜਰ ਮਾਂਗਟ ਦੀ ਇਹ ਤਾਜ਼ਾ ਕਹਾਣੀ 'ਘੁੰਮਣਘੇਰ' ਪਰਵਾਸ ਦੀਆਂ ਮੁਸ਼ਕਿਲਾਂ, ਤਣਾਵਾਂ, ਝੋਰਿਆਂ ਅਤੇ ਦਬਾਵਾਂ ਨੂੰ ਬਹੁਤ ਹੀ ਸੰਵੇਦਨਾ ਭਰਪੂਰ ਹਵਾਲਿਆਂ ਨਾਲ ਪੇਸ਼ ਕਰਦੀ ਹੋਈ ਮਨੁੱਖੀ ਮਨ ਤੱਕ ਅੱਪੜਦੀ ਹੈ। ਮਨੁੱਖੀ ਮਨ ਦੀਆਂ ਅੰਤਰੀਵੀ ਪਰਤਾਂ ਨੂੰ ਗਹਿਰਾਈ ਤੋਂ ਉਜਾਗਰ ਕਰਦੀ ਹੋਈ ਸਮਾਜਿਕ ਨਿਜ਼ਾਮ ਨੂੰ ਫ਼ੋਕਸ ਅਧੀਨ ਲਿਆਉਂਦੀ, ਪਰਵਾਸ ਦੀ ਚਾਹਤ ਨੂੰ ਪ੍ਰਸ਼ਨ-ਚਿੰਨ੍ਹ ਲਾਉਂਦੀ ਹੈ।

**ਹਵਾਲੇ ਤੇ ਟਿੱਪਣੀਆਂ :**


1. ਡਾ. ਧਨਵੰਤ ਕੌਰ, ਆਧੁਨਿਕ ਕਹਾਣੀ: ਬਿਰਤਾਂਤ ਸ਼ਾਸਤਰੀ ਪਰਿਪੇਖ, ਪੰਨਾ-13
2. ਮੇਜਰ ਮਾਂਗਟ, ਘੁੰਮਣਘੇਰ, ਸਿਰਜਣਾ ਤ੍ਰੈਮਾਸਿਕ (ਜਨਵਰੀ-ਮਾਰਚ, 2025), ਪੰਨਾ-39
3. ਉਹੀ, ਪੰਨਾ-ਉਹੀ
4. ਉਹੀ, ਪੰਨਾ-ਉਹੀ
5. ਉਹੀ, ਪੰਨਾ-42
6. ਉਹੀ, ਪੰਨਾ-43
7. ਉਹੀ, ਪੰਨਾ-42-43
8. ਉਹੀ, ਪੰਨਾ-46
9. ਉਹੀ, ਪੰਨਾ-47
10. ਉਹੀ, ਪੰਨਾ-44
11. ਉਹੀ, ਪੰਨਾ-41
12. ਉਹੀ, ਪੰਨਾ-48
13. ਉਹੀ, ਪੰਨਾ-ਉਹੀ
14. ਉਹੀ, ਪੰਨਾ-40
15. ਉਹੀ, ਪੰਨਾ-42



**ਨੀਰੂ ਗੁਪਤਾ**
**(ਖੋਜਾਰਥੀ, ਪੰਜਾਬੀ ਵਿਭਾਗ)**
**RIMT ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ**

**ਡਾ. ਜਗਤਾਰ ਸਿੰਘ (ਨਿਗਰਾਨ) ਪੰਜਾਬੀ**
**RIMT ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ**

## ਬਦਲਾ : ਸਮਾਜ-ਮਨੋਵਿਗਿਆਨਕ ਅਧਿਐਨ / ਡਾ.ਗੁਰਵੰਤ ਸਿੰਘ

'ਬਦਲਾ' ਨਾਵਲ ਪ੍ਰਸਿੱਧ ਗਲਪਕਾਰ ਸੋਹਣ ਸਿੰਘ ਸੀਤਲ ਦੀ ਰਚਨਾ ਹੈ ਜਿਸ ਰਾਹੀਂ ਸਮਾਜ ਵਿਚ ਪੈਦਾ ਹੋਈ ਜਗੀਰਦਾਰੀ ਸੋਚ ਨੂੰ ਬਹੁ-ਦਿਸ਼ਾਵੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਨਾਵਲ ਵਿਚ ਸੋਸ਼ਿਕ ਤੇ ਸ਼ੋਸ਼ਿਤ ਧਿਰਾਂ ਨੂੰ ਆਧਾਰ ਬਣਾ ਕੇ ਮਨੁੱਖੀ ਮਾਨਸਿਕਤਾ ਵਿਚ ਸਦੀਆਂ ਤੋਂ ਬਿਰਾਜਮਾਨ ਰਹੇ ਅਮੀਰ-ਗ਼ਰੀਬ ਦੇ ਪਾੜੇ ਅਤੇ ਜਗੀਰਦਾਰ ਵਰਗ ਜ਼ਮੀਨ ਅਤੇ ਨਿਮਨ ਵਰਗ ਦੀਆਂ ਔਰਤਾਂ 'ਤੇ ਆਪਣਾ ਅਧਿਕਾਰ ਸਮਝਦਾ ਹੈ। ਜਿਸ ਦਾ ਪ੍ਰਮਾਣ ਨਾਵਲ ਦੀ ਕਥਾ-ਵਸਤੂ ਦੇ ਪਿਛੋਕੜ ਤੋਂ ਸਪੱਸ਼ਟ ਹੋ ਜਾਂਦਾ ਹੈ : ਮੈਨੂੰ ਇਕ ਵਾਰ ਇਕ ਅਜੇਹੇ ਪਿੰਡ ਜਾਣ ਦਾ ਮੌਕਾ ਮਿਲਿਆ ਸੀ, ਜੋ ਇਕੋ ਜ਼ਿਮੀਦਾਰ ਦੀ ਮਲਕੀਅਤ ਸੀ। ਬਾਕੀ ਸਭ ਉਸਦੇ ਮੁਜ਼ਾਰੇ ਸਨ, ਜੋ ਪੂਰੀ ਤਰ੍ਹਾਂ ਉਸ ਮਾਲਕ ਦੇ ਰਹਿਮ ਉੱਤੇ ਸਨ। ਜੋ ਕੁਝ ਮੈਂ ਓਥੇ ਵੇਖਿਆ, ਪੂਰੀ ਤਰ੍ਹਾਂ ਦੱਸ ਨਹੀਂ ਸਕਦਾ। ਉਹਦੇ ਘਰ ਵਿਚ ਕੋਈ ਸਮਾਗਮ ਸੀ। ਸਵੇਰ ਵੇਲੇ ਅਖੰਡ ਪਾਠ ਦਾ ਭੋਗ ਪਿਆ ਤੇ ਗੁਰਬਾਣੀ ਦਾ ਕੀਰਤਨ ਹੋਇਆ। ਗ੍ਰੰਥੀ ਸਾਹਿਬ ਨੇ ਉਸਨੂੰ ਗੁਰੂ ਘਰ ਦਾ ਪੂਰਨ ਸ਼ਰਧਾਲੂ ਕਹਿ ਕੇ ਅਰਦਾਸਾ ਕੀਤਾ। ਐਨ ਓਸੇ ਥਾਂ 'ਤੇ ਜਿੱਥੇ ਸਵੇਰੇ ਕੀਰਤਨ ਹੋਇਆ ਸੀ ਰਾਤ ਨੂੰ ਵੇਸਵਾ ਦਾ ਨਾਚ ਹੋਇਆ। ਫਿਰ ਜੇਹਾ ਉਹ ਆਪ ਸ਼ਰਧਾਲੂ (ਤੇ ਮਾਲਦਾਰ) ਸੀ, ਓਹੋ ਜੇਹੇ ਭੱਦਰ-ਪੁਰਸ਼ ਉਹਦੇ ਪਰਾਹੁਣੇ ਸਨ। ਰਾਤ ਨੂੰ ਰੱਜਵੀ ਸ਼ਰਾਬ ਪਿਲਾਈ ਗਈ ਤੇ ਖ਼ਾਸ-ਖ਼ਾਸ ਪਤਵੰਤਿਆਂ ਨੂੰ.....1

ਇਸ ਕਥਾ-ਵਸਤੂ ਨੂੰ ਗਲਪਕਾਰ ਨੇ 'ਬਦਲਾ' ਨਾਵਲ ਵਿਚ ਪ੍ਰਸਤੁਤ ਕਰਕੇ ਸਮਾਜ ਦੇ ਜਗੀਰਦਾਰ ਤੇ ਮੁਜ਼ਾਰਿਆਂ ਦੇ ਆਪਸੀ ਸੰਬੰਧਾਂ ਨੂੰ ਉਜਾਗਰ ਕਰਨ ਉਪਰੰਤ ਪੈਦਾ ਹੋਈ ਕ੍ਰਾਂਤੀਕਾਰੀ ਸੁਰ ਨੂੰ ਉਭਾਰਨ ਦਾ ਯਤਨ ਕੀਤਾ ਹੈ ਕਿਉਂਕਿ ਸ਼ੁਰੂ ਤੋਂ ਹੀ ਜਗੀਰਦਾਰ ਗ਼ਰੀਬ ਲੋਕਾਂ ਉੱਤੇ ਮਾਨਸਿਕ ਤੇ ਸਰੀਰਕ ਤਸ਼ੱਦਦ ਕਰਨ ਨਾਲ ਆਪਣੀ ਹੰਕਾਰ ਦੀ ਪ੍ਰਵਿਰਤੀ ਨੂੰ ਤਸੱਲੀ ਦਿੰਦੇ ਹਨ।

ਇਸ ਨਾਵਲ ਦਾ ਮੁੱਖ ਪਾਤਰ ਰਾਏ ਬਹਾਦਰ ਮਨਸਾ ਰਾਮ ਅਮੀਰ ਘਰਾਣੇ ਵਿਚ ਪੈਦਾ ਹੋਇਆ ਹੋਣ ਕਰਕੇ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਿਆ ਸੀ। ਇਸ ਤੱਥ ਨੂੰ ਨਾਵਲ ਦੇ ਸ਼ੁਰੂ ਵਿਚ ਵੀ ਦਰਸਾਇਆ ਗਿਆ ਹੈ:-

ਮਨਸਾ ਰਾਮ ਲਾਹੌਰ ਦੇ ਇਕ ਚੰਗੇ ਘਰਾਣੇ ਦਾ ਜੰਮਪਲ ਸੀ। ਬੀ. ਏ. ਪਾਸ ਕਰਕੇ ਉਹ ਫੌਜ ਵਿਚ ਭਰਤੀ ਹੋ ਗਿਆ। ਓਮੀਰਾਂ ਨਾਲ ਹਰ ਥਾਂ ਉਚੇਚੀ ਰਿਆਇਤ ਹੁੰਦੀ ਹੈ। ਉਹ ਸਿੱਧਾ ਲੈਫਟੀਨੈਂਟ ਲੈ ਲਿਆ ਗਿਆ। ਸਰਕਾਰ ਪੂਜਾ ਦਾ ਪੁੱਤਰ ਹੋਣ ਕਰਕੇ ਉਹ ਛੇਤੀ ਹੀ ਤਰੱਕੀ ਕਰ ਗਿਆ। ਪਹਿਲੀ ਜਰਮਨ-ਜੰਗ ਵਿਚ ਜਿੱਥੇ ਮਨਸਾ ਰਾਮ ਨੇ ਬੜੀ ਨੇਕਨਾਮੀ ਖੱਟੀ, ਓਥੇ ਉਸਦੇ ਪਿਤਾ ਨੇ ਵੀ ਭਰਤੀ ਕਰਾਉਣ ਤੇ ਜੰਗੀ ਚੰਦਾ ਦੇਣ ਵਿਚ ਅੰਗਰੇਜ਼ ਦੀ ਬਹੁਤ ਮਦਦ ਕੀਤੀ। ਇਸ ਸਾਂਝੀ ਸੇਵਾ ਬਦਲੇ ਅੰਗਰੇਜ਼ੀ ਸਰਕਾਰ ਵੱਲੋਂ ਮਨਸਾ ਰਾਮ ਨੂੰ ਰਾਏ ਬਹਾਦਰ ਦਾ ਖ਼ਿਤਾਬ ਤੇ ਕਸੂਰ ਤਸੀਲ ਵਿਚ ਪੰਝੀ ਮੁਰੱਬੇ ਜ਼ਮੀਨ ਇਨਾਮ ਵਜੋਂ ਮਿਲੀ। ਉਸ ਜ਼ਮੀਨ ਵਿਚ ਰਾਏ ਬਹਾਦਰ ਨੇ ਆਪਣਾ ਨਵਾਂ ਪਿੰਡ ਬੱਧਾ।2

ਇਸ ਨਵੇਂ ਪਿੰਡ ਵਿਚ ਰਾਏ ਸਾਹਿਬ ਨੇ ਇਕ ਸ਼ਾਹੀ ਮਹੱਲ ਬਣਾਇਆ ਸੀ ਜਿਸ ਨੂੰ ਅੱਗੋਂ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਸ ਮਹੱਲ ਨੂੰ ਰਾਏ ਸਾਹਿਬ ਨੇ ਆਪਣੇ ਅੱਯਾਸੀ ਦਾ ਅੱਡਾ ਬਣਾਇਆ ਹੋਇਆ ਸੀ। ਮਹੱਲ ਦੇ ਲਾਗੇ ਕੰਮੀ-ਮੁਜ਼ਾਰਿਆਂ ਦੇ ਘਰ ਸਨ। ਇਹ ਲੋਕ ਜਿੱਥੇ ਰਾਏ ਸਾਹਿਬ ਦੇ ਖੇਤਾਂ ਜਾਂ ਘਰ ਵਿਚ ਕੰਮ ਕਰਦੇ ਸਨ, ਓਥੇ ਇਨ੍ਹਾਂ ਮੁਜ਼ਾਰੇ ਲੋਕਾਂ ਦੀਆਂ ਔਰਤਾਂ ਨੂੰ ਵੀ ਆਪਣੀ ਸਰੀਰਕ ਹੱਵਸ ਦੀ ਪੂਰਤੀ ਲਈ ਗੁੰਮਰਾਹ ਕਰਦੇ ਸਨ।

ਰਾਏ ਬਹਾਦਰ ਮਨਸਾ ਰਾਮ ਦੀ ਜਦੋਂ ਪਤਨੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਨੂੰ ਸਾਰੇ ਸਾਕ-ਸੰਬੰਧੀ ਦੂਜਾ ਵਿਆਹ ਕਰਨ ਲਈ ਮਸ਼ਵਰੇ ਦਿੰਦੇ ਹਨ ਪਰ ਉਹ ਆਪਣੀ ਜ਼ਿੱਦ ਉੱਪਰ ਅੜਿਆ ਦੂਜੇ ਵਿਆਹ ਲਈ ਸਹਿਮਤ ਨਹੀਂ ਹੁੰਦਾ ਸਗੋਂ ਉਸ ਦੀ ਮਾਨਸਿਕਤਾ ਵਿਚ ਇਹ ਗੱਲ ਵੀ ਹੈ ਕਿ ਵਿਆਹ ਦਾ ਬੰਧਨ ਤਾਂ ਇੱਕ ਫਾਹਾ ਲੈਣ ਦੇ ਬਰਾਬਰ ਹੈ ਜਿਸਦਾ ਹਵਾਲਾ ਨਾਵਲ ਵਿਚ ਵੀ ਸਪੱਸ਼ਟ ਹੁੰਦਾ ਹੈ ਜਿਵੇ:- "ਕਦੇ ਚਾਰ-ਯਾਰੀ ਵਿਚ ਬੈਠਿਆਂ ਕੋਈ ਮਿੱਤਰ ਗੱਲ ਛੇੜ ਦੇਂਦਾ, ਰਾਏ ਬਹਾਦਰ! ਸ਼ੁਕਰ ਕਰ, ਪੁਰਾਣਾ ਫਟਕਾ ਮਗਰੋਂ ਲੱਥਾ ਈ। ਹੁਣ ਕੋਈ ਅੱਪ-ਟੂ-ਡੇਟ (ਫੈਸ਼ਨਦਾਰ) ਸ਼ਿਰੀ ਮਤੀ ਲਿਆ, ਜੀਹਦੇ ਨਾਲ ਡਾਨਸ (ਨਾਚ) ਕਰਨ ਦਾ ਕੁਛ ਸੁਆਦ ਆ ਜਾਵੇ। ਮੈਂ ਤੁਹਾਡੇ ਵਰਗਾ ਬੇ-ਵਕੂਫ ਨਹੀਂ ਹਾਂ, ਪਈ ਇਕ ਨਵੀਂ ਫਾਹੀ ਗਲ ਵਿਚ ਪਾ ਲਵਾਂ। ਵਿਆਹ ਕਰਵਾਉਣ ਦੀ ਥਾਂ ਇਕ ਮਜ਼ਾਰਾ ਨਹੀਂ ਹੋਰ ਲਿਆ ਵਸਾਈਦਾ?" ਰਾਏ ਬਹਾਦਰ ਬੜੇ ਮਾਣ ਨਾਲ ਛਾਤੀ ਫੁਲਾ ਕੇ ਕਹਿੰਦਾ"3

ਇਸ ਤੋਂ ਰਾਏ ਬਹਾਦਰ ਦੀ ਮਾਨਸਿਕ ਸੋਚ ਦੀ ਅਸਲੀ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ ਕਿਉਂਕਿ ਸ਼ੁਰੂ ਤੋਂ ਹੀ ਜਗੀਰਦਾਰ ਵਰਗ ਸਮਾਜ ਦੇ ਨਿਮਨ ਵਰਗ ਨੂੰ ਆਪਣੇ ਹਿੱਤਾਂ ਲਈ ਵਰਤਦਾ ਅਤੇ ਉਨ੍ਹਾਂ ਉੱਪਰ ਮਾਨਸਿਕ ਤਸ਼ੱਦਦ ਵੀ ਕਰਦਾ ਜੋ ਸਾਰੀ ਸੱਚਾਈ ਨੂੰ ਜਾਣਦੇ ਹੋਏ ਵੀ ਆਰਥਿਕ ਕੰਮਜ਼ਰੀ ਕਾਰਨ ਬੋਲ ਨਾ ਸਕਦੇ ਜਿਸਦਾ ਇਹ ਵਰਗ ਭਰਪੂਰ ਫ਼ਾਇਦਾ ਵੀ ਉਠਾਉਂਦਾ। ਪਰ ਇਹੋ ਜਿਹੇ ਅਮੀਰ ਨੂੰ ਦੂਜਾ ਵਿਆਹ ਕਰਾਉਣ ਦੀ ਕੀ ਜ਼ਰੂਰਤ ਸੀ? ਜੋ ਮੁਜ਼ਾਰਿਆਂ ਦੀਆਂ ਧੀਆਂ-ਭੈਣਾਂ ਨੂੰ ਹਮੇਸ਼ਾਂ ਬੁਰੀ ਨਜ਼ਰ ਨਾਲ ਵੇਖਦਾ। ਅਖੀਰ ਰਾਏ ਬਹਾਦਰ ਮਨਸਾ ਰਾਮ ਦੀ ਮੌਤ ਹੋ

ਜਾਂਦੀ ਹੈ ਤਾਂ ਉਸ ਦੇ ਦੋ ਪੁੱਤਰ ਹਰਜੀਤ ਰਾਏ, ਕੰਵਰ ਸਾਹਿਬ ਪਿੱਛੇ ਰਹਿ ਗਏ।

ਮਨੁੱਖੀ ਸਮਾਜ ਵਿਚ ਇਹ ਪਰੰਪਰਾ ਸ਼ੁਰੂ ਤੋਂ ਰਹੀ ਕਿ ਰਾਜੇ ਦੀ ਮੌਤ ਤੋਂ ਬਾਅਦ ਉਸਦੀ ਗੱਦੀ ਦਾ ਵਾਰਸ ਉਸਦਾ ਪੁੱਤਰ ਹੀ ਹੁੰਦਾ ਹੈ। ਇਸੇ ਤਰ੍ਹਾਂ ਰਾਏ ਬਹਾਦਰ ਮਨਸਾ ਰਾਮ ਦੇ ਵਸਾਏ ਪਿੰਡ ਦੇ ਵਾਰਸ ਉਸਦੇ ਪੁੱਤਰ ਬਣੇ ਜੋ ਬਿਲਕੁਲ ਹੀ ਆਪਣੇ ਪਿਤਾ ਵਾਂਗ ਮੁਜ਼ਾਰਿਆਂ ਦਾ ਲਹੂ ਨਚੋੜਦੇ ਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਨੂੰ ਆਪਣੀ ਹੱਵਸ ਦਾ ਸ਼ਿਕਾਰ ਬਣਾਉਂਦੇ। ਇਹ ਪ੍ਰਥਾ ਉਨ੍ਹਾਂ ਨੂੰ ਵਿਰਸੇ ਵਿਚੋਂ ਹੀ ਪ੍ਰਾਪਤ ਹੋਈ ਸੀ। ਮਨੁੱਖੀ ਮਾਨਸਿਕਤਾ ਦਾ ਝੁਕਾਅ ਹਮੇਸ਼ਾਂ ਹੀ ਅਮੀਰ ਵਰਗ ਵੱਲ ਹੁੰਦਾ ਹੈ। ਉਨ੍ਹਾਂ ਦੀਆਂ ਇਹ ਘਿਨਾਉਣੀਆਂ ਹਰਕਤਾਂ ਨੂੰ ਕੁਝ ਲੋਕ ਚੰਗਾ ਕੰਮ ਕਹਿ ਕੇ ਉਨ੍ਹਾਂ ਦੀ ਬੁੱਧੀ ਉੱਪਰ ਪਰਦਾ ਪਾਉਣ ਦੀ ਗੱਲ ਕਰਦੇ ।

'ਬਦਲਾ' ਨਾਵਲ ਦੀ ਕਥਾ ਵਸਤੂ ਤੋਂ ਰਾਏ ਬਹਾਦਰ ਦੇ ਮੁਜ਼ਾਰਿਆਂ ਦੀਆਂ ਔਰਤਾਂ ਨਾਲ ਕਾਇਮ ਕੀਤੇ ਸਰੀਰਕ ਸੰਬੰਧ ਉਸ ਸਮੇਂ ਜਾਹਰ ਹੋ ਜਾਂਦੇ ਹਨ ਜਦੋਂ ਚਰਾਗੋ ਦੀ ਛੋਟੀ ਧੀ ਨਾਜੋ ਦੀ ਸ਼ਕਲ ਰਾਏ ਬਹਾਦਰ ਮਨਸਾ ਰਾਮ ਦੇ ਛੋਟੇ ਪੁੱਤਰ ਕੰਵਰ ਨਾਲ ਮਿਲਦੀ ਤਾਂ ਲੋਕ ਉਸ ਨੂੰ ਤਾਹਨੇ ਵੀ ਮਾਰਦੇ ਪਰ ਇਸ ਬੇਵੱਸੀ ਹਾਲਾਤ ਬਾਰੇ ਕੌਣ ਜਾਣ ਸਕਦਾ ਹੈ। ਰਾਏ ਬਹਾਦਰ ਮਨਸਾ ਰਾਮ ਅਤੇ ਚਰਾਗੋ ਦੀ ਆਪਸੀ ਗੱਲਬਾਤ ਤੋਂ ਇਹ ਗੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜਿਵੇ:-

ਸਰਕਾਰ! ਵੇਖ ਲੌ! ਨਿਰੀ ਪੁਰੀ ਤੁਹਾਡੇ ਵਰਗੀ ਜੇ। ਸੌਹਰੀਏ। ਕਿਤੇ ਲੋਕਾਂ ਵਿਚ ਨਾਂ ਨਸ਼ਰ ਕਰ ਦੇਈਂ। ਰਾਏ ਬਹਾਦਰ ਲੋਕਾਂ ਤੋਂ ਪਰਦਾ ਰੱਖਣ ਦੇ ਇਰਾਏ ਨਾਲ ਕਹਿੰਦਾ। ਮੈਂ ਨਜ਼ਰ ਕਰਨਾ ਏ? ਵੇਖਣ ਵਾਲਿਆਂ ਦੀਆਂ ਅੱਖਾਂ ਨਹੀਂ? ਨਿਰੀ ਪੁਰੀ ਆਪਣੇ ਕੰਵਰ ਸਾਹਿਬ ਵਰਗੀ ਏ, ਹੂ-ਬ-ਹੂ ਓਹਾ। ਮੈਂ ਤਾਂ ਬਥੇਰੇ ਪਰਦੇ ਪੌਂਦੀ ਆਂ, ਪਈ ਕੰਵਰ ਸਾਹਿਬ ਮੱਥੇ ਲਗਦੇ ਰਹੇ ਕਰਕੇ ਆ। ਪਰ ਸਮਝਣ ਵਾਲੇ ਸਭ ਕੁਝ ਸਮਝ ਲੈਂਦੇ ਨੇ, ਸਰਕਾਰ।4

ਇਸ ਨਾਵਲ ਦੀ ਪਾਤਰ ਚਰਾਗੋ ਤਾਂ ਸਦੀਆਂ ਤੋਂ ਲਿਤਾੜੀ ਹੋਈ ਧਰਤੀ ਵਾਂਗ ਹੈ ਜਿਸ ਉੱਪਰ ਕਦੀ ਕਿਸੇ ਦਾ ਕਬਜ਼ਾ ਤੇ ਕਦੀ ਕਿਸੇ ਦਾ। ਕਿਉਂਕਿ ਉਹ ਪਹਿਲਾਂ ਰਾਏ ਬਹਾਦਰ ਮਨਸਾ ਰਾਮ ਅਤੇ ਫਿਰ ਉਸ ਦੇ ਪੁੱਤਰ ਦੀ ਜਿਸਮਾਨੀ ਹੱਵਸ ਦਾ ਸ਼ਿਕਾਰ ਹੁੰਦੀ ਹੈ ਭਾਵੇਂ ਕਿ ਰਾਏ ਬਹਾਦਰ ਉਸ ਤੋਂ ਚੌਵੀ ਸਾਲ ਵੱਡਾ ਅਤੇ ਉਸਦਾ ਪੁੱਤਰ ਉਸ ਤੋਂ ਯਾਰਾਂ ਸਾਲ ਛੋਟਾ ਹੈ ਪਰ ਆਰਥਿਕ ਤੰਗੀਆਂ ਮਨੁੱਖ ਨੂੰ ਕੀ-ਕੀ ਕਰਨ ਲਈ ਮਜ਼ਬੂਰ ਕਰ ਦਿੰਦੀਆਂ ਹਨ ਜਿਨ੍ਹਾਂ ਦਾ ਅੰਦਾਜ਼ਾਂ ਲਗਾਉਣਾ ਵੀ ਬੜਾ ਮੁਸ਼ਕਿਲ ਤੇ ਕਠਿਨ ਕਾਰਜ ਹੈ।"ਚਰਾਗੋ ਦੀ ਜਵਾਨੀ ਅਜੇ ਢਲੀ ਨਹੀਂ ਸੀ, ਜਾਂ ਰਾਏ ਬਹਾਦਰ ਦਾ ਵੱਡਾ ਲੜਕਾ 'ਰਾਏ ਸਾਹਿਬ' ਜਵਾਨ ਹੋ ਗਿਆ। ਮੁਜ਼ਾਹਰਿਆ ਦਾ ਪ੍ਰਬੰਧ ਉਹਦੇ ਹੱਥ ਵਿਚ ਆ ਗਿਆ। ਫਿਰ ਚਰਾਗੋ ਨੂੰ ਰਾਏ ਸਾਹਿਬ ਦੀਆਂ ਸ਼ਰਤਾਂ ਮੰਨਣ ਵਾਸਤੇ ਮਜ਼ਬੂਰ ਹੋਣਾ ਪੈ ਗਿਆ। ਚਰਾਗੋ ਸਦੀਆਂ ਤੋਂ ਲਿਤਾੜੀ ਹੋਈ ਧਰਤੀ ਵਾਂਗ ਸੀ"5 ਇਸ ਨਾਵਲ ਨੂੰ ਜਦੋਂ ਸਮਾਜ-ਮਨੋਵਿਗਿਆਨਕ ਅਧਿਐਨ ਵਿਧੀ ਦੀ ਸਹਾਇਤਾ ਨਾਲ ਮੁਲਾਂਕਣ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਜਿਵੇਂ ਪਿਉ ਦੀ ਜ਼ਮੀਨ-ਜਾਇਦਾਦ ਦੇ ਵਾਰਸ ਉਸਦੇ ਪੁੱਤਰ ਹੁੰਦੇ ਹਨ, ਉਸੇ ਤਰ੍ਹਾਂ ਪਿਉ ਦੁਆਰਾ ਕੀਤੇ ਸਰੀਰਕ ਸ਼ੋਸ਼ਣ ਵਾਲੇ ਕਾਰਨਾਮੇ ਦੇ ਵਾਰਸ ਵੀ ਉਸਦੇ ਪੁੱਤਰ ਹੀ ਬਣੇ। ਇਨ੍ਹਾਂ ਨੇ ਆਪਣੀ ਪਰੰਪਰਕ ਰਵਾਇਤ ਨੂੰ ਬਦਲਿਆਂ ਨਹੀਂ ਸਗੋਂ ਇਸ ਵਿਚ ਸ਼ਮੂਲੀਅਤ ਕਰਨਾ ਆਪਣਾ ਜਨਮ-ਸਿੱਧ ਅਧਿਕਾਰ ਸਮਝਦੇ ਹਨ ਕਿਉਂਕਿ ਆਰਥਿਕ ਤੌਰ 'ਤੇ ਕੰਮਜ਼ੋਰ ਵਰਗ ਇਨ੍ਹਾਂ ਦੀ ਹੱਵਸ ਦਾ ਸ਼ਿਕਾਰ ਬਣ ਜਾਂਦੇ ਹਨ।

ਆਰਥਿਕਤਾ ਮਨੁੱਖੀ ਜੀਵਨ ਵਿਚ ਅਹਿਮ ਰੋਲ ਨਿਭਾਉਂਦੀ ਹੈ। ਇਹ ਨਾਵਲ ਵੀ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਜਗੀਰਦਾਰ ਵੱਲੋਂ ਮੁਜ਼ਾਹਰਿਆਂ ਦੇ ਪ੍ਰਸੰਗ ਵਿਚ ਅਭਿਵਿਅਕਤ ਹੁੰਦਾ ਹੈ। ਇਨ੍ਹਾਂ ਮੁਜ਼ਾਹਰਿਆਂ ਨਾਲ ਸ਼ਾਹੂਕਾਰਾਂ ਵਾਲਾ ਵਤੀਰਾ ਵਰਤਦਾ ਰਾਏ ਸਾਹਿਬ ਆਪਣੀ ਇੱਛਾ ਮੁਤਾਬਿਕ ਦੋ-ਦੋ ਮਣ ਦਾਣੇ ਦੇ ਕੇ ਬਾਕੀ ਸਾਰੇ ਆਪਣੇ ਗੁਦਾਮ ਵਿਚ ਰੱਖਵਾ ਲੈਂਦਾ ਤੇ ਕਹਿੰਦਾ ਕਿ ਬਾਕੀ ਦਾਣੇ ਹਿਸਾਬ ਹੋਣ 'ਤੇ ਦਿੱਤੇ ਜਾਣਗੇ ਪਰ ਜਦੋਂ ਅਖੀਰ ਵਿਚ ਹਿਸਾਬ ਹੁੰਦਾ ਤਾਂ ਕਈ ਮੁਜ਼ਾਹਰਿਆਂ ਦਾ ਤਾਂ ਮਸਾ ਵਿਆਜ ਹੀ ਪੂਰਾ ਹੁੰਦਾ ਪਰ ਕਈਆਂ ਦੇ ਪੈਸੇ ਟੁੱਟ ਜਾਂਦੇ ਜਿਸ ਕਾਰਨ ਉਨ੍ਹਾਂ ਨੂੰ ਬਾਕੀ ਵਰਤਣ ਵਾਸਤੇ ਕੁਝ ਵੀ ਨਹੀਂ ਦਿੱਤਾ ਜਾਂਦਾ। ਫ਼ਸਲ ਦੀ ਪੈਦਾਵਰ ਕਰਕੇ ਗ਼ਰੀਬ ਮੁਜ਼ਾਹਰੇ ਅਖੀਰ ਆਪਣੀ ਰੋਟੀ ਤੋਂ ਵੀ ਤੰਗ ਆ ਜਾਂਦੇ। ਰਾਏ ਸਾਹਿਬ ਨੇ ਸਾਰਿਆ ਦੇ ਦਾਣੇ ਪਿੜ ਵਿਚ ਇਕੱਠੇ ਕਰਕੇ ਮੁਨਸ਼ੀ ਨੂੰ ਕਿਹਾ ਕਿ "ਮੁਨਸ਼ੀ! ਰਾਏ ਸਾਹਿਬ ਨੇ ਗਰਜਵੀ ਸੁਰ ਵਿਚ ਕਿਹਾ, ਹਰ ਇਕ ਮੁਜ਼ਾਰੇ ਨੂੰ ਦੋ-ਦੋ ਮਣ ਦਾਣੇ ਦੇ ਕੇ, ਬਾਕੀ ਸਾਰੇ ਗੁਦਾਮ ਵਿਚ ਭੇਜ ਦਿਹੋ। ਸਾਰਾ ਫ਼ਸਲ ਚੁੱਕਣ ਪਿੱਛੋਂ ਸਭ ਦਾ ਇਕੋ ਦਿਨ ਹਿਸਾਬ ਹੋਵੇਗਾ।"6 ਹਰਜੀਤ ਰਾਏ ਸਾਹਿਬ ਮਜ਼ਦੂਰ ਨੂੰ ਅੱਧਾ ਭੁੱਖਾ ਰੱਖਣ ਦੀ ਨੀਤੀ ਉੱਪਰ ਚਲਦਾ ਹੋਇਆ ਜ਼ਮੀਨ ਦੀ ਵੰਡ ਨੂੰ ਵਧਾਉਂਦਾ ਘਟਾਉਂਦਾ ਰਹਿੰਦਾ ਹੈ। ਉਹ ਨਾਜੋ ਨਾਲ ਸਰੀਰਕ ਸੰਬੰਧ ਕਾਇਮ ਕਰਕੇ ਝੰਡੇ ਤੇ ਚਰਾਗੋ ਨੂੰ ਖ਼ੁਸ਼ ਕਰਨ ਲਈ ਕੰਮੂ ਕੋਲੋਂ ਜ਼ਮੀਨ ਖੋਹ ਕੇ ਦਿੰਦਾ ਹੈ ਕਿਉਂਕਿ ਕੰਮੂ ਦੀ ਘਰਵਾਲੀ ਜੈਨਾ ਮਾਂਹਵਾਰੀ ਆਈ ਹੋਣ ਕਰਕੇ ਰਾਏ ਸਾਹਿਬ ਦੇ ਸ਼ਾਹੀ ਪ੍ਰਾਹੁਣਿਆਂ ਨੂੰ ਖ਼ੁਸ਼ ਕਰਨ ਲਈ ਸੰਬੰਧ ਨਾ ਕਾਇਮ ਕਰ ਸਕੀ। ਇਸ ਕਰਕੇ ਉਸ ਨਾਲ ਬਹੁਤ ਵਿਤਕਰਾ ਕੀਤਾ ਜਾਂਦਾ ਜਿਸ ਦਾ ਸਾਰੇ ਹੀ ਮੁਜ਼ਾਹਰਿਆਂ ਨੂੰ ਪਤਾ ਸੀ। ਜਦੋਂ ਝੰਡਾ ਨਵੀਂ ਮਿਲੀ ਦੋ ਏਕੜ ਜ਼ਮੀਨ ਵਿਚ ਕੰਮ ਕਰ ਰਿਹਾ ਹੁੰਦਾ ਤਾਂ ਬਾਕੀ ਸਭ ਉਸ ਨੂੰ ਜ਼ਮੀਨ ਮਿਲਣ ਦੇ ਪਿੱਛੇ-ਪਿਛੇ ਜੁੜੇ ਕਾਰਨਾਂ ਬਾਰੇ ਗੱਲ ਕਰਦੇ ਪਰ ਉਹ ਮਜ਼ਬੂਰ ਤੇ ਸਭ ਕੁਝ ਪਤਾ ਹੋਣ ਦੇ

ਬਾਵਜੂਦ ਕੁਝ ਵੀ ਬੋਲਦਾ ਨਾ। ਇਸ ਤੋਂ ਵੱਧ ਝੰਡੇ ਨੂੰ ਉਸ ਸਮੇਂ ਜ਼ਿਆਦਾ ਜਲੀਲ ਹੋਣਾ ਪੈਂਦਾ ਜਦੋਂ ਰਾਏ ਸਾਹਿਬ ਦਾ ਮੁਨਸ਼ੀ ਦਾਣੇ ਵੰਡਣ ਲੱਗਿਆ ਨਾਮ ਲਿਖਦਾ ਹੈ ਤਾਂ ਉਹ ਝੰਡੇ ਨੂੰ ਸੰਬੋਧਿਤ ਹੋ ਕੇ ਕਹਿੰਦਾ ਕਿ "ਓਇ ਤੇਰਾ ਨਾਂ ਲਿਖਾਂ" ਕਿ ਚਰਾਗੋ ਦਾ? ਘਰ ਦੀ ਅਸਲ ਮਾਲਕ ਤਾਂ ਓਹਾ ਹੋਈ ਨਾਂ! ਮੁਨਸ਼ੀ ਦੇ ਬੁੱਲ੍ਹਾਂ ਉੱਤੇ ਖਚਰੀ ਜਿਹੀ ਮੁਸਕਰਾਹਟ ਫੈਲ ਗਈ। ਚਰਾਗੋ ਦਾ ਨਾਂ ਲੈਂਦਿਆਂ ਉਹਦੇ ਬੁੱਢੇ ਸਰੀਰ ਵਿਚ ਵੀ ਚਿੜੰਗਾਂ ਫੁੱਟਣ ਲੱਗ ਪਈਆਂ।"7 ਇਸ ਤਰ੍ਹਾਂ ਇਕ ਗ਼ਰੀਬ ਵਿਅਕਤੀ ਨੂੰ ਆਰਥਿਕ ਤੇ ਮਾਨਸਿਕ ਤੌਰ 'ਤੇ ਸ਼ਿਕਾਰ ਹੋਣਾ ਪੈਂਦਾ ਹੈ। ਅਜਿਹੇ ਵਿਅਕਤੀ ਨੂੰ ਸਮਾਜਕ ਤੌਰ 'ਤੇ ਵੀ ਬੇਇੱਜ਼ਤ ਕੀਤਾ ਜਾਂਦਾ ਹੈ ਕਿਉਂਕਿ ਹਲਾਤਾਂ ਦੇ ਮਜ਼ਬੂਰ ਵਿਅਕਤੀ ਨੂੰ ਚਾਰ-ਚੁਫੇਰੇ ਤੋਂ ਹੀ ਹੀਣਤਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਬਦਲਾ ਨਾਵਲ ਵਿਚ ਇੱਕ ਮੰਮਦੂ ਨਾਂ ਪਾਤਰ ਹੈ ਜਿਹੜਾ ਮੁਜ਼ਾਹਰਿਆਂ ਤੇ ਜਗੀਰਦਾਰ ਵਿਚ ਇਕ ਕੜੀ ਦਾ ਕੰਮ ਕਰਦਾ ਹੈ। ਸਪੱਸ਼ਟ ਸ਼ਬਦਾਂ ਵਿਚ ਇਹ ਚੁਗਲਖੋਰ ਦਾ ਕੰਮ ਕਰਦਾ ਪ੍ਰਤੀਤ ਹੁੰਦਾ ਹੈ। ਮੁਜ਼ਾਹਰਿਆਂ ਦੀ ਹਰੇਕ ਗੱਲ ਦਾ ਭੇਦ ਰਾਏ ਸਾਹਿਬ ਨੂੰ ਦੇਂਦਾ ਹੈ। "ਹੈਦਰ ਤੇ ਨਾਜੋ ਦੀਆਂ ਗੱਲਾਂ ਰਾਏ ਸਾਹਿਬ ਨੂੰ ਬੜੇ ਮਸਾਲੇ ਲਾ-ਲਾ ਕੇ ਸੁਣਾਈਆਂ। ਬੇਗ਼ਾਨੀ ਧੀ ਦੀਆਂ ਗੱਲਾਂ ਕਰਨ ਵਿਚ ਕਾਹਦੀ ਲੱਜ-ਸ਼ਰਮ।"8

ਬਦਲਾ ਨਾਵਲ ਵਿਚ ਹਰਜੀਤ ਰਾਏ ਸਾਹਿਬ ਦੀ ਪਤਨੀ ਸਵਰਨ ਲਤਾ ਆਪਣੀ ਸੱਸ ਦੀ ਤਰ੍ਹਾਂ ਧਾਰਮਿਕ ਖਿਆਲਾਂ ਵਾਲੀ ਨੇਕ ਦਿਲ ਇਸਤਰੀ ਹੈ ਜੋ ਜਗੀਰਦਾਰੀ ਸਭਿਆਚਾਰ ਦੀਆਂ ਵਧੀਕੀਆਂ ਨੂੰ ਸਹਿਣ ਕਰਦੀ ਅਤੇ ਅਜਿਹੇ ਵਤੀਰੇ ਨੂੰ ਬਹੁਤ ਲਾਗੇ ਤੋਂ ਵੇਖਦੀ ਹੈ ਕਿਉਂਕਿ ਨਿਮਨ ਵਰਗ ਦੀਆਂ ਔਰਤਾਂ ਦਾ ਜਿਸਮਾਨੀ ਸ਼ੋਸ਼ਣ ਕਰਨਾ ਉਸਨੂੰ ਬਿਲਕੁਲ ਪਸੰਦ ਨਹੀਂ ਹੈ। ਉਹ ਚਰਾਗੋ ਕੋਲੋਂ ਰਾਏ ਸਾਹਿਬ ਦੀ ਇਤਿਹਾਸਕ ਪਿੱਠ ਭੂਮੀ 'ਤੇ ਹੁਣ ਹਰਜੀਤ ਰਾਏ ਸਾਹਿਬ ਤੇ ਕੰਵਰ ਸਾਹਿਬ ਦੇ ਕਾਰਨਾਮਿਆਂ ਨੂੰ ਸੁਣ ਕੇ ਬਹੁਤ ਪ੍ਰੇਸ਼ਾਨ ਹੁੰਦੀ ਹੈ। "ਸਵਰਨ ਲਤਾ ਨੇ ਡਾਢੇ ਦੁੱਖ ਨਾਲ ਚੀਕ ਕੇ ਕਿਹਾ। ਇਕ ਦਿਨ ਸਾਨੂੰ ਇਹਨਾਂ ਪਾਪਾਂ ਦਾ ਫ਼ਲ ਭੋਗਣਾ ਪਵੇਗਾ। ਇਹਨਾਂ ਮਹਿਲਾਂ ਵਿਚ ਭੂਤਨੇ ਨੱਚਣਗੇ। ਮੈਨੂੰ ਲੋਕੀਂ ਵਾਲਾਂ ਤੋਂ ਫੜ ਕੇ ਗਲੀਆਂ ਵਿਚ ਧੂਹੀ ਫਿਰਨਗੇ।9

ਅਜਿਹੀ ਸਥਿਤੀ ਵਿਚ ਉਹ ਮਾਨਸਿਕ ਪ੍ਰੇਸ਼ਾਨੀ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦੀ ਹੈ ਪਰ ਬੇਵਸ ਹੋ ਕੇ ਉਸਨੂੰ ਆਪਣਾ ਜੀਵਨ ਬਸਰ ਕਰਨਾ ਪੈਂਦਾ ਹੈ। ਉਹ ਆਪਣੇ ਜਗੀਰਦਾਰ ਪਰਿਵਾਰ ਦੀਆਂ ਵਧੀਕੀਆਂ ਤੇ ਬੁਰੇ ਕਰਮਾਂ ਦੇ ਫ਼ਲ ਮਿਲਣ ਦੀ ਨਾਰਾਜ਼ਗੀ ਪ੍ਰਗਟਾਉਂਦੀ ਹੈ। ਚਰਾਗੋ ਸਵਰਨ ਲਤਾ ਨੂੰ ਕਹਿੰਦੀ ਹੈ ਕਿ "ਬੀਬੀ ਜੀ! ਸਾਡੇ ਗਰੀਬਾਂ ਬਦਲੇ ਤੁਸੀਂ ਨਾ ਦੁਖੀ ਹੋਵੋ। ਸਾਡਾ ਕੀ ਏ? ਧੀਰਜ ਕਰੋ ਚਰਾਗੋ ਨੇ ਸਵਰਨ ਲਤਾ ਦੇ ਪੈਰਾ ਕੋਲ ਬਹਿ ਕੇ ਉਹਦੇ ਗੋਡੇ ਦੱਬਦਿਆਂ ਕਿਹਾ।"10 ਸਵਰਨ ਲਤਾ ਨੂੰ ਪਤੀ ਦੀਆਂ ਬੰਦਿਸ਼ਾਂ ਤੇ ਤ੍ਰਿਸਕਾਰਿਤ ਵਤੀਰੇ ਕਾਰਨ ਮਾਨਸਿਕ ਤਸ਼ੱਦਦ ਵਿਚੋਂ ਗੁਜ਼ਰਨਾ ਪੈਂਦਾ ਹੈ। ਉਸ ਦੀ ਸੱਸ ਦਾ ਅਨਿਆਈ ਮੌਤ ਮਰਨਾ ਵੀ ਇਕ ਮਾਨਸਿਕ ਤਸ਼ੱਦਦ ਦਾ ਕਾਰਨ ਸੀ ਕਿਉਂਕਿ ਇਹ ਦੋਵੇਂ ਔਰਤਾਂ ਜਗੀਰਦਾਰੀ ਤੇ ਗੁਲਾਮੀਦਾਰੀ ਯੁੱਗ ਵਿਚ ਪੈਂਦਾ ਹੋ ਰਹੀਆਂ ਬੁਰੀਆਂ ਅਲਾਮਤਾਂ ਨੂੰ ਨਕਾਰਦੀਆਂ ਪ੍ਰਤੀਤ ਹੁੰਦੀਆਂ ਹਨ।

ਬਦਲਾ ਨਾਵਲ ਵਿਚ ਸਮਾਜ ਦੀ ਬਰਾਬਰਤਾ ਦੀ ਗੱਲ ਕਰਦੀ, ਮਾਰਕਸਵਾਦੀ ਪੈਂਤੜੇ 'ਤੇ ਚਲਦੀ ਕਮਿਊਨਿਸਟ ਵਿਚਾਰਧਾਰਾ ਨਾਲ ਸੰਬੰਧਿਤ ਪਾਤਰ ਜਸਵੰਤ ਸਿੰਘ ਤੇ ਹੈਦਰ ਦਾ ਚਿਤਰਣ ਕੀਤਾ ਗਿਆ। ਉਨ੍ਹਾਂ ਨੂੰ ਅਮੀਰ ਵਰਗ ਦਾ ਗ਼ਰੀਬ ਬਾਰੇ ਨਜ਼ਰੀਆਂ ਜਾਂ ਵਿਵਹਾਰ ਕੋਈ ਬਹੁਤਾ ਵਧੀਆ ਨਹੀਂ ਲੱਗਦਾ। ਅਮੀਰ ਵਾਸਤੇ ਗ਼ਰੀਬ ਤਾਂ ਭੇਡ-ਬੱਕਰੀ ਦੇ ਸਮਾਨ ਹੈ। ਇਸ ਵਿਰੋਧ ਕਰਕੇ "ਹੈਦਰ ਤਿੰਨ ਮਹੀਨੇ ਅੰਦਰੋਂ ਬਾਹਰ ਨਹੀਂ ਨਿਕਲਿਆ ਕਾਮਰੇਡ ਜਸਵੰਤ ਸਿੰਘ, ਸ਼ੰਮੀ ਕਪੂਰ ਜਾਂ ਹੋਰ ਸਾਥੀ ਪੁੱਛਦੇ ਵੀ ਤਾਂ ਹੈਦਰ ਖੁੱਲ੍ਹ ਕੇ ਗੱਲ ਨਾ ਕਰਦਾ। ਉਹਦੇ ਅੰਦਰ ਸਿਰਫ਼ ਇਕੋ ਅੱਗ ਸੀ।... ਬਦਲਾ ਲੈਣ ਦੀ ਅੱਗ। ਉਹ ਪਿਆ ਇਕੇਵਾਰ ਅੰਦਰੇ ਅੰਦਰ ਪੁਕਾਰ ਉਠਦਾ, ਬਦਲਾ... ਹਾਂ, ਨਾਜੋ ਦਾ ਬਦਲਾ ਰਾਏ ਸਾਹਿਬ ਤੋਂ ਬਦਲਾ ਜ਼ਰੂਰ ਲਿਆ ਜਾਵੇਗਾ।"11

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ 'ਬਦਲਾ' ਨਾਵਲ ਸਮਾਜ ਦੀ ਇਕ ਅਜਿਹੀ ਤਸਵੀਰ ਪੇਸ਼ ਕਰਦਾ ਹੈ ਜਿਸ ਵਿਚ ਜਗੀਰਦਾਰ ਵਰਗ ਗ਼ਰੀਬ ਮੁਜ਼ਾਹਰਿਆਂ ਉੱਤੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸ਼ੱਦਦ ਕਰਦਾ ਹੈ ਅਤੇ ਅਖ਼ੀਰ ਵਿਚ ਆਪਣੇ ਉੱਤੇ ਹੋਏ ਅੱਤਿਆਚਾਰਾਂ ਦਾ ਬਦਲਾ ਦੇਸ਼ ਵੰਡ ਵਾਲੀ ਘਟਨਾਂ ਨੂੰ ਅਧਾਰ ਬਣਾ ਕੇ ਲਿਆ ਜਾਂਦਾ ਹੈ।

**ਹਵਾਲੇ ਤੇ ਟਿੱਪਣੀਆਂ**


1. ਸੋਹਣ ਸਿੰਘ ਸੀਤਲ, ਬਦਲਾ, ਪੰਨਾ 5.
2. ਉਹੀ, ਪੰਨਾ 8.
3. ਉਹੀ, ਪੰਨਾ 12.
4. ਉਹੀ, ਪੰਨਾ 22.
5. ਉਹੀ, ਪੰਨਾ 21
6. ਉਹੀ, ਪੰਨਾ 74.
7.ਉਹੀ, ਪੰਨਾ 73.
8.ਉਹੀ, ਪੰਨਾ 85.
9.ਉਹੀ, ਪੰਨਾ 93.
10.ਉਹੀ, ਪੰਨਾ 90
11.ਉਹੀ, ਪੰਨਾ 109.



**ਸਹਾਇਕ ਪ੍ਰੋਫੈਸਰ**
**ਐਸ.ਐਲ.ਬਾਵਾ ਡੀ.ਏ.ਵੀ. ਕਾਲਜ**
**ਬਟਾਲਾ।**

## ਅਰਤਿੰਦਰ ਸੰਧੂ ਦਾ ਕਾਵਿ-ਸੰਗ੍ਰਹਿ 'ਜ਼ਿੰਦਗੀ ਜ਼ਿੰਦਗੀ' / ਗ.ਸ. ਨਕਸ਼ਦੀਪ ਪੰਜਕੋਹਾ

ਅਰਤਿੰਦਰ ਸੰਧੂ ਪੰਜਾਬੀ ਦੀ ਉਹ ਸ਼ਾਇਰਾ ਹਨ ਜੋ ਪ੍ਰਤੀਕਾਂ ਤੇ ਬਿੰਬਾਂ ਬਿਨਾਂ ਕਦੇ ਕਵਿਤਾ ਨਹੀਂ ਸਿਰਜਦੀ, ਜਿਹੜੇ ਕਿ ਕਵਿਤਾ ਦੇ ਮੁੱਖ ਗੁਣ ਵਿਭਾਵ ਨੂੰ ਜਿਉਂਦਾ ਰੱਖਦੀ ਹੈ। ਵਾਰਤਕ ਬਿਆਨਬਾਜ਼ੀ ਦੀ ਸਾਡੇ ਆਪਣੇ ਪੰਜਾਬੀ ਕਵਿ-ਜਗਤ ਤੋਂ ਬਿਨਾਂ, ਹਿੰਦੀ ਤੇ ਅੰਗਰੇਜ਼ੀ ਸਾਹਿਤ ਦੇ ਕਾਵਿ ਜਗਤ ਵਿੱਚ ਵੀ ਭਰਮਾਰ ਹੈ. ਲੋਕ ਮੇਰੇ ਨਾਲ ਅਸਹਿਮਤ ਹੋ ਸਕਦੇ ਹਨ, ਪਰ ਬਿੰਬਾਂ ਤੇ ਪ੍ਰਤੀਕਾਂ ਤੋਂ ਬਿਨਾਂ, ਮੈਨੂੰ ਕਵਿਤਾ ਜਚਦੀ ਨਹੀਂ ਹੈ. ਅੰਮ੍ਰਿਤਸਰ ਦੀ ਫੇਰੀ ਵੇਲੇ, ਉਨ੍ਹਾਂ ਵੱਲੋਂ ਮੈਨੂੰ ਦੋ ਕਿਤਾਬਾਂ, 'ਜ਼ਿੰਦਗੀ ਜ਼ਿੰਦਗੀ' ਤੇ 'ਸਬਾਤ' ਦਿੱਤੀਆਂ ਗਈਆਂ.

ਕਾਵਿ-ਸੰਗ੍ਰਹਿ ''ਜ਼ਿੰਦਗੀ ਜ਼ਿੰਦਗੀ' ਵਿਚਲੀਆਂ ਕਵਿਤਾਵਾਂ ਦੇ ਅਰਥਾਂ ਦਾ ਚਿੱਤਰਾਂ ਰਾਹੀਂ ਪ੍ਰਦਰਸ਼ਨ ਕਰਨ ਵਾਲੇ ਚਿੱਤਰਕਾਰ ਹਨ, ਜਨਾਬ ਮਦਨ ਲਾਲ, ਚੰਡੀਗੜ੍ਹ, ਜਿਨ੍ਹਾਂ ਦੇ ਬਣਾਏ ਚਿੱਤਰ ਸਾਨੂੰ ਬਿਨਾਂ ਸ਼ੱਕ ਤੋਂ ਸਾਨੂੰ ਟੁੰਭਦੇ ਹਨ. ਮੇਰੀ ਜਾਚੇ ਇਹ ਇੱਕ ਕਲਾ ਦਾ ਦੁਮੇਲ ਹੈ; ਚਿੱਤਰ ਸ਼ਬਦਾਂ ਨੂੰ ਬਿਆਨਦੇ ਹਨ ਤੇ ਚਿੱਤਰਾਂ ਨੂੰ ਸ਼ਬਦ. 'ਜ਼ਿੰਦਗੀ ਜ਼ਿੰਦਗੀ' ਵਿੱਚਲੀ ਕਵਿਤਾ ਵਿੱਚ ਕੁਝ ਅਜਿਹੇ ਸ਼ਬਦ ਹਨ, ਜੋ ਆਪਣੀ ਰੋਜ਼ ਮਰਾ ਜ਼ਿੰਦਗੀ ਦੇ ਖਿਲਾਵਾਂ ਭਰੇ ਸੱਚ ਨੂੰ ਮੁਖਾਤਬ ਹਨ, ਜੋ ਸਾਨੂੰ ਕੁਝ ਨਵਾਂ ਸੋਚਣ ਲਈ ਆਖਦੇ ਹਨ, ਕਿਉਂਕਿ ਇਹ ਨਿੱਘੀਆਂ ਯਾਦਾਂ ਬਾਰੇ ਨਹੀਂ ਹਨ, ਜਰਾ ਧਿਆਨ ਦੇਣਾ:

'' ਜਦੋਂ ਇਹ ਲੱਗ ਰਿਹਾ ਹੁੰਦਾ,  
ਕਿਸੇ ਨੂੰ ਯਾਦ ਕਰਦੇ ਹਾਂ ,  
ਕਿਸੇ ਅੰਦਰ ਦੀ ਖਾਈ ਦਾ ਅਨੁਵਾਦ ਕਰਦੇ ਹਾਂ.''

ਅਸੀਂ ਜਿਸ ਵਕਤ ਵਿੱਚ ਦੀ ਵਿਚਰ ਰਹੇ ਹਾਂ, ਉਸ ਵਿੱਚ ਇਮਾਨਦਾਰੀ, ਸੱਚ ਤੇ ਇਨਸਾਫ਼ ਭਰਿਆ ਵਤੀਰਾ ਲੱਭਦਿਆਂ ਵੀ ਲੱਭਣਾ ਔਖਾ ਹੋ ਗਿਆ ਲੱਗਦਾ ਹੈ. ਇਹ ਇੰਝ ਹੈ ਜਿਵੇਂ ਚਾਰ ਚੁਫੇਰੇ ਪਾਣੀ ਹੋਵੇ, ਪਰ ਪੀਤਾ ਨਾ ਜਾ ਸਕੇ ਜਾਂ ਜਿਵੇਂ ਦਿਨ ਹੋਵੇ ਪਰ ਰਾਤ ਦਾ ਅਹਿਸਾਸ ਹੁੰਦਾ ਹੋਵੇ. ਸਾਡੇ ਇਸ ਪ੍ਰਸੰਗ ਦੇ ਉਜਾੜ ਦੀ ਤਸਵੀਰ ਹੋਰ ਵਧੀਆ ਕਿਵੇਂ ਲਿਖੀ ਜਾ ਸਕਦੀ ਹੈ? ਜਰਾ ਪੜ੍ਹੋ:

ਹਰ ਸ਼ਹਿਰ ਵਿਕਾਊ ਹੈ ਸੱਜਣਾ,  
ਹਰ ਲਹਿਰ ਕਵਾਊ ਹੈ ਸੱਜਣਾ!  
ਹੁਣ ਵੱਜਦੇ ਰਾਗ ਬਾਜ਼ਾਰੀ ਦੀ,  
ਹਰ ਬਹਿਰ ਵਿਕਾਊ ਹੈ ਸੱਜਣਾ

ਮਨ ਵਿਚਾਰਨ ਲਈ ਮਜਬੂਰ ਹੁੰਦਾ ਹੈ ਕਿ ਬਾਕੀ ਸਾਡੇ ਪੱਲੇ ਰਹਿ ਕੀ ਗਿਆ? ਉਹ ਕੁਝ ਜੋ ਅਰਥਹੀਣ ਬਣ ਕੇ ਰਹਿ ਜਾਂਦਾ ਹੈ? ਜਾਂ ਉਹ ਸਭਿਅਤਾ ਜਿਹੜੀ ਡੁੱਬਣ ਦੇ ਰਾਹ ਪੈ ਚੁੱਕੀ ਹੋਈ ਹੈ, ਕਿਉਂਕਿ ਜਬਰ ਤੇ ਧੱਕੇ ਅੱਗੇ ਚੁੱਪ ਦੇ ਪਰਦੇ ਨੂੰ ਅਕਸਰ ਤਰਜੀਹ ਦਿੱਤੀ ਜਾਣ ਲੱਗ ਪਈ ਹੈ; ਬੁਜ਼ਦਿਲੀ ਦੀ ਚੁੱਪ ਵਿੱਚੋਂ ਸਹਾਰੇ ਭਾਲੇ ਜਾਣ ਲੱਗ ਪਏ ਹਨ . ਗੱਲ ਤਬਦੀਲੀ ਦੀ ਹੀ ਨਹੀਂ, ਕਿਉਂਕਿ ਤਬਦੀਲੀ ਤਾਂ ਹਰ ਵਕਤ ਜ਼ਰੂਰਤ ਅਨੁਸਾਰ ਹੁੰਦੀ ਰਹੀ ਹੈ ਤੇ ਚਾਹੀਦੀ ਵੀ ਹੈ, ਪਰ ਚੰਗਿਆਈ ਦਾ ਬੁਰਿਆਈ ਦੇ ਸਾਹਮਣੇ ਕਮਜ਼ੋਰ ਹੋ ਜਾਣਾ ਬੜਾ ਚੁੱਭਦਾ ਹੈ, ਪਰ ਕਿਸ ਨੂੰ? ਉਸ ਨੂੰ ਜੋ ਸੁਚੇਤ ਤੇ ਨਿਡਰ ਹੈ . ਤੇ ਅਜਿਹੀ ਜ਼ਿੰਦਗੀ ਨੂੰ ਜ਼ਿੰਦਗੀ ਮੰਨ ਕੇ ਜੀਵੀ ਜਾਣ ਉੱਤੇ ਸ਼ਾਇਰਾ ਨੇ ਇੱਕ ਵੱਡਾ ਸਵਾਲ ਕੀਤਾ ਹੈ, ਆਖਰੀ ਸਤਰ 'ਤੇ ਕੇਂਦਰਤ ਹੋ ਕੇ ਪੜ੍ਹੋ:

ਮਨ ਦੇ ਅੰਬਰੋਂ ਅੱਖ ਦੇ ਵਿਹੜੇ  
ਇਸ ਸ਼ਹਿਰ 'ਚ ਸ਼ੋਰ ਦੇ ਜੰਗਲ ਨੇ!  
ਵਿੱਚੇ ਚੁੱਪ ਫਿਰਦੀ ਰਿਹਾ ਕਰੇ  
ਜ਼ਿੰਦਗੀ ਜੋ ਬੀਤੀ ਬਿਨ ਜੀਵੇ !

ਸਰਕਾਰ ਦੀਆਂ ਮਨਮਰਜ਼ੀਆਂ ਜ਼ਿੰਦਗੀ ਜਿਉਣ ਉੱਤੇ ਰੋਕ ਲਾ ਦਿਆ ਕਰਦੀਆਂ ਹਨ ਤੇ 'ਇੱਕ ਚੁੱਪ ਸੌ ਸੁਖ ਵਰਗੀ' ਕਾਇਰਤਾ ਸਿਆਣਪ ਦੇ ਤਖਤ ਉੱਤੇ ਮੱਲ ਮਾਰ ਕੇ ਬਹਿ ਜਾਂਦੀ ਹੈ. ਫੇਰ ਉਨ੍ਹਾਂ ਦਾ ਕੀ ਹਾਲ, ਜੋ ਹਮੇਸ਼ਾ ਸਮਾਜ ਨੂੰ ਹਰ ਤਰ੍ਹਾਂ ਦੇ ਹਾਲਾਤ ਵਿੱਚ ਸੇਧ ਦਿਆ ਕਰਦੇ ਹਨ:

ਵਾ-ਵਰੋਲੇ ਕਰ ਰਹੇ ਨੇ ਹੁਣ ਉਸਾਰੀ ਮੌਸਮਾਂ ਦੀ,  
ਤੇਲ ਚੁੱਕੀ ਦੀਵੇ ਸਾਰੇ ਫਿਰ ਰਹੇ ਨੇ ਦਰ ਬਦਰ !

ਦਰਅਸਲ ਦੀਵਿਆਂ ਦੀ ਲੋੜ ਹੀ ਖਤਮ ਕਰ ਦਿੱਤੀ ਗਈ ਹੈ. ਜੋ ਮਿੱਥ ਹੈ, ਉਸ ਨੂੰ ਸੱਚ ਬਣਾ ਕੇ, ਲੋਕਾਂ ਦੀ ਤਰਕ ਤੇ ਸਿਆਣਪ ਨੂੰ ਮਿੱਟੀ ਵਿੱਚ ਰੋਲ ਕੇ, ਗਿਆਨਵਾਨਾਂ ਦਾ ਵਸਤੂਆਂ ਵਾਂਗ ਮੁੱਲ ਪਾ ਕੇ ਉਨ੍ਹਾਂ ਨੂੰ ਨਕਾਰਾ ਕੀਤਾ ਜਾ ਰਿਹਾ ਹੈ. ਇੰਝ ਸਾਡੇ ਦੀਵੇ ਹੀ ਬੇਹੋਸ਼ ਕਰ ਦਿੱਤੇ ਗਏ ਹਨ ਤੇ ਦੀਵੇ ਜਗਾਉਣ ਵਾਲੇ ਕਿਤੇ ਜੇ ਬਚੇ ਰਹਿ ਗਏ ਹਨ, ਉਹ ਦਰ ਬਦਰ ਭਟਕਦੇ ਫਿਰਦੇ ਹਨ. ਕਿੱਥੇ ਬਲੇ ਦੀਵੇ? ਝੂਠ ਦੇ ਤੁਫਾਨਾਂ, ਜਿਹੜੇ ਪੂਰੀ ਰਫਤਾਰ ਵਿੱਚ ਹਨ, ਅੱਗੇ? ਹਾਲਤ ਇਸ ਦਰਜਾ ਵਿਗਾੜ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਇਹ ਅਹਿਸਾਸ ਹੀ ਨਹੀਂ ਰਿਹਾ ਕਿ ਉਹ ਬੌਣੇ ਕਰ ਦਿੱਤੇ ਗਏ ਹਨ. ਉਨ੍ਹਾਂ ਦਾ ਹਾਲ ਹੈ ''ਹਮ ਵਹਾਂ ਹੈ ਜਹਾਂ ਸੇ ਹਮ ਕੋ ਬੀ, ਕੁਛ ਹਮਾਰੀ ਖ਼ਬਰ ਨਹੀਂ ਆਤੀ (ਗਾਲਿਬ).'' ਉਜੜ ਰਹੇ ਘਰਾਂ ਦੀ ਤ੍ਰਾਸਦੀ ਨੂੰ ਮਾਨਵਵਾਦੀ ਲੇਖਕ ਕਦੇ ਵੀ ਚੁੱਪ ਵੱਟ ਕੇ ਨਹੀਂ ਵੇਖ ਸਕਦਾ, ਕਦੇ ਵੀ, ਇਸੇ ਪਰਸੰਗ ਵਿੱਚ ਹੋਰ ਵੇਖੋ:

ਕੈਸਾ ਤੇਰਾ ਦੇਸ ਨੀ ਜਿੰਦੇ  
ਵਣਜ ਵੀ ਕੈਸਾ ਤੇਰਾ .  
ਚਾਨਣ ਦੀ ਥੈਲੀ ਵਿੱਚੋਂ  
ਨਿਕਲੇ ਘੁੱਪ ਹਨੇਰਾ.

ਉਤਲੇ ਨੁਕਤੇ ਨਾਲ ਇਸ ਨੂੰ ਮੇਲ ਕੇ ਵੇਖੋ, ਸਾਰੀ ਲੁਕਾਈ ਹੀ ਹਾਸੋਹੀਣੀ ਹਾਲਤ ਵਿੱਚ ਦਿਸਣ ਲੱਗ ਪੈਂਦੀ ਹੈ

ਤੇ ਫੇਰ ਇਸੇ ਕਵਿਤਾ ਵਿੱਚ ਅੱਗੇ ਇਹ ਸਤਰਾਂ ਪੜ੍ਹੋ:

ਪਲ ਪਲ ਰੁੱਤ ਬਦਲਦੀ ਏਥੇ
ਪਰ ਨਾ ਤੇਰੇ ਲੇਖ
ਹਰ ਪਰਛਾਵੇਂ ਓਹਲੇ ਸਾਰੇ
ਰੰਗ ਬਦਲਦੇ ਵੇਖ .

ਬਾਹਰ ਜੋ ਵਾਪਰਦਾ ਹੈ, ਉਹ ਸਾਡੇ ਕੋਲੋਂ ਲੁਕਿਆ ਹੋਇਆ ਨਹੀਂ; ਗਲ ਤਾਂ ਸੁਚੇਤ ਰਹਿਣ ਜਾਂ ਨਾ ਰਹਿਣ ਦੀ ਹੈ. ਕਬੂਤਰ ਅੱਖਾਂ ਬੰਦ ਕਰਕੇ, ਬਿੱਲੀ ਦੀ ਗੈਰ ਹਾਜ਼ਰੀ ਕਲਪਦਾ ਹੈ ਤੇ ਫੇਰ ਅਗਲੇ ਪਲ ਇੱਕ ਝਪਟ ਤੇ ਸਭ ਕੁਝ ਖਤਮ. ਸੁਚੇਤ ਰਹਿਣਾ ਹੀ ਸੱਚ ਨੂੰ ਬਚਾਉਣਾ ਹੁੰਦਾ ਹੈ. ਕੀ ਦਿਸਦਾ ਹੈ ਅੱਜ ਕੱਲ੍ਹ ਬਾਹਰ? ਚਾਰ ਚੁਫੇਰੇ ਦੁੱਖ ਹਨ, ਜੋ ਸਿਰਫ ਸੁਚੇਤ ਮਨ ਹੀ ਵੇਖ ਕੇ ਕੋਈ ਅਹਿਸਾਸ ਕਰ ਸਕਦਾ ਹੈ ਤੇ ਅਜਿਹਾ ਅਹਿਸਾਸ ਹੀ ਉਨ੍ਹਾਂ ਦੁੱਖਾਂ ਦੀਆਂ ਪੱਟੀਆਂ ਪੜ੍ਹਦਾ ਹੈ:

ਹੌਕਿਆਂ ਵਰਗੀ ਹਵਾ
ਜਿਓਂ ਰੋ ਕੇ ਆਈ ਏ
ਜਾਂ ਕਿਸੇ ਰੋਏ ਦੇ ਸਾਹ 'ਚੋਂ
ਹੋ ਕੇ ਆਈ ਏ .

ਹੇਠਲੀ ਕਵਿਤਾ ਇੱਕ ਵੱਖਰਾ ਜਿਹਾ ਖਿਆਲ ਹੈ, ਬਹੁਤ ਵਾਰ ਸਭ ਕੁਝ ਉੱਤੋਂ ਪਰਦਾ ਉਠਣਾ ਭਲੀ ਚੰਗੀ ਜ਼ਿੰਦਗੀ ਵਿੱਚ ਦੋਜ਼ਕ ਲਿਆ ਦੇਂਦਾ ਹੈ, ਤੇ ਇਹ ਵੀ ਜ਼ਿੰਦਗੀ ਦਾ ਇੱਕ ਪਾਸਾ ਹੈ. ਸਮਾਜਿਕ ਸਮਝੌਤਿਆਂ ਦੇ ਰਾਹ ਵਿੱਚ ਭੇਦ ਅਭੇਦ ਬਣੇ ਰਹਿਣ ਦੀ ਇੱਛਾ ਕਈ ਵਾਰ ਗੁਣਕਾਰੀ ਹੋ ਨਿਬੜਦੀ, ਜਿਵੇਂ ਗਲਤ ਸਟੇਸ਼ਨ 'ਤੇ ਉਤਰਦੇ ਕਿਸੇ ਬੰਦੇ ਨੂੰ ਕੋਈ ਦੁਰਲਭ ਚੀਜ਼ ਮਿਲ ਜਾਵੇ . ਸ਼ਾਇਰਾ ਅਜਿਹੇ ਕੁਝ ਓਹਲੇ ਬਣੇ ਰਹਿਣ ਨੂੰ ਇਸ ਲਈ ਤਰਜੀਹ ਦਿੰਦੀ ਹੈ ਕਿ ਕਈ ਓਹਲੇ ਵੀ ਜ਼ਿੰਦਗੀ ਨੂੰ ਸ਼ਾਂਤ ਰੱਖਦੇ ਹਨ, ਕਿ ਨਹੀਂ? ਜਰਾ ਸੋਚਣਾ:

ਪਰ ਸਾਰਾ ਚਾਨਣ ਨਾ ਦੇਵੀਂ
ਹਰ ਪਰਦਾ ਖੁੱਲ੍ਹ ਜਾਣਾ
ਹਰ ਰਿਸ਼ਤੇ ਦਾ ਓਹਲਾ ਟੁੱਟਣਾ
ਹਿੰਮਤ ਨੇ ਕਿਰ ਜਾਣਾ !

ਜਦ ਜ਼ਿੰਦਗੀ ਵਿੱਚੋਂ ਇਨਸਾਫ਼ ਮੁੱਕ ਜਾਵੇ, ਤਦ ਇਹ ਔਖਾ ਹੋ ਜਾਂਦਾ ਹੈ ਕਿ ਰਾਹ ਕਿਹੜਾ ਫੜਿਆ ਜਾਵੇ . ਸੁਚੇਤ ਤੇ ਦਲੇਰ ਮਨੁੱਖਤਾ ਗੰਦੇ ਵਹਿਣ ਵਿੱਚ ਵਹਿਣ ਤੋਂ ਹਮੇਸ਼ਾ ਇਨਕਾਰੀ ਹੋਈ ਰਹਿੰਦੀ ਹੈ, ਇਸੇ ਕਰਕੇ ਇਹ ਪ੍ਰਸੰਗਕ ਸਵਾਲ ਹੀ ਰਾਹ ਲੱਭਦੇ ਹਨ :

ਦੱਸ ਨੀ ਜਿੰਦੇ ਜੀਣ ਲਈ ਕੀ ਚਾਰਾ ਕਰੀਏ?
ਕਿਸ ਨੂੰ ਸ਼ੋਰ ਦੇ ਜੰਗਲ ਵਿੱਚ ਇਸ਼ਾਰਾ ਕਰੀਏ?
ਸਾਂਵੇਂ ਸਾਂਵੇਂ ਤੁਰਦਿਆਂ ਵੀ ਜੇ ਪੈਰ ਥਿੜਕਣ,
ਕਿਹੜੀ ਜੀਵਨ ਜਾਚ ਨਾਲ ਗੁਜ਼ਾਰਾ ਕਰੀਏ ?
ਰਿਸ਼ਤਿਆਂ ਦੀ ਮਹਿਕ ਦੇ ਜਦ ਫਟਣ ਗੁਬਾਰੇ,
ਮੋਹ ਅੱਗੇ ਕਿਸ ਭਰਮ ਦਾ ਹੁਣ ਲਾਰਾ ਧਰੀਏ?

ਇਸ ਕਿਤਾਬ ਦੀ ਆਖਰੀ ਕਵਿਤਾ ਮਾਨਸਿਕ ਕਸ਼ਮਕਸ਼ ਭਰੀ ਹੈ. ਹਰ ਤਰ੍ਹਾਂ ਦਾ ਵਤੀਰਾ ਮਨ ਚਿਤਵਦਾ ਹੈ ਖਾਸ ਕਰਕੇ ਆਧੁਨਿਕ ਭ੍ਰਿਸ਼ਟ ਸਮਾਜ ਵਿੱਚ ਰਹਿੰਦਿਆਂ . ਇੰਝ ਸ਼ਾਇਦ ਹੋਰ ਬਹੁਤ ਲੋਕਾਂ ਅੰਦਰ ਵਾਪਰਦਾ ਹੋਵੇ, ਪਰ ਉਹ ਅਜਿਹੀ ਕਸ਼ਮਕਸ਼ ਨੂੰ ਸ਼ਬਦ ਨਹੀਂ ਦੇ ਪਾਉਂਦੇ . ਇਸ ਕਵਿਤਾ ਵਿੱਚ ਸਿਰਫ ਕੁਝ ਖਿਆਲਾਂ ਵੱਲ ਮੈਂ ਇਸ਼ਾਰੇ ਕਰਾਂਗਾ ਤੇ ਬਾਕੀ ਸਾਰਾ ਕਵਿਤਾ ਪੜ੍ਹ ਕੇ ਸਮਝ ਲੈਣਾ, ਪਰ ਕਸ਼ਮਕਸ਼ ਅੰਦਰਲੇ ਦਰਿਆ ਦੇ ਰੂਪ ਵਿੱਚ:


ਮੇਰੇ ਅੰਦਰ ਇੱਕ ਦਰਿਆ ਵਹਿੰਦਾ
ਮੈਨੂੰ ਆਪਣੇ ਵਿੱਚ ਘੁਲ ਜਾ ਕਹਿੰਦਾ.

ਏਥੇ ਹੁਣ ਤੁਸੀਂ ਮਤਲਬ ਪਾਠਕ ਨੇ ਸੋਚਣਾ ਹੈ ਕਿ ਕਿਵੇਂ?

ਇੰਝ ਇਹ ਮਨ ਦੀਆਂ ਉਡਾਰੀਆਂ ਹੀ ਮਨ ਅੰਦਰ ਇੱਕ ਯੁੱਧ ਛੇੜੀਂ ਬੈਠੀਆਂ ਹਨ. ਰੇਤ ਬਰੇਤ, ਕੱਢੇ, ਗਹਿਰ, ਸ਼ੀਸ਼ਾ ਤੇ ਅੰਬਰ ਕਸ਼ਮਕਸ਼ ਦੇ ਸੰਖੇਪ ਖਿਆਲਾਂ ਨੂੰ ਉਭਾਰਨ ਵਾਲੇ ਸ਼ਬਦ ਹਨ. ਇਹ ਕਸ਼ਮਕਸ਼ ਅਸਲ ਵਿੱਚ ਖ਼ੁਦ ਨਾਲ ਫਿਰ ਭਿੜਦੀ ਹੈ. ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਵਰਤ ਰਹੇ ਵਤੀਰੇ ਵਿੱਚ ਹੀ ਘੁਲ ਜਾਣਾ ਹੈ ਜਾਂ ਆਪਣੇ ਰਾਹ ਬਣਾਉਣ ਲਈ ਕੰਢੇ ਢਾਹੁਣੇ ਹਨ? ਏਨਾ ਕੁ ਪਾਠਕਾਂ ਦੇ ਸਿਰ ਛੱਡ ਦਿੱਤਾ ਗਿਆ ਹੈ . ਇਹ ਕਵਿਤਾਵਾਂ ਮਾਨਵ ਦੇ ਫਿਕਰ ਵਿੱਚ ਲਿਖੀਆਂ ਗਈਆਂ ਹਨ, ਕਿਉਂਕਿ ਅੱਜ ਮਾਨਵ ਸਮੱਸਿਆਵਾਂ ਹੇਠ ਦੱਬਿਆ ਪਿਆ ਹੈ .

ਵੇਖਣ ਨੂੰ ਸਿਰਫ "ਜ਼ਿੰਦਗੀ ਜ਼ਿੰਦਗੀ" ਕਾਵਿ ਸੰਗ੍ਰਹਿ ਦੀ ਦਿੱਖ ਹੀ ਸੁਹਣੀ ਨਹੀਂ, ਇਸ ਅੰਦਰ ਪੇਸ਼ ਖਿਆਲ ਫੁੱਲਾਂ ਵਾਂਗ ਖੁਸ਼ਬੂ ਭਰੇ ਹਨ, ਪਰ ਇਹ ਚੋਭਾਂ ਮਾਰਨ ਵਾਲੇ ਤੇ ਆਲਸ ਨੂੰ ਵੰਗਾਰਨ ਵਾਲੇ ਵੀ ਹਨ. ਬਿਨਾਂ ਸ਼ੱਕ ਇਹ ਤੁਹਾਡੀ ਸੁਰਤਿ ਮੰਗਦੇ ਹਨ. ਕਵਿਤਾ ਦਾ ਤਹਿ ਤੀਕ ਆਨੰਦ ਲੈਣ ਵਾਲੇ ਇਸ ਕਿਤਾਬ ਨੂੰ ਬਹੁਤ ਚਾਹੁਣਗੇ, ਜਿਵੇਂ ਇਹ ਮੈਨੂੰ ਬਹੁਤ ਪਿਆਰੀ ਲੱਗੀ ਹੈ। ਅਰਤਿੰਦਰ ਸੰਧੂ ਅਜਿਹੀ ਖ਼ੂਬਸੂਰਤ ਕਿਤਾਬ ਦੇਣ ਲਈ ਵਧਾਈ ਦੇ ਪਾਤਰ ਹਨ।



## ਪੰਜਾਬ ਦੀ ਭਾਰਤੀ ਧਰਮ ਅਤੇ ਗਿਆਨ-ਪਰੰਪਰਾ ਨੂੰ ਦੇਣ / ਡਾ.ਰੁਪਿੰਦਰ ਕੌਰ

ਪੰਜਾਬ ਦੀ ਭਾਰਤੀ ਧਰਮ-ਪਰੰਪਰਾ ਨੂੰ ਦੇਣ ਮੂਲ ਰੂਪ ਵਿੱਚ ਪੂਰਵ-ਇਤਿਹਾਸਕ ਕਾਲ ਤੋਂ ਆਰੰਭ ਹੁੰਦੀ ਹੈ ਜਿਹੜੀ ਇਤਿਹਾਸਕ-ਕਾਲ, ਵੈਦਿਕ-ਕਾਲ, ਇਤਿਹਾਸਕ ਪੁਰਾਣਿਕ ਕਾਲ ਅਤੇ ਮਹਾਂ-ਕਾਵਿ ਮਿਥੀਕਲ ਧਾਰਮਿਕ-ਕਾਵਿ ਦੇ ਪੈਟਰਨਾਂ ਰਾਹੀਂ ਉਸਰੀ ਧਾਰਮਿਕ ਸੰਕਲਪ-ਚੇਤਨਾ ਰਾਹੀਂ ਨਿਰੰਤਰਤਾ ਗ੍ਰਹਿਣ ਕਰਦੀ ਹੈ।ਵਾਸਤਵ ਵਿੱਚ ਸਦੀਆਂ ਤੋਂ ਚਲੀ ਆ ਰਹੀ ਭਾਰਤੀ ਧਰਮ-ਪਰੰਪਰਾ ਦੀ ਇਤਿਹਾਸਕ ਨਿਰੰਤਰਤਾ ਪੰਜਾਬ ਦੀ ਧਾਰਮਿਕ ਪਰੰਪਰਾ ਦਾ ਹੀ ਮੁਢਲਾ ਇਤਿਹਾਸ ਹੈ।ਜਿਸ ਨਾਲ ਭਾਰਤੀ ਧਰਮ-ਪਰੰਪਰਾ ਇੱਕ ਸਾਂਸਕ੍ਰਿਤਕ ਇਕਾਈ ਦਾ ਰੂਪ ਧਾਰਨ ਕਰਦੀ ਹੈ।ਇਤਿਹਾਸਕ ਰੂਪ ਵਿੱਚ ਇਹ ਹੜੱਪਾ-ਸੱਭਿਅਤਾ ਵਿੱਚ ਪ੍ਰਾਪਤ ਧਾਰਮਿਕ ਚਿੰਨ੍ਹਾਂ ਦੀ ਬਿਰਤਾਂਤਕਾਰੀ ਤੋਂ ਆਰੰਭ ਹੁੰਦੀ ਹੈ ਜਿਹੜੀ ਵੈਦਿਕ-ਕਾਲ ਦੀਆਂ ਭੌਤਿਕੀ ਅਤੇ ਪਰਾ-ਭੌਤਿਕੀ ਬਣਤਰਾਂ ਤੋਂ ਆਧੁਨਿਕ-ਕਾਲ ਦੀਆਂ ਧਾਰਮਿਕ ਬਣਤਰਾਂ ਤੱਕ ਪਸਰੀ ਹੋਈ ਹੈ।ਹੜੱਪਾ-ਸੱਭਿਅਤਾ ਵਿੱਚ ਸ਼ਿਵ ਅਤੇ ਸ਼ਕਤੀ ਦੀਆਂ ਮਿਲੀਆਂ ਮੂਰਤੀਆਂ ਇਹ ਦਰਸਾਉਂਦੀਆਂ ਹਨ ਕਿ ਹੜੱਪਾ ਨਿਵਾਸੀ ਸ਼ਿਵ ਅਤੇ ਮਾਤਾ ਦੀ ਪੂਜਾ ਕਰਦੇ ਸਨ।ਇਸ ਤਰ੍ਹਾਂ ਸ਼ਿਵ-ਪੂਜਾ,ਯੱਗ,ਧਿਆਨ ਅਤੇ ਪੁਰਾਣਿਕ ਪੂਜਾ ਵਿਧੀਆਂ ਹੜੱਪਾ-ਸੱਭਿਅਤਾ ਦੀ ਦੇਣ ਹਨ ਜੋ ਅਗਲੇਰੀਆਂ ਭਾਰਤੀ ਪਰੰਪਰਾਵਾਂ ਦਾ ਆਧਾਰ ਬਣੀਆਂ।

"ਪ੍ਰਾਚੀਨ ਆਰੀਆ ਦੀ ਸੱਭਿਅਤਾ ਅਤੇ ਉਨ੍ਹਾਂ ਦੇ ਸਾਹਿਤ ਨੇ ਇੱਥੇ ਜਨਮ ਲਿਆ ਅਤੇ ਇੱਥੋਂ ਹੀ ਉਨ੍ਹਾਂ ਦਾ ਬਾਹਰ ਨੂੰ ਪਾਸਾਰਾ ਹੋਇਆ ਬਲਕਿ ਇਹ ਭੀ ਕਿ ਆਰੀਆ ਸੱਭਿਅਤਾ ਦੇ ਜਨਮ ਤੋਂ ਭੀ ਪਹਿਲਾਂ ਦੀ ਪੰਜਾਬ ਦੀ ਸੱਭਿਅਤਾ ਵੀ ਉੱਚਤਾ ਦੇ ਸਿਖਰ ਉੱਤੇ ਪਹੁੰਚੀ ਹੋਈ ਸੀ,ਜਿਸ ਦਾ ਕੁਝ ਅੰਦਾਜ਼ਾ ਹੜੱਪਾ ਅਤੇ ਰੋਪੜ ਦੀਆਂ ਖ਼ੁਦਾਈਆਂ ਚੋਂ ਨਿਕਲੀਆਂ ਵਸਤਾਂ ਤੋਂ ਲਾਇਆ ਜਾ ਸਕਦਾ ਹੈ।"1 ਆਰੀਆ ਦੇ ਆਗਮਨ ਨਾਲ ਆਰੀਆ-ਸੱਭਿਅਤਾ ਅਤੇ ਆਰੀਅਨ ਧਰਮ ਦਾ ਆਰੰਭ ਹੁੰਦਾ ਹੈ ਅਤੇ ਆਰੀਅਨ ਆਰੰਭਕ ਗ੍ਰੰਥ ਰਿਗਵੇਦ ਦੀ ਰਚਨਾ ਪੰਜਾਬ ਦੀ ਧਰਤੀ ਉੱਤੇ ਹੋਈ। ਪਰੰਤੂ ਬਾਅਦ ਵਾਲੇ ਵੈਦਿਕ ਮੰਤਰਾਂ ਦੀ ਰਚਨਾ ਪੰਜਾਬ ਤੋਂ ਬਾਹਰ ਹੋਈ ਕਿਉਂਕਿ ਆਰੀਅਨ ਪੰਜਾਬ ਤੋਂ ਹੁੰਦੇ ਹੋਏ ਭਾਰਤ ਦੇ ਹੋਰ ਹਿੱਸਿਆਂ ਤੱਕ ਫ਼ੈਲ ਗਏ ਸਨ।

ਵੈਦਿਕ ਦਰਸ਼ਨ ਅਤੇ ਵੈਦਿਕ ਸਾਂਸਕ੍ਰਿਤਕ ਧਰਮ ਚੇਤਨਾ ਦਾ ਆਰੰਭ ਪੰਜਾਬ ਦੀ ਧਰਤੀ ਉੱਤੇ ਹੋਇਆ।ਰਿਗਵੈਦਿਕ ਮੰਤਰਾਂ ਵਿੱਚ ਧਾਰਮਿਕ ਇਤਿਹਾਸਕ ਤੇ ਮਿਥਿਹਾਸਕ ਸੰਰਚਨਾ ਵਿੱਚ ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ ਦਾ ਵਰਨਣ ਕੀਤਾ ਗਿਆ ਹੈ ਜਿਹਨਾਂ ਵਿੱਚ ਸੋਮ, ਅਗਨੀ, ਇੰਦਰ, ਵਾਯੂ, ਮਾਰੂਤ, ਪ੍ਰਜਨਯਾ, ਵਰੁਣ, ਸੂਰਜ, ਊਸ਼ਾ, ਰਾਤਰੀ ਆਦਿ ਪ੍ਰਾਕਿਰਤਿਕ ਦੇਵਤਿਆਂ ਦੀ ਅਰਾਧਨਾ ਸੰਬੰਧੀ ਮੰਤਰ ਰਿਗਵੇਦ ਦੇ ਭਜਨਾਂ ਵਿੱਚ ਮਿਲਦੇ ਹਨ।ਇਸ ਤਰ੍ਹਾਂ ਇਹਨਾਂ ਭਜਨਾਂ ਦੇ ਅਧਾਰ ਉੱਤੇ ਸਿੱਧ ਹੁੰਦਾ ਹੈ ਕਿ ਰਿਗਵੈਦਿਕ ਧਰਮ-ਪਰੰਪਰਾ ਪ੍ਰਕਿਰਤੀ ਮੁਖੀ ਸੀ ਅਤੇ ਇਹਨਾਂ ਵਿੱਚ ਕਾਰਜਸ਼ੀਲ ਦੇਵ-ਪੁਰਸ਼ ਪ੍ਰਕਿਰਤਿਕ ਦੇਵਤੇ ਸਨ।ਜਿਹਨਾਂ ਦੀ ਇਤਿਹਾਸਕ ਪ੍ਰਮਣਿਕਤਾ ਦੇ ਤੱਥਮੂਲਕ ਵੇਰਵੇ ਵੀ ਮੌਜੂਦ ਹਨ।ਇਸ ਤਰ੍ਹਾਂ ਰਿਗਵੇਦ ਸਮੁੱਚੇ ਰੂਪ ਵਿੱਚ ਭਾਰਤੀ ਧਰਮ-ਪਰੰਪਰਾ ਦਾ ਸ੍ਰੋਤ ਬਣਿਆ ਰਿਹਾ ਹੈ।ਭਾਰਤੀ ਮਿਥਿਹਾਸਕ ਧਰਮ ਸੰਰਚਨਾ ਵਿੱਚ ਰਿਗਵੈਦਿਕ ਦੇਵੀ-ਦੇਵਤੇ ਲੋਕ ਅਵਚੇਤਨ ਦਾ ਅੰਗ ਬਣ ਭਾਰਤੀ ਮਿਥ ਚਿੰਤਨ ਨੂੰ ਟੁੰਬਦੇ ਰਹੇ ਹਨ।

"ਇੰਦਰ ਮੁਢਲੇ ਰੂਪ ਵਿੱਚ ਜ਼ਰੂਰੀ ਤੌਰ 'ਤੇ ਮਨੁੱਖੀ ਨਾਇਕ ਤੇ ਇਕ ਇਤਿਹਾਸਕ ਸ਼ਖਸੀਅਤ ਪ੍ਰਵਾਨ ਕੀਤਾ ਗਿਆ,ਜਿਹੜਾ ਸਮੇਂ ਵਿੱਚ ਹੋਇਆ ਅਤੇ ਜਿਹੜਾ ਸਥਿਤੀ ਨੂੰ ਬੁਲੰਦ ਕਰਦਾ ਹੈ,ਪਹਿਲਾ ਰਾਸ਼ਟਰੀ ਨਾਇਕ ਸੀ ਅਤੇ ਤਦ,ਸਭ ਤੋਂ ਉੱਚਾ ਨਾਇਕ.........।"2

ਆਰਯਕ ਤੇ ਉਪਨਿਸ਼ਦ ਵੇਦਾਂ ਦੇ ਰਹੱਸਮਈ ਅੰਗ ਹਨ ਜਿਨ੍ਹਾਂ ਵਿੱਚ ਦੈਵੀ ਗਿਆਨ,ਆਤਮ-ਗਿਆਨ ਅਤੇ ਮੂਲ-ਤੱਤ ਸ੍ਰਿਸ਼ਟੀ ਦੇ ਗਿਆਨ ਦੇ ਬੀਜ ਪ੍ਰਾਪਤ ਹਨ।ਆਧੁਨਿਕ ਦੌਰ 19ਵੀਂ ਅਤੇ 20ਵੀਂ ਸਦੀ ਵਿੱਚ ਨਵ-ਜਾਗ੍ਰਤੀ ਭਾਰਤੀ ਲਹਿਰਾਂ/ਭਾਰਤੀ ਰਾਸ਼ਟਰੀ ਲਹਿਰਾਂ ਦੌਰਾਨ ਗਿਆਨ ਸੰਕਲਪਾਂ ਧਰਮ,ਅਰਥ,ਦਰਸ਼ਨ ਆਦਿ ਨੂੰ ਵੈਦਿਕ ਆਰੀਆਈ ਰੂਪ ਵਿੱਚ ਕਾਰਜਸ਼ੀਲ ਮੰਨਿਆ ਗਿਆ ਹੈ।ਜਿੱਥੇ ਆਰੀਅਨ ਧਰਮ ਬਣਤਰਾਂ ਨੂੰ ਸਮੁੱਚੇ ਭਾਰਤੀ ਰਾਸ਼ਟਰੀ ਧਰਮ ਵਜੋਂ ਪ੍ਰਮੁੱਖਤਾ ਹਾਸਲ ਹੁੰਦੀ ਹੈ।ਸੰਸਕ੍ਰਿਤ ਆਰੀਅਨ ਭਾਸ਼ਾ ਵਜੋਂ ਉਜਾਗਰ ਹੁੰਦੀ ਹੈ ਜਿਹੜੀ ਭਾਸ਼ਾ ਦਾ ਅਧਾਰ ਵੇਦ ਹਨ ਅਤੇ ਆਰੀਅਨ ਧਰਮ ਭਾਰਤੀ ਰਾਸ਼ਟਰੀ ਧਰਮ ਵਜੋਂ ਸਥਾਪਿਤ ਹੁੰਦਾ ਹੈ।

ਮਹਾਂਕਾਵਿ ਰਮਾਇਣ ਦੇ ਮਿਥਕ ਬਿਰਤਾਂਤ ਦਾ ਜ਼ਿਆਦਾਤਰ ਘਟਨਾਵੀਂ ਸਥਲ ਭਾਵੇਂ ਪੰਜਾਬ ਤੋਂ ਬਾਹਰ ਦਾ ਰਿਹਾ ਹੈ।ਪਰੰਤੂ ਰਮਾਇਣ ਦੀ ਰਚਨਾ ਮਹਾਂਰਿਸ਼ੀ ਬਾਲਮੀਕ ਨੇ ਪੰਜਾਬ ਦੇ ਅੰਮ੍ਰਿਤਸਰ ਸਥਾਨ ਉੱਤੇ ਕੀਤੀ।ਪੂਰਵ ਇਤਿਹਾਸਕ-ਕਾਲ ਦੇ ਇਹ ਮਿਥ-ਬਿਰਤਾਂਤ ਭਾਰਤੀ ਅਵਤਾਰ ਪਰੰਪਰਾ ਦੀ ਉਸਾਰੀ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ।ਇਸ ਮਿਥ-ਬਿਰਤਾਂਤ ਵਿੱਚ ਪਰਾਭੌਤਿਕੀ ਪ੍ਰਸੰਗ ਅਤੇ ਪਰਾਸਰੀਰਕ ਘਟਨਾਵਾਂ ਕਾਰਜ ਕਰਦੀਆਂ ਹਨ।ਪਰੰਤੂ ਮਹਾਂਕਾਵਿ ਮਹਾਂਭਾਰਤ,ਰਮਾਇਣ ਦੀਆਂ ਪਰਾਲੌਕਿਕੀ ਘਟਨਾਵਾਂ ਤੋਂ ਕੁੱਝ ਯਥਾਰਥ ਪੱਧਰ ਉੱਤੇ ਵਿਚਰਦਾ ਦਿਖਾਈ

ਦਿੰਦਾ ਹੈ। ਮਹਾਂਭਾਰਤ ਦਾ ਯੁੱਧ ਪੰਜਾਬ ਵਿੱਚ ਕੁਰੂਕਸ਼ੇਤਰ ਦੀ ਧਰਤੀ ਉੱਤੇ ਲੜਿਆ ਗਿਆ ਜਿੱਥੇ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਉਪਦੇਸ਼ ਦਿੱਤਾ ਅਤੇ ਕਰਮ,ਧਿਆਨ,ਭਗਤੀ,ਯੱਗ ਆਦਿ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਕੀਤੀ ਜੋ ਭਾਰਤੀ ਗਿਆਨ-ਪਰੰਪਰਾ ਦਾ ਹਿੱਸਾ ਹਨ।

ਭਾਰਤੀ ਇਤਿਹਾਸਕ ਬਿਰਤਾਂਤ ਪੁਰਾਣਾ ਦੀ ਜ਼ਿਆਦਾਤਰ ਸਿਰਜਣਾ ਵੀ ਪੰਜਾਬ ਵਿੱਚ ਹੋਈ। ਇਹ ਮੰਨਿਆ ਜਾਂਦਾ ਹੈ ਕਿ ਸ਼ਿਵ-ਪੁਰਾਣ ਅਤੇ ਵਿਸ਼ਨੂੰ-ਪੁਰਾਣ ਦੇ ਰਚੇਤਾ ਮੱਧ-ਪੰਜਾਬ ਦੇ ਵਾਸੀ ਸਨ। ਇਸ ਵਿੱਚ ਪੇਸ਼ ਕੀਤੀਆਂ ਘਟਨਾਵਾਂ ਦ੍ਰਿਸ਼ ਵਰਨਣ ਅਤੇ ਇਸ ਦੇ ਇਤਿਹਾਸਕ ਦਾਰਸ਼ਨਿਕ ਪ੍ਰਬੰਧ ਪੰਜਾਬ ਦੀਆਂ ਧਾਰਮਿਕ ਬਣਤਰਾਂ ਦੇ ਪ੍ਰਸੰਗ ਵਿੱਚ ਕਾਰਜ ਕਰਦੇ ਹਨ। ਇਹ ਪੁਰਾਣਿਕ ਮਿਥਿਹਾਸਕ ਬਿਰਤਾਂਤ ਲੋਕ ਅਵਚੇਤਨ ਦਾ ਅੰਗ ਬਣ ਗਏ ਅਤੇ ਇਹ ਪੁਰਾਣਿਕ ਮਿਥਕ ਇਤਿਹਾਸ ਭਾਰਤੀ ਸਾਹਿਤ,ਸੱਭਿਆਚਾਰ ਅਤੇ ਧਰਮ ਦਾ ਸ੍ਰੋਤ ਬਣ ਗਿਆ। ਇਹ ਨਿਵੇਕਲੀ ਇਤਿਹਾਸਕ ਸਿਰਜਣਾ ਹੈ ਜੋ ਪਰਾਭੌਤਿਕੀ ਅਤੇ ਪਰਾਸਰੀਰਕ ਘਟਨਾਵਾਂ ਨਾਲ ਭਰਪੂਰ ਬਿਰਤਾਂਤ ਹਨ। ਇਸ ਵਿੱਚ ਪ੍ਰਕਿਰਤੀ ਇੱਕ ਇਤਿਹਾਸਕ ਪਾਤਰ ਵਜੋਂ ਕਾਰਜ ਕਰਦੀ ਹੈ। ਬੁੱਧ-ਧਰਮ ਨੇ ਭਾਵੇਂ ਪੰਜਾਬ ਵਿੱਚੋਂ ਜਨਮ ਨਹੀਂ ਲਿਆ ਪਰੰਤੂ ਮਹਾਤਮਾ ਬੁੱਧ ਨੇ ਪੰਜਾਬ ਦਾ ਦੌਰਾ ਕੀਤਾ ਜਿਸ ਨਾਲ ਬੁੱਧ-ਦਰਸ਼ਨ ਨੇ ਪੰਜਾਬ ਦੀ ਧਰਤੀ ਉੱਪਰ ਵਿਕਾਸ ਕੀਤਾ ਅਤੇ ਬੁੱਧ-ਧਰਮ ਨਾਲ ਸੰਬੰਧਿਤ ਕਥਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਲੋਕ-ਚੇਤਨਾ ਦਾ ਅੰਗ ਬਣ ਆਧੁਨਿਕ ਸਮੇਂ ਵਿੱਚ ਵੀ ਪ੍ਰਚੱਲਿਤ ਹਨ।

ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ ਜਿੱਥੋਂ ਵੱਖ-ਵੱਖ ਸਮੇਂ ਹਮਲਾਵਰ ਭਾਰਤ ਉੱਤੇ ਹਮਲੇ ਕਰਦੇ ਰਹੇ। ਇਹਨਾਂ ਹਮਲਾਵਰਾਂ ਦਾ ਧਾਰਮਿਕ ਪਿਛੋਕੜ ਸਾਮੀ ਧਰਮ-ਪਰੰਪਰਾ ਸੀ ਅਤੇ ਇਹਨਾਂ ਨੇ ਇਸ ਧਰਮ-ਪਰੰਪਰਾ ਦੇ ਵਿਕਾਸ ਲਈ ਬਹੁਤ ਯਤਨ ਕੀਤੇ। ਇਸ ਨਾਲ ਭਾਰਤ ਵਿੱਚ ਇਸਲਾਮ ਦਾ ਵਿਕਾਸ ਹੋਇਆ ਜਿਸ ਦਾ ਮੁੱਢ ਪੰਜਾਬ ਤੋਂ ਹੀ ਬੱਝਾ। ਇਸਲਾਮੀ ਧਰਮ-ਪਰੰਪਰਾ ਦੇ ਨਾਲ ਸੂਫ਼ੀ-ਪਰੰਪਰਾ ਨੇ ਵੀ ਪੰਜਾਬੀ ਸੱਭਿਆਚਾਰ ਉੱਤੇ ਪ੍ਰਭਾਵ ਪਾਇਆ ਜੋ ਪਿੱਛੋਂ ਭਾਰਤੀ ਸੱਭਿਆਚਾਰ ਦਾ ਵੀ ਹਿੱਸਾ ਬਣ ਗਈ।

" ਪੰਜਾਬ ਵਿਚ ਇਸਲਾਮਿਕ ਰਾਜ ਸਥਾਪਿਤ ਹੋਣ ਤੋਂ ਪਹਿਲਾਂ ਵੀ ਸੂਫ਼ੀ ਫ਼ਕੀਰ ਵਪਾਰੀ ਟੋਲਿਆਂ ਨਾਲ ਆਉਂਦੇ ਰਹਿੰਦੇ ਸਨ ਅਤੇ ਸੂਫ਼ੀ ਮੱਤ ਦੀ ਚੇਤਨਾ ਦਾ ਪ੍ਰਚਾਰ ਕਰਕੇ ਪੰਜਾਬੀਆਂ ਨੂੰ ਆਪਣੇ ਅਨੁਯਾਈ ਬਣਾਉਂਦੇ ਰਹਿੰਦੇ ਸਨ। ਈਮਾਮ ਨਗਰੁਦੀਨ ਨੇ ਜਲੰਧਰ ਨੂੰ ਆਪਣੇ ਪ੍ਰਚਾਰ ਦਾ ਕੇਂਦਰ ਬਣਾਇਆ ਸੀ।"3

ਸਿੱਖ-ਧਰਮ ਦਾ ਉਦੈ ਮੱਧਕਾਲ ਵਿੱਚ ਹੋਇਆ,ਜਿਸ ਦੇ ਧਾਰਮਿਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਧਾਰਮਿਕ ਤੇ ਦਾਰਸ਼ਨਿਕ ਸਥਾਪਨਾਵਾਂ ਦੇ ਪੈਰਾਮੀਟਰ ਆਧੁਨਿਕ-ਕਾਲ ਵਿੱਚ ਵੀ ਪ੍ਰਕਿਰਿਆਸ਼ੀਲ ਹਨ। ਇਸ ਧਾਰਮਿਕ ਤੇ ਗਿਆਨਾਤਮਕ ਦਰਸ਼ਨ ਨੇ ਭਾਰਤੀ ਸੰਸਕ੍ਰਿਤੀ ਨੂੰ ਸੇਧ ਦਿੱਤੀ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਜੀ ਤੱਕ ਸਿੱਖ-ਧਰਮ ਨੇ ਪੰਜਾਬ ਹੀ ਨਹੀਂ ਸਗੋਂ ਭਾਰਤੀ ਰਾਜਨੀਤੀ,ਧਰਮ ਅਤੇ ਸਾਂਸਕ੍ਰਿਤਕ ਚੇਤਨਾ ਨੂੰ ਬਹੁਤ ਪ੍ਰਭਾਵਿਤ ਕੀਤਾ। ਖ਼ਾਲਸਾ ਦੀ ਸਿਰਜਣਾ ਨਾਲ ਪੰਜਾਬੀ ਅਤੇ ਭਾਰਤੀ ਧਰਮ ਅਤੇ ਗਿਆਨ-ਪਰੰਪਰਾ ਵਿੱਚ ਨਵਾਂ ਮੋੜ ਆਇਆ। ਇਸ ਲੰਮੇ ਦੌਰ ਵਿੱਚ ਸਿੱਖ ਦਰਸ਼ਨ ਲੋਕ-ਜੀਵਨ ਦਾ ਅੰਗ ਬਣ ਗਿਆ ਅਤੇ ਸਿੱਖ ਰਹਿਤ ਮਰਿਆਦਾ ਨਾਲ ਉਸਾਰੂ ਲੋਕ-ਚੇਤਨਾ ਦਾ ਆਰੰਭ ਹੋਇਆ। ਇਸ ਤਰ੍ਹਾਂ ਪੰਜਾਬ ਨੇ ਭਾਰਤੀ ਧਰਮ ਅਤੇ ਗਿਆਨ-ਪਰੰਪਰਾ ਦੇ ਆਰੰਭ ਅਤੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਿਸ ਦੀ ਇਤਿਹਾਸਕ ਪ੍ਰਮਾਣਿਕਤਾ ਦਾ ਸਾਂਸਕ੍ਰਿਤਕ ਕੀਮਤ-ਪ੍ਰਬੰਧ ਪ੍ਰਤਿਮਾਨਕ ਤੌਰ ਉੱਤੇ ਸਮਕਾਲੀ ਭਾਰਤੀ ਧਰਮ ਅਤੇ ਗਿਆਨ-ਪਰੰਪਰਾ ਵਿੱਚ ਮੌਜੂਦ ਹੈ।

**ਹਵਾਲੇ ਅਤੇ ਟਿੱਪਣੀਆਂ**


1. ਡਾ.ਮਹਿੰਦਰ ਸਿੰਘ ਰੰਧਾਵਾ, ਪੰਜਾਬ, ਭਾਸ਼ਾ ਵਿਭਾਗ, ਪੰਜਾਬ, 2021,ਪੰਨਾ-1.

2. Buddha Prakash,Evolution of Heroic Tradition in Ancient Punjab, Publication Bureau, Punjabi University Patiala, 2001, p-11

3. ਡਾ.ਕਰਮ ਸਿੰਘ, ਮੱਧਕਾਲੀਨ ਪੰਜਾਬ ਦੀ ਧਰਮ ਚੇਤਨਾ, ਭਾਸ਼ਾ ਵਿਭਾਗ, ਪੰਜਾਬ, 2002, ਪੰਨਾ-194.

**ਮਕਾਨ ਨੰ: ਡੀ-3,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**



# ਭਾਰਤ ਵਿਚ ਸੂਫ਼ੀਵਾਦ ਦੀ ਆਮਦ ਅਤੇ ਸਥਿਤੀ / ਸ਼ਹਿਜੀਤ ਸਿੰਘ ਕੰਗ

ਸੂਫ਼ੀਵਾਦ ਇਸਲਾਮ ਦੇ ਅੰਦਰੂਨੀ ਅਤੇ ਗੂੜ੍ਹ ਪੱਖ ਨੂੰ ਦਰਸਾਉਂਦਾ ਹੈ। ਇਸਲਾਮਿਕ ਜੀਵਨ ਦਾ ਸਭ ਤੋਂ ਮਹੱਤਵਪੂਰਨ ਫ਼ਿਰਕਾ ਸੂਫ਼ੀਆਂ ਦਾ ਹੈ ਜੋ ਇਸਲਾਮੀ ਰਹੱਸਵਾਦ ਦੇ ਵਿਸ਼ਵਾਸਾਂ ਅਤੇ ਰੀਤਾਂ ਨੂੰ ਅੱਗੇ ਤੋਰਦਾ ਹੈ। ਸੂਫ਼ੀਆਂ ਦੀ ਜੀਵਨ-ਸ਼ੈਲੀ ਇਸਲਾਮ ਦੇ ਧਾਰਮਿਕ ਜੀਵਨ ਨੂੰ ਯਥਾਰਥਕ ਰੂਪ ਪ੍ਰਦਾਨ ਕਰਦੀ ਹੈ। ਸੂਫ਼ੀਵਾਦ ਇਕ ਵਿਸ਼ਾਲ ਦਾਰਸ਼ਨਿਕ ਸੰਕਲਪ ਹੈ। "ਸੂਫ਼ੀਮਤ ਇਕ ਰੂਹਾਨੀ ਵਿਚਾਰਧਾਰਾ ਹੈ, ਜਿਸ ਦਾ ਸੰਬੰਧ ਰੱਬੀ ਇਸ਼ਕ ਨਾਲ ਹੈ, ਇਸੇ ਕਰਕੇ ਕਾਮਿਲ ਸੂਫ਼ੀ ਦਰਵੇਸ਼ਾਂ ਨੇ ਇਸ ਨੂੰ ਮਜ਼ਹਬੇ ਇਸ਼ਕ ਵੀ ਕਿਹਾ ਹੈ ਜੋ ਸਭ ਮਜ਼ਹਬਾਂ ਨਾਲੋਂ ਨਿਰਾਲਾ ਹੈ। ਜਿਸ ਦੇ ਅਮਲ ਨੇਕ ਹੋਣ ਅਤੇ ਕਲਬ ਵਿਚ ਸਚਾਈ ਹੋਵੇ, ਉਹ ਹੀ ਸੂਫ਼ੀ ਕਹਿਲਾਉਣ ਦਾ ਹੱਕਦਾਰ ਹੈ।"1 "ਸੂਫ਼ੀਵਾਦ ਦਾ ਅਸਲ ਮਤਲਬ ਦੋ ਗੱਲਾਂ ਉਪਰ ਨਿਰਭਰ ਹੈ ਪਹਿਲੀ ਅਨੁਸਾਰ ਜ਼ਰੂਰੀ ਹੈ ਕਿ ਸੂਫ਼ੀ ਆਪਣੇ ਮਨ ਨੂੰ ਮਾਰ ਚੁੱਕਾ ਹੋਵੇ; ਉਸਦਾ ਦਿਲ ਸਾਫ਼ ਹੋਵੇ; ਲੋਭ ਅਤੇ ਲਾਲਚ ਉੱਪਰ ਕਾਬੂ ਪਾ ਚੁੱਕਾ ਹੋਵਾ; ਹਜ਼ਰਤ ਪੈਗੰਬਰ ਸਾਹਿਬ ਦੇ ਚਰਨ-ਚਿੰਨ੍ਹਾਂ ਦਾ ਅਨੁਸਾਰੀ ਹੋਵੇ; ਹੋਰ ਸਾਰੇ ਸੰਬੰਧ ਤੋੜ ਕੇ ਸਿਰਫ਼ ਅੱਲਾਹ ਨਾਲ ਸੰਬੰਧ ਜੋੜ ਚੁੱਕਾ ਹੋਵੇ ਅਤੇ ਹਰ ਵੇਲੇ ਰੱਬ ਦੀ ਯਾਦ ਵਿਚ ਲੀਨ ਰਹਿੰਦਾ ਹੋਵੇ।"2

ਭਾਰਤ ਵਿਚ ਸੂਫ਼ੀਵਾਦ ਦੀ ਪਰੰਪਰਾ 13ਵੀਂ ਸਦੀ ਦੇ ਕਰੀਬ ਸਥਾਪਤ ਹੋ ਚੁੱਕੀ ਸੀ। ਵਿਕਾਸਸ਼ੀਲ ਸੂਫ਼ੀਵਾਦ ਦੇ ਪ੍ਰਮਾਣਿਕ ਗ੍ਰੰਥਾਂ, ਜਿਨ੍ਹਾਂ ਵਿਚ ਫ਼ਾਰਸੀ ਦੇ ਰਹੱਸਵਾਦੀ ਸ਼ਾਇਰਾਂ ਦੀਆਂ ਮਹਾਨ ਰਚਨਾਵਾਂ ਸ਼ਾਮਲ ਸਨ, ਨੂੰ ਕੁਝ ਮੰਨੇ ਪ੍ਰਮੰਨੇ ਸੂਫ਼ੀਆਂ ਦੁਆਰਾ ਲੋਕ-ਪ੍ਰਿਯ ਬਣਾਇਆ ਗਿਆ। ਸਭ ਤੋਂ ਪ੍ਰਭਾਵਿਤ ਕਰਨ ਵਾਲ਼ੀਆਂ ਰਚਨਾਵਾਂ ਅਬੁ-ਤਾਲਿਬ-ਅਲ-ਮਾਦੀ, ਅਬੂ-ਕਾਸਿਮ-ਅਲ ਕਾਸ਼ਾਇਰੀ, ਅਬੂ ਹਾਮਿਦ ਅਲ-ਗਜ਼ਾਲੀ, ਸ਼ਹਾਬੁਦੀਨ ਉਮਰ ਸੁਹਰਾਵਰਦੀ, ਐਨ-ਅਲ-ਕੁਜ਼ਾਤ ਹਮਦਾਨੀ ਅਤੇ ਨਜਾਮੁਦੀਨ ਦੀਆਂ ਹਨ। ਇਬਨੇ-ਅਲ-ਅਰਬੀ ਅਤੇ ਅਲ-ਜ਼ਿਲੀ ਦੀਆਂ ਕਿਰਤਾਂ ਸਿਰਜਣਾ ਨੇ ਨਾਲ ਹੀ ਹਿੰਦੋਸਤਾਨ ਵਿਚ ਪਹੁੰਚ ਗਈਆਂ।

16ਵੀਂ ਸਦੀ ਦੇ ਅੰਤ ਤੀਕ ਭਾਰਤ ਵਿਚ ਸੂਫ਼ੀਆਂ ਦੇ ਕਰੀਬ ਬਾਰਾਂ ਸਿਲਸਿਲਿਆਂ ਦੀ ਹੋਂਦ ਸੀ ਜਿਨ੍ਹਾਂ ਵਿਚ ਸਭ ਤੋਂ ਮਸ਼ਹੂਰ ਚਿਸ਼ਤੀ, ਸੁਹਰਾਵਾਦੀ, ਕਾਦਰੀ ਅਤੇ ਨਕਸ਼ਬੰਦੀ ਸਨ। ਸਿਲਸਿਲਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਲੜੀ ਅਤੇ ਸੂਫ਼ੀਵਾਦ ਵਿਚ ਇਹ ਅਧਿਆਤਮਿਕ ਉਤਰਾਅ-ਚੜ੍ਹਾਅ ਨੂੰ ਦਰਸਾਉਂਦਾ ਹੈ। ਇਹ ਲੜੀ ਸਦੀਆਂ ਤੋਂ ਚੱਲਦੀ ਹੈ। ਇਹ ਉਸ ਗੁਰੂ ਤੋਂ ਸ਼ੁਰੂ ਹੁੰਦੀ ਹੈ ਜੋ ਆਪਣੀ ਰਹੱਸਵਾਦੀ ਸਿਆਣਪ ਆਪਣੇ ਚੇਲਿਆਂ ਨੂੰ ਸੌਂਪਦਾ ਹੈ ਅਤੇ ਉਹ ਅੱਗੇ ਆਪਣੇ ਚੇਲਿਆਂ ਨੂੰ।

ਭਾਰਤੀ ਸੂਫ਼ੀਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਸੂਫ਼ੀ ਸਾਹਿਤ ਵਿਚ ਸੁਦੇਸ਼ੀ ਰੂਪ ਵਿਕਸਤ ਕੀਤਾ, ਖਾਸ ਕਰ ਉਦੋਂ ਜਦੋਂ ਸ਼ੇਖ਼ ਦੀ ਚੜ੍ਹਤ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੀ ਸੀ। ਸੂਫ਼ੀਆਂ ਨੇ ਰੱਬ ਦੀ ਸਰਬਵਿਆਪਕਤਾ ਅਤੇ ਸਦੀਵਤਾ ਉਤੇ ਜ਼ੋਰ ਦਿੱਤਾ ਜਦੋਂ ਕਿ ਉਸ ਵਕਤ ਦੇ ਉਲਮਾਂ ਰੱਬ ਦੀ ਸਰਬ ਸ਼ਕਤੀ ਅਤੇ ਬੇਅੰਤਤਾ ਉਤੇ ਜ਼ੋਰ ਦੇ ਰਹੇ ਸਨ। ਉਲਮਾ ਦੇ ਸੰਕਲਪ ਮੁਤਾਬਿਕ ਵਿਅਕਤੀ ਦਾ ਰੱਬ ਨਾਲ ਸਬੰਧ ਨੌਕਰ ਅਤੇ ਮਾਲਕ ਵਾਲਾ ਹੈ ਜਦੋਂ ਕਿ ਸੂਫ਼ੀਆਂ ਦੇ ਸੰਕਲਪ ਵਿਚ ਇਹ ਪ੍ਰੇਕਾ ਤੇ ਉਸਦੇ ਪ੍ਰੇਮੀ ਦੇ ਪਿਆਰ ਤੇ ਮੋਹ ਵਾਲਾ ਹੈ। ਨਤੀਜੇ ਵਜੋਂ ਸੂਫ਼ੀਆਂ ਦਾ ਮੁੱਖ ਨਿਸ਼ਾਨਾ ਸਵਰਗ ਦੀ ਪ੍ਰਾਪਤੀ ਨਹੀਂ ਸਗੋਂ ਰੱਬ ਨਾਲ ਮੇਲ ਦੀ ਪ੍ਰਾਪਤੀ ਸੀ। ਸੂਫ਼ੀ ਪੰਜ ਵਕਤ ਦੀ ਨਮਾਜ਼ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ ਸਗੋਂ ਉਹ ਹਰ ਪਲ ਖ਼ੁਦਾ ਨੂੰ ਯਾਦ ਰੱਖਣ ਉਤੇ ਬਲ ਦਿੰਦੇ ਹਨ। ਰਮਜ਼ਾਨ ਦੇ ਮਹੀਨੇ ਦੌਰਾਨ ਰੋਜ਼ੇ ਰੱਖਣ ਦੀ ਬਜਾਏ ਸੂਫ਼ੀ ਆਪਣੇ ਸਮੁੱਚੇ ਜੀਵਨ ਵਿਚ ਸਾਧਨਾ ਅਤੇ ਸਾਦਗੀ ਉੱਤੇ ਜ਼ੋਰ ਦਿੰਦੇ ਹਨ। ਜ਼ਕਾਤ ਦੀ ਵਕਾਲਤ ਕਰਨ ਦੀ ਬਜਾਏ ਉਨ੍ਹਾਂ ਨੇ ਨਿੱਜ ਦੀਆਂ ਪਦਾਰਥਕ ਵਸਤੂਆਂ ਨੂੰ ਤਿਆਗਣ ਦੇ ਆਦਰਸ਼ ਦੀ ਵਕਾਲਤ ਕੀਤੀ। ਭਾਰਤ ਵਿਚ ਸੂਫ਼ੀ ਸ਼ੇਖ ਖ਼ਾਨਗਾਹ ਵਿਚ ਆਉਣ ਵਾਲੇ ਲੋਕਾਂ ਅਤੇ ਖ਼ਾਨਗਾਹ ਵਿਚ ਰਹਿੰਦੇ ਸ਼ਰਧਾਲੂਆਂ ਅਤੇ ਫ਼ਕੀਰਾਂ ਲਈ ਲੰਗਰ ਦੇ ਦੁਆਰ ਹਮੇਸ਼ਾਂ ਖੁੱਲ੍ਹੇ ਰੱਖਦੇ ਸਨ ਅਤੇ ਆਪਣੇ ਖਾਣ ਲਈ ਕੁਝ ਵੀ ਨਹੀਂ ਸਨ ਬਚਾਉਂਦੇ।

ਭਾਰਤੀ ਸੂਫ਼ੀਆਂ ਦੀਆਂ ਲਿਖਤਾਂ ਵਿਚ ਪੀਰਾਂ ਦੀਆਂ ਖ਼ਾਨਗਾਹਾਂ ਦੀ ਜ਼ਿਆਰਤ ਨੂੰ ਮੱਕੇ ਦੀ ਜ਼ਿਆਰਤ ਦੇ ਤੁੱਲ ਗਣਿਆ ਗਿਆ ਹੈ। ਉਲਮਾ ਸੰਗੀਤ ਸੁਣਨ ਨੂੰ ਸ਼ਰ੍ਹਾ ਵਿਰੋਧੀ ਗਿਣਦੇ ਸਨ, ਪਰੰਤੂ ਸੂਫ਼ੀਆਂ ਵੱਲੋਂ ਰੱਬ ਨਾਲ ਮਿਲਾਪ ਖਾਤਰ ਸੰਗੀਤ ਨੂੰ ਸਭ ਤੋਂ ਜ਼ਿਆਦਾ ਅਹਿਮੀਅਤ ਦਿੱਤੀ ਗਈ। ਬਹੁਤ ਸਾਰੀਆਂ ਖ਼ਾਨਗਾਹਾਂ ਵਿਚ ਸ਼ੇਖ਼, ਉਨ੍ਹਾਂ ਦੇ ਮੁਰੀਦ ਅਤੇ ਆਮ ਲੋਕ ਉਨ੍ਹਾਂ ਕਵਾਲਾਂ ਨੂੰ ਸੁਣਦੇ ਸਨ ਜਿਹੜੇ ਰਹੱਸਵਾਦੀ ਰਚਨਾਵਾਂ ਨੂੰ ਗਾਉਂਦੇ ਸਨ। ਗ਼ੈਰ-ਮੁਸਲਮਾਨਾਂ ਪ੍ਰਤੀ ਸੂਫ਼ੀਆਂ ਦਾ ਵਿਹਾਰ ਆਮ ਕਰਕੇ ਸਹਿਣਸ਼ੀਲਤਾ ਵਾਲਾ ਸੀ। ਸ਼ੇਖ਼ ਨਿਜ਼ਾਮੁਦੀਨ ਨੇ ਮੁਸਲਮਾਨ ਹਾਕਮਾਂ ਵੱਲੋਂ ਗ਼ੈਰ-ਮੁਸਲਮਾਨਾਂ ਉੱਤੇ ਆਇਦ ਜਜ਼ੀਏ ਵਰਗੇ ਜ਼ੁਲਮ ਨੂੰ ਰੱਦ ਕੀਤਾ। ਚਿਸ਼ਤੀ ਸ਼ੇਖ਼ ਹਿੰਦੂਆਂ ਨਾਲ ਸੰਪਰਕ ਰੱਖਣ ਜਾਂ ਉਨ੍ਹਾਂ ਨਾਲ ਧਾਰਮਿਕ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਨ ਤੋਂ ਕਤਰਾਉਂਦੇ ਨਹੀਂ ਸਨ। ਜੋਗੀਆਂ ਨਾਲ ਸੂਫ਼ੀਆਂ ਦੇ ਸਬੰਧਾਂ ਦੀ ਗੱਲ ਤਾਂ ਆਮ ਹੀ ਵੇਖੀ ਜਾ ਸਕਦੀ ਹੈ। 13ਵੀਂ ਸਦੀ ਤੋਂ ਬਾਅਦ ਉੱਤਰੀ ਭਾਰਤ ਵਿਚ ਬਹੁਤ ਸਾਰੇ ਸੂਫ਼ੀਆਂ ਤੇ ਸ਼ੇਖ਼ਾਂ ਨੇ ਜਨ ਸਾਧਾਰਨ ਨਾਲ ਗੋਸ਼ਟੀਆਂ ਰਚਾਉਣ ਅਤੇ ਸੂਫ਼ੀ ਰਚਨਾਵਾਂ ਸਿਰਜਣ ਵਕਤ ਲੋਕਾਂ ਦੀ ਭਾਸ਼ਾ, ਜਿਸ ਨੂੰ ਉਹ ਹਿੰਦਵੀ ਕਹਿੰਦੇ ਸਨ, ਦੀ ਵਰਤੋਂ ਸ਼ੁਰੂ

ਕਰ ਦਿੱਤੀ। ਇਸ ਪ੍ਰਕਿਰਿਆ ਰਾਹੀਂ ਸੂਫ਼ੀ ਪਰੰਪਰਾ ਦਾ ਸੁਦੇਸ਼ੀਕਰਨ ਹੋਇਆ।

ਮੁਸਲਿਮ ਹਮਲਾਵਰਾਂ ਨੇ ਭਾਰਤ ਵਿਚ ਆਪਣੀ ਆਮਦ ਦੌਰਾਨ ਮਾਰਧਾੜ ਵਾਲੀ ਨੀਤੀ ਅਖ਼ਤਿਆਰ ਕੀਤੀ ਹੋਈ ਸੀ ਪਰੰਤੂ ਭਾਰਤੀ ਸਮਾਜ ਵਿਚ ਵਿਭਿੰਨ ਸੰਸਥਾਵਾਂ ਨਾਲ ਮੇਲ-ਜੋੜ ਬਣਾਉਣ ਖ਼ਾਤਰ ਧੀਰਜ, ਪਿਆਰ ਤੇ ਮਾਨਵਵਾਦੀ ਵਿਚਾਰਾਂ ਦੀ ਜ਼ਰੂਰਤ ਸੀ। ਭਾਰਤੀ ਸਮਾਜ ਜਾਤ-ਪਾਤ ਅਤੇ ਸਥਾਨਿਕ ਰਾਜਿਆਂ, ਅਮੀਰਾਂ ਤੇ ਜਗੀਰਦਾਰਾਂ ਦੇ ਜ਼ੁਲਮ ਤੋਂ ਪਹਿਲਾਂ ਹੀ ਅੱਕਿਆ ਹੋਇਆ ਸੀ। ਇਸ ਤੋਂ ਰਾਹਤ ਦਿਵਾਉਣ ਖ਼ਾਤਰ ਮੁਸਲਮਾਨ ਹਮਲਾਵਰਾਂ ਦੀਆਂ ਫ਼ੌਜੀ ਯਤਨ ਕੋਈ ਬਦਲ ਨਹੀਂ ਬਣ ਸਕਦੀਆਂ ਸਨ। ਇਸ ਦਾ ਸਿੱਟਾ ਇਕ ਕੱਟੜ ਤੇ ਜ਼ਾਲਮ ਰਾਜੇ ਤੇ ਜਗੀਰਦਾਰ ਦੀ ਥਾਂ ਤੇ ਦੂਸਰੇ ਕੱਟੜ ਅਤੇ ਜ਼ਾਲਮ ਜਗੀਰਦਾਰ ਦਾ ਆਉਣਾ ਹੀ ਹੋ ਸਕਦਾ ਸੀ। ਪਰੰਤੂ ਦੂਜੇ ਗੇੜ ਦੀਆਂ ਫ਼ੌਜੀ ਮੁਹਿੰਮਾਂ ਦੌਰਾਨ ਮੁਸਲਮਾਨ ਹਮਲਾਵਰਾਂ ਨਾਲ ਇਸਲਾਮੀ ਵਿਚਾਰਧਾਰਾ ਦੇ ਰਹੱਸਵਾਦੀ ਪਹਿਲੂਆਂ ਨੂੰ ਪ੍ਰਣਾਏ ਸੂਫ਼ੀ ਵੀ ਨਾਲ ਆਏ ਅਤੇ ਉਨ੍ਹਾਂ ਨੇ ਆਪਣੇ ਪਿਆਰ, ਸਨੇਹ, ਸਹਿਣਸ਼ੀਲਤਾ ਤੇ ਨਰਮਾਈ ਨਾਲ ਜਾਤਪਾਤ ਤੇ ਲੁੱਟ-ਖਸੁੱਟ ਦਾ ਸ਼ਿਕਾਰ ਹੋਈ ਆਮ ਜਨਤਾ ਨੂੰ ਇਸਲਾਮ ਨਾਲ ਜੋੜਿਆ। ਸੂਫ਼ੀਆਂ ਦੀ ਇਸ ਪਹਿਲ ਨੇ ਭਾਰਤੀ ਸਮਾਜ ਦੀਆਂ ਵਿਭਿੰਨ ਸੰਸਥਾਵਾਂ ਨੂੰ ਪ੍ਰਭਾਵਿਤ ਕੀਤਾ। ਇਸ ਪ੍ਰਭਾਵ ਸਦਕਾ ਭਾਰਤੀ ਸਮਾਜ ਵਿਚ ਵਿਚਰਦਾ ਮਨੁੱਖ ਉਨ੍ਹਾਂ ਸਮਾਜਿਕ, ਧਾਰਮਿਕ ਤੇ ਆਰਥਿਕ ਪ੍ਰਬੰਧਾਂ ਤੋਂ ਵਾਕਫ਼ ਹੋਇਆ ਜਿਨ੍ਹਾਂ ਨੇ ਥੋੜ੍ਹੀ ਬਹੁਤੀ ਸਮਾਜਿਕ ਬਰਾਬਰੀ ਦੇ ਪਹਿਲੂਆਂ ਨਾਲ ਸੰਬੰਧਿਤ ਸੰਸਥਾਵਾਂ ਨੂੰ ਜਨਮ ਦਿੱਤਾ। ਮੁਸਲਮਾਨ ਹਮਲਾਵਰਾਂ ਨਾਲੋਂ ਸੂਫ਼ੀਆਂ ਦੀ ਭੂਮਿਕਾ ਬਾਰੇ ਸਰ ਹੈਮਿਲਟਨ ਗਿਬ ਦਾ ਕਥਨ ਹੈ ਕਿ, "ਇਹ ਸੂਫ਼ੀ ਲਹਿਰ ਹੀ ਸੀ ਜਿਸ ਦੀਆਂ ਰਗਾਂ ਵਿਚ ਮੁਸਲਮਾਨੀ ਜੀਵਨ ਲਹੂ ਵਧੇਰੇ ਬਲ ਨਾਲ ਚੱਲਦਾ ਸੀ।"3 ਇਸਲਾਮ ਭਾਰਤ ਵਿਚ ਜੇਤੂ ਫ਼ੌਜਾਂ ਨਾਲ ਆਇਆ ਅਤੇ ਇਸ ਨੂੰ ਇੱਥੇ ਭਾਰਤ ਦੇ ਉਸ ਸਭਿਆਚਾਰ ਤੇ ਸਭਿਅਤਾ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਪਹਿਲੀਆਂ ਸਦੀਆਂ ਵਿਚ ਇਸ ਦਾ ਕੋਈ ਸਬੰਧ ਨਹੀਂ ਸੀ। ਰਹੱਸਵਾਦੀ ਅਨੁਭਵ ਤੋਂ ਬਿਨਾਂ ਇਨ੍ਹਾਂ ਦੋਹਾਂ ਧਰਮਾਂ ਦਾ ਹੋਰ ਕੋਈ ਸਾਂਝਾ ਖੇਤਰ ਵੀ ਨਹੀਂ ਸੀ।

ਮੁਸਲਿਮ ਹਮਲਾਵਰਾਂ ਨਾਲੋਂ ਜ਼ਿਆਦਾ ਸੂਫ਼ੀਆਂ ਦੀ ਭੂਮਿਕਾ ਨੂੰ ਧਰਮ ਪਰਿਵਰਤਨ ਦਾ ਕਾਰਨ ਦਸਦੇ ਹੋਏ ਡਾ. ਸ਼ਾਰਧਾ ਲਿਖਦੇ ਹਨ ਕਿ " ਭਾਰਤ ਵਿਚ ਮੁਸਲਮਾਨ ਹਮਲਾਵਰਾਂ ਦੇ ਸਬੰਧ ਵਿਚ ਇਕ ਗੱਲ ਸਪਸ਼ਟ ਹੈ ਕਿ ਉਨ੍ਹਾਂ ਦੇ ਹਮਲੇ ਧਰਮ ਪ੍ਰਚਾਰ ਜਾਂ ਲੋਕਾਈ ਦੀ ਸੁੱਖ ਸ਼ਾਂਤੀ ਅਤੇ ਖ਼ੁਸ਼ਹਾਲੀ ਲਈ ਨਹੀਂ ਸਨ। ਮੁਹੰਮਦ ਬਿਨ ਕਾਸਿਮ (730 ਈ.) ਤੋਂ ਲੈ ਕੇ ਮੁਹੰਮਦ ਗ਼ਜ਼ਨਵੀ (997 ਈ. ਤੋਂ 1030 ਈ.) ਦੇ 32 ਵਰ੍ਹਿਆਂ ਦੌਰਾਨ ਹੋਏ 17 ਹਮਲੇ ਇਸ ਗੱਲ ਦੀ ਤਸਦੀਕ ਕਰਦੇ ਹਨ। ਗ਼ਜ਼ਨਵੀ ਦੇ ਹੱਲਿਆਂ ਦੌਰਾਨ ਲੁੱਟਮਾਰ, ਜ਼ੋਰ ਜ਼ਬਰਦਸਤੀ, ਕਤਲੋਗਾਰਤ, ਔਰਤਾਂ ਦੀ ਬੇਹੁਰਮਤੀ ਆਦਿ ਦੇ ਡਰੋਂ ਅਨੇਕਾਂ ਹਿੰਦੂ ਹਾਕਮਾਂ ਨੇ ਮੁਸਲਮਾਨ ਧਰਮ ਨੂੰ ਧਾਰਨ ਕਰ ਲਿਆ ਸੀ। ਉਹ ਪਿੱਛੋਂ ਜਾ ਕੇ ਫਿਰ ਹਿੰਦੂ ਬਣ ਗਏ।4"

ਮੱਧ ਏਸ਼ੀਆ ਵਿਚ ਸੂਫ਼ੀਆਂ ਉਤੇ ਹੋਈ ਜ਼ਬਰਦਸਤੀ ਕਾਰਨ ਸੂਫ਼ੀਆਂ ਨੇ ਭਾਰਤ ਵਿਚ ਆਪਣੇ ਪ੍ਰਵੇਸ਼ ਦੌਰਾਨ ਸਹਿਣਸ਼ੀਲਤਾ ਅਤੇ ਹਮਦਰਦੀ ਵਾਲੀ ਭਾਵਨਾ ਨੂੰ ਇਸਲਾਮੀ ਪਰਿਵਰਤਨ ਖ਼ਾਤਰ ਚੁਣਿਆ। ਮੱਧ ਏਸ਼ੀਆ ਵਿਚ ਵੀ ਹਾਲਾਤ ਭਾਰਤ ਵਰਗੇ ਹੀ ਸਨ ਕਿਉਂਕਿ ਉੱਥੇ ਮੰਗੋਲਾਂ ਦੀ ਜ਼ੋਰ ਜ਼ਬਰਦਸਤੀ ਚੱਲ ਰਹੀ ਸੀ। ਜਿਸ ਦੀ ਵਜ੍ਹਾ ਕਰਕੇ ਸੂਫ਼ੀ ਸਿਲਸਿਲਿਆਂ ਨਾਲ ਸਬੰਧਿਤ ਹਸਤੀਆਂ ਨੇ ਭਾਰਤ ਵੱਲ ਮੂੰਹ ਕੀਤਾ। ਉਸ ਵਕਤ ਦੀ ਇਤਿਹਾਸਕ ਸਥਿਤੀ ਨੂੰ ਬਾਬਾ ਫ਼ਰੀਦ ਦੇ ਸੰਦਰਭ ਵਿਚ ਵਿਚਾਰਦਿਆਂ ਪ੍ਰਿੰ. ਗੁਰਬਚਨ ਸਿੰਘ ਤਾਲਿਬ ਦਾ ਵਿਚਾਰ ਹੈ ਕਿ " ਫ਼ਰੀਦ ਦੇ ਵਡੇਰਿਆਂ ਨੇ ਮੱਧ ਏਸ਼ੀਆ ਵਿਚੋਂ ਆਪਣਾ ਘਰ 12ਵੀਂ ਸਦੀ ਵਿਚ ਉਸ ਵਕਤ ਛੱਡਿਆ ਜਦੋਂ ਮੰਗੋਲ, ਜਿਨ੍ਹਾਂ ਅਜੇ ਮੁਸਲਮਾਨ ਧਰਮ ਗ੍ਰਹਿਣ ਨਹੀਂ ਸੀ ਕੀਤਾ, ਆਪਣੇ ਆਦਿ ਕਾਲੀ ਸੁਭਾਵਿਕ ਜੋਸ਼ ਨਾਲ ਉੱਠੇ ਤੇ ਉਨ੍ਹਾਂ ਮੁਸਲਮਾਨ ਦੁਨੀਆ ਦੇ ਵਿਸ਼ਾਲ ਖੇਤਰਾਂ ਨੂੰ ਉਜਾੜਿਆ। ਪੰਜਾਬ ਦਾ ਕੁਝ ਹਿੱਸਾ ਉਸ ਵਕਤ ਗ਼ਜ਼ਨਵੀ ਦੇ ਅਧੀਨ ਸੀ ਅਤੇ ਮੁਸਲਮਾਨ ਧਰਤ ਦੇ ਕੁਝ ਕੇਂਦਰ ਪੰਜਾਬ ਵਿਚ ਵਿਕਸਤ ਹੋ ਚੁੱਕੇ ਸਨ, ਵਿਸ਼ੇਸ਼ ਕਰ ਲਾਹੌਰ, ਮੁਲਤਾਨ ਅਤੇ ਉੱਚ। ਮੰਗੋਲ ਧਾਵਿਆਂ ਦੇ ਉਜਾੜੇ ਪਿੱਛੋਂ ਵਿਦਵਾਨਾਂ ਤੇ ਫ਼ਕੀਰਾਂ ਨੇ ਇਨ੍ਹਾਂ ਇਲਾਕਿਆਂ ਵੱਲ ਰੁੱਖ ਕੀਤਾ ਅਤੇ ਇੱਥੇ ਇਨ੍ਹਾਂ ਨੂੰ ਸੁਰੱਖਿਆ ਅਤੇ ਨਵਾਂ ਘਰ ਮਿਲਿਆ।"5

12ਵੀਂ ਸਦੀ ਦੇ ਅਖੀਰਲੇ ਸਮੇਂ ਵਿਚ ਗ਼ੋਰੀ ਭਾਰਤ ਵਿਚ ਆਏ ਅਤੇ ਉਨ੍ਹਾਂ ਨੇ 13ਵੀਂ ਸਦੀ ਦੇ ਆਰੰਭ ਵਿਚ ਸਾਰਾ ਉੱਤਰੀ ਭਾਰਤ ਜਿੱਤ ਲਿਆ। 1160 ਈ. ਵਿਚ ਪੰਜਾਬ ਵਿਚਲੇ ਖੁਸਰੋ ਸ਼ਾਹ ਗ਼ਜ਼ਨਵੀ ਦੇ ਰਾਜ ਨੂੰ ਅੱਲ੍ਹਾਉਦੀਨ ਘੁਰ(ਗ਼ੌਰੀ) ਨੇ ਖੋਹ ਲਿਆ। ਉਸ ਵੰਸ਼ ਵਿਚੋਂ ਸ਼ਹਾਬੁਦੀਨ ਮੁਹੰਮਦ ਗ਼ੌਰੀ ਨੇ ਈਰਾਨ, ਖ਼ੁਰਾਸਾਨ ਤੇ ਭਾਰਤ ਉੱਤੇ ਗ਼ਜ਼ਨਵੀ ਘਰਾਣੇ ਦੀ ਥਾਂ ਗ਼ੌਰੀ ਘਰਾਣੇ ਦਾ ਰਾਜ ਸਥਾਪਿਤ ਕੀਤਾ। ਮੁਹੰਮਦ ਗ਼ੌਰੀ ਨੂੰ ਇਕ ਗੱਖੜ ਵੱਲੋਂ ਕਤਲ ਕਰਨ ਤੋਂ ਬਾਅਦ ਪੰਜਾਬ ਅਤੇ ਭਾਰਤ ਵਿਚ ਗ਼ੁਲਾਮ ਘਰਾਣੇ ਦਾ ਰਾਜ ਸਥਾਪਿਤ ਹੋਇਆ ਜਿਸ ਦਾ ਮੋਢੀ ਕੁਤਬਦੀਨ ਐਬਕ ਸੀ ਇਸੇ ਵੰਸ਼ ਵਿਚੋਂ ਅਲਤਮਸ਼, ਉਸ ਦੀ ਧੀ ਰਜ਼ੀਆ, ਬਲਬਲ ਆਦਿ 1290 ਈ. ਤੀਕ ਤਖ਼ਤ ਉਤੇ ਕਾਬਜ਼ ਰਹੇ।"ਇਸ ਸਮੇਂ ਤੱਕ ਹਿੰਦੂਆਂ ਵਿਚ ਸਿੱਧ, ਨਾਥ, ਜੋਗੀ ਅਤੇ ਮੁਸਲਮਾਨਾਂ ਵਿਚ ਸੂਫ਼ੀ ਬਹੁਤ ਸਤਿਕਾਰਯੋਗ ਹਸਤੀ ਦੇ ਮਾਲਕ ਸਨ ਇਹੀ ਬਲਬਨ ਨੇ ਵਜ਼ੀਰ ਹੁੰਦਿਆਂ ਵੀ ਆਪਣੀ

ਲੜਕੀ ਬਾਬਾ ਫ਼ਰੀਦ ਨੂੰ ਵਿਆਹੀ।"6

ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ ਮੁਤਾਬਿਕ ਇਸ ਵਕਤ ਤਸੱਵਫ਼ ਦੇ ਦੋ ਵੱਡੇ ਅਧਾਰ ਸਨ ਸਹਵ ਅਤੇ ਸ਼ੁਕਰ। ਸਹਵ ਅਰਬੀ ਵਿਚ ਸੰਜਮ ਦੇ ਅਰਥ ਦਾ ਧਾਰਨੀ ਹੈ। ਸ਼ੁਕਰ ਅਰਬੀ ਵਿਚ ਨਸ਼ੇ, ਮਸਤੀ, ਖ਼ੁਮਾਰੀ ਆਦਿ ਦਾ ਲਖਾਇਕ ਹੈ। ਸਹਵ ਤੋਂ ਭਾਵ ਹੈ ਸ਼ਰੀਅਤ ਅਤੇ ਇਹ ਨਿਮਾਜ਼, ਰੋਜ਼ੇ ਅਤੇ ਪਰਹੇਜ਼ਗਾਰੀ ਦਾ ਮਾਰਗ ਹੈ। ਬਾਬਾ ਫ਼ਰੀਦ ਇਸ ਪੰਧ ਦੇ ਪੰਧਾਉ ਸਨ। ਬਾਬਾ ਫ਼ਰੀਦ ਦੇ ਸਮੇਂ ਤੀਕ ਸਹਵ ਵਾਲੀ ਪਰੰਪਰਾ ਪਰਪੱਕ ਹੋ ਚੁੱਕੀ ਸੀ ਪਰ ਉਸ ਦੇ ਨਾਲ ਨਾਲ ਸ਼ੁਕਰ ਜਾਂ ਮਸਤੀ ਵਾਲੀ ਪਰੰਪਰਾ ਵੀ ਸਿਰ ਚੁੱਕ ਰਹੀ ਸੀ ਜਿਸ ਦਾ ਸ਼ਰੀਅਤ ਨਿਵਾਜ਼ ਧਾਰਮਿਕ ਲੋਕ ਵਿਰੋਧ ਕਰ ਰਹੇ ਸਨ।7

ਹਿੰਦੁਸਤਾਨ ਵਿਚ ਸੂਫ਼ੀਆਂ ਨੂੰ ਮਾਨਤਾ ਦੇਣ ਦੀ ਗੱਲ ਮੁਗ਼ਲ ਦੌਰ ਦੇ ਹਵਾਲਿਆਂ ਵਿਚ ਵੀ ਮਿਲਦੀ ਹੈ। ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਲੋਕ-ਪ੍ਰਿਯਾ ਗ੍ਰੰਥ, ਸ਼ਿਅਰ-ਅਲ-ਔਲੀਆਂ ਅਤੇ ਸ਼ਿਆਰ-ਉਲ-ਆਰਫ਼ੀਨ', 1350 ਅਤੇ 1500 ਈ. ਦਰਮਿਆਨ ਲਿਖੇ ਗਏ। 16ਵੀਂ ਸਦੀ ਦੇ ਅੱਧ ਤੋਂ ਪਹਿਲਾਂ ਹੀ ਹਿੰਦੋਸਤਾਨੀ-ਮੁਸਲਿਮ ਸਮਾਜ ਦੇ ਸਮੁੱਚੇ ਵਰਗਾਂ ਵਿਚ ਸੂਫ਼ੀਵਾਦ ਪ੍ਰਵੇਸ਼ ਕਰ ਚੁੱਕਾ ਸੀ। ਸੂਫ਼ੀ ਸ਼ੇਖ਼ਾਂ ਤੋਂ ਇਸਲਾਮ ਗ੍ਰਹਿਣ ਕਰਨ ਵਾਲੇ ਦਸਤਕਾਰ ਉਨ੍ਹਾਂ ਨੂੰ ਆਪਣੇ ਪੀਰ ਮੰਨਣ ਲੱਗ ਪਏ ਸਨ ਅਤੇ ਇਸ ਪੀਰਾਂ ਦਾ ਮੱਤ ਜਾਂ ਸੰਪਰਦਾਇ ਆਪਣਾ ਆਧਾਰ ਕਾਇਮ ਕਰ ਚੁੱਕਾ ਸੀ। ਮੱਧਵਰਗੀ ਜਮਾਤਾਂ ਨਾਲ ਸੰਬੰਧਿਤ ਲੋਕ ਜਿਵੇਂ ਸਿਪਾਹੀ, ਵਿਦਵਾਨ, ਵਪਾਰੀ ਆਦਿ ਅਕਸਰ ਹੀ ਪੀਰਾਂ ਦੀਆਂ ਦਰਗਾਹਾਂ ਉੱਤੇ ਹਾਜ਼ਰੀ ਭਰਦੇ ਸਨ। ਸਰਕਾਰੀ ਰੁਤਬਿਆਂ ਵਾਲੇ ਵੱਡੇ ਲੋਕ ਵੀ ਗੈਰ-ਰਸਮੀ ਤੌਰ'ਤੇ ਇਕ ਜਾਂ ਦੂਜੇ ਸ਼ੇਖ਼ ਨੂੰ ਆਪਣਾ ਮੁਰਸ਼ਦ ਮੰਨਦੇ ਸਨ।

ਸੂਫ਼ੀ ਸ਼ੇਖ਼ਾਂ ਨਾਲ ਹੁਕਮਰਾਨਾਂ ਦੀ ਸੰਗਤ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਭਾਰਤੀ ਮੁਸਲਮਾਨਾਂ ਵਿਚ ਇਨ੍ਹਾਂ ਸੂਫ਼ੀ ਸ਼ੇਖ਼ਾਂ ਦੀ ਜਗ੍ਹਾ ਬਣ ਚੁੱਕੀ ਸੀ। ਹੁਕਮਰਾਨ ਵਰਗ ਦੀ ਸੂਫ਼ੀ ਸ਼ੇਖ਼ਾਂ ਦੇ ਨਜ਼ਦੀਕ ਜਾਣ ਦੀ ਵਜ੍ਹਾ ਸਿਆਸੀ ਵੀ ਸੀ ਜਿਸ ਦਾ ਮੰਤਵ ਭਾਰਤੀ ਮੁਸਲਮਾਨਾਂ ਵਿਚ ਸੂਫ਼ੀ ਸ਼ੇਖ਼ਾਂ ਰਾਹੀਂ ਆਪਣਾ ਪ੍ਰਭਾਵ ਵਧਾਉਣ ਸੀ। ਭਾਵੇਂ ਸੂਫ਼ੀ ਦਰਵੇਸ਼ ਕਈ ਵਾਰੀ ਇਸ ਰੁਝਾਨ ਨੂੰ ਪਸੰਦ ਵੀ ਨਹੀਂ ਸਨ ਕਰਦੇ। 14ਵੀਂ ਸਦੀ ਵਿਚ ਜਿਆਉਦੀਨ ਬਾਰਾਨੀ ਨੇ ਅਫ਼ਸੋਸ ਜ਼ਾਹਰ ਕੀਤਾ ਸੀ ਕਿ ਅੱਲ੍ਹਾਉਦੀਨ ਖ਼ਲਿਜੀ ਦੀ ਹਕੂਮਤ ਦੌਰਾਨ ਇਹ ਕਦੇ ਨਹੀਂ ਸੀ ਹੋਇਆ ਕਿ ਸੁਲਤਾਨ ਖ਼ੁਦ ਸੂਫ਼ੀ ਦਰਵੇਸ਼ ਨਿਜ਼ਾਮੁਦੀਨ ਕੋਲ ਜਾਵੇ ਜਾਂ ਫਿਰ ਉਸ ਨੂੰ ਸੱਦਾ ਦੇਵੇ।

15ਵੀਂ ਅਤੇ 16ਵੀਂ ਸਦੀ ਦੌਰਾਨ ਹੁਕਮਰਾਨ ਬਾਦਸ਼ਾਹ ਆਪਣੇ ਸਬੰਧ ਸ਼ੇਖ਼ਾਂ ਨਾਲ ਜੋੜਨ ਲਈ ਹਮੇਸ਼ਾਂ ਚਿੰਤਤ ਰਹਿੰਦੇ ਸਨ। ਬਾਬਰ ਆਪਣੇ ਆਪ ਨੂੰ ਕਲੰਦਰ ਅਤੇ ਦਰਵੇਸ਼ ਕਹਾ ਕੇ ਮਾਣ ਮਹਿਸੂਸ ਕਰਦਾ ਸੀ, ਹਮਾਯੂੰ ਦੀ ਸ਼ੇਖ਼ ਬਹਿਲੋਲ ਨਾਲ ਨੇੜਤਾ ਬਹੁਤ ਮਸ਼ਹੂਰ ਸੀ। ਪਰੰਤੂ ਜ਼ਿਆਦਾਤਰ ਸੂਫ਼ੀ ਸ਼ੇਖ਼ ਸੁਲਤਾਨਾਂ ਤੋਂ ਪਰ੍ਹੇ ਰਹਿਣ ਦੀ ਕੋਸ਼ਿਸ਼ਾਂ ਕਰਦੇ ਸਨ। ਖ਼ਾਲਿਕ ਅਹਿਮਦ ਨਿਜ਼ਾਮੀ ਮੁਤਾਬਿਕ ਮੁੱਢਲੇ ਮੱਧਕਾਲੀ ਦੌਰ ਵਿਚ ਸੁਲਤਾਨਾਂ ਵੱਲੋਂ ਰਹੱਸਵਾਦੀਆਂ/ਸੂਫ਼ੀਆਂ ਦੇ ਦਿਲ ਜਿੱਤਣ ਦੀਆਂ ਕੋਸ਼ਿਸ਼ਾਂ ਦਾ ਚਿਸ਼ਤੀ ਸਿਲਸਿਲੇ ਦੇ ਸੂਫ਼ੀ ਵਿਰੋਧ ਕਰਦੇ ਸਨ ਕਿਉਂਕਿ ਸੂਫ਼ੀਆਂ ਨਾਲ ਨਜ਼ਦੀਕੀ ਸਬੰਧ ਬਣਾ ਕੇ ਸੁਲਤਾਨ ਲੋਕਾਈ ਉੱਤੇ ਪ੍ਰਭਾਵ(ਸੂਫ਼ੀਆਂ ਰਾਹੀਂ) ਪਾਉਣ ਦੀਆਂ ਤਰਕੀਬਾਂ ਬਣਾਉਂਦੇ ਰਹਿੰਦੇ ਸਨ। ਇਸੇ ਕਰਕੇ ਬਾਅਦ ਵਿਚ ਥੋੜ੍ਹੇ ਬਹੁਤੇ ਸੂਫ਼ੀਆਂ ਜਾਂ ਸ਼ੇਖ਼ਾਂ ਨੇ ਜਗੀਰਾਂ ਅਤੇ ਸ਼ਾਹੀ ਨਜ਼ਰਾਨੇ ਵੀ ਕਬੂਲ ਕਰ ਲਏ।

ਭਾਰਤ ਵਿਚ ਬਹੁਤ ਸਾਰੇ ਸੂਫ਼ੀ ਸੰਤਾਂ ਨੇ ਸੂਫ਼ੀਮਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪਣਾ ਯੋਗਦਾਨ ਪਾਇਆ। ਸੂਫ਼ੀਵਾਦ ਨੇ ਭਾਰਤੀ ਸਮਾਜ ਵਿਚ ਉਦੋਂ ਆਪਣਾ ਸਥਾਨ ਬਣਾਇਆ ਜਦੋਂ ਭਾਰਤ ਦੀ ਭਗਤੀ ਲਹਿਰ ਆਪਣੇ ਸਿਖਰ'ਤੇ ਸੀ। ਸੂਫ਼ੀਵਾਦ ਇਸਲਾਮ ਦੀ ਹੀ ਰਹੱਸਵਾਦੀ ਲਹਿਰ ਹੈ ਜੋ ਬਾਹਰੀ ਦਿਖਾਵੇ ਵਿਚ ਵਿਸ਼ਵਾਸ ਨਹੀਂ ਰੱਖਦੀ ਬਲਕਿ ਅੰਦਰਲੇ ਦਿਲ ਦੇ ਹਾਲ ਉੱਤੇ ਜ਼ੋਰ ਦਿੰਦੀ ਹੈ। ਭਾਰਤ ਵਿਚ ਸੂਫ਼ੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਰਵੱਈਆ ਨਿੱਘਾ ਅਤੇ ਸਹਿਣਸ਼ੀਲਤਾ ਵਾਲਾ ਰੱਖਿਆ। ਲੋਕਾਈ ਨਾਲ ਮੇਲ ਮਿਲਾਪ ਅਤੇ ਪ੍ਰੇਮ ਦੀ ਨੀਤੀ ਨੇ ਸੂਫ਼ੀ ਦਰਵੇਸ਼ਾਂ ਨੂੰ ਆਮ ਲੋਕਾਂ ਵਿਚ ਹਰਮਨ ਪਿਆਰਾ ਬਣਾਇਆ।

**ਹਵਾਲੇ**


1. ਪ੍ਰੋ. ਗੁਰਚਰਨ ਸਿੰਘ ਤਲਵਾੜਾ, ਸੂਫ਼ੀਮਤ ਸੰਕਲਪ ਕੋਸ਼, ਪੰਨਾ 154
2. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ 69
3. Gib; Hamilton------ P3 in K.A. Nizami's Book, Life and time of Farid-Ud-Din"
4. Sharda S.K. (Dr.) Sufi Thought, P-52
5. Talib, G.S. (Ed.) Baba Sheikh Farid: Life And Teaching, P-9
6. ਸ.ਸ. ਅਮੋਲ, ਬਾਬਾ ਫ਼ਰੀਦ: ਜੀਵਨ ਅਤੇ ਰਚਨਾ, ਪੰਨਾ 22
7. ਪ੍ਰਿੰ. ਗੁਰਬਚਨ ਸਿੰਘ ਤਾਲਿਬ, ਬਾਬਾ ਸ਼ੇਖ਼ ਫ਼ਰੀਦ ਜੀ ਦੇ ਤਸੱਵੁਫ਼ ਦੀ ਨੁਹਾਰ (ਖੋਜ ਪੱਤਰ), ਪੰਨਾ 7



**ਸਹਾਇਕ ਪ੍ਰੋਫ਼ੈਸਰ,**
**ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ,**
**ਫ਼ਤਿਹਗੜ੍ਹ ਸਾਹਿਬ।**

# ਮਾਨਵੀ ਚੇਤਨਾ ਨੂੰ ਹਲੂਣਦੀ ਵਾਰਤਕ : 'ਪਿੰਡ ਤਾਂ ਗੁਆਚ ਗਿਆ' / ਡਾ. ਜਸਪਾਲਜੀਤ

ਡਾ. ਨਰਿੰਦਰਜੀਤ ਬਰਾੜ ਕਵੀ ਅਤੇ ਆਲੋਚਕ ਹੈ। ਹਥਲੀ ਪੁਸਤਕ 'ਪਿੰਡ ਤਾਂ ਗੁਆਚ ਗਿਆ' ਉਸ ਦੀ ਵਾਰਤਿਕ ਪੁਸਤਕ ਹੈ। ਇਸ ਪੁਸਤਕ ਵਿੱਚ ਉਸ ਨੇ ਪਿੰਡ ਦੇ ਚਿਹਨ੍ਹ ਰਾਹੀਂ ਸਾਡੇ ਵਰਤਮਾਨ ਜੀਵਨ ਵਿੱਚੋਂ ਕਾਰਜਸ਼ੀਲ ਅਜਿਹੇ ਅਨੇਕਾਂ ਤੱਤਾਂ/ਵਰਤਾਰਿਆਂ ਨੂੰ ਬੜੀ ਕਲਾਤਮਿਕਤਾ ਨਾਲ ਚਿਤਰਿਆ ਗਿਆ ਹੈ ਜਿਨ੍ਹਾਂ ਦੇ ਗੁੰਮ ਹੋਣ ਨਾਲ ਮਾਨਵੀਂ ਜੀਵਨ ਵਿੱਚੋਂ ਬਹੁਤ ਕੁਝ ਗੁੰਮ-ਗੁਆਚ ਗਿਆ ਹੈ। ਵਰਤਮਾਨ ਜੀਵਨ ਵਿੱਚ ਮਾਨਵੀਂ

ਕਦਰਾਂ-ਕੀਮਤਾਂ ਅਤੇ ਸੰਵੇਦਨਾ ਨੂੰ ਖੰਡਿਤ ਕਰਨ ਵਾਲੀਆਂ ਘਟਨਾਵਾਂ/ਪ੍ਰਬੰਧਾਂ ਤੇ ਉਹ ਵਿਅੰਗ ਵੀ ਕਰਦਾ ਹੈ ਅਤੇ ਕਿਤੇ-ਕਿਤੇ ਕਰੁਣਾ ਦੇ ਭਾਵ ਵੀ ਵਿਅਕਤ ਕਰਦਾ ਹੈ। ਉਸ ਦੇ ਇਨ੍ਹਾਂ ਲੇਖਾਂ ਵਿੱਚ ਪਿਛਲ ਝਾਤ ਵੀ ਹੈ ਅਤੇ ਭਵਿੱਖ ਪ੍ਰਤੀ ਚਿੰਤਾ ਵੀ ਹੈ। ਉਹ ਆਪਣੀ ਤਾਰੀਰਕ ਦ੍ਰਿਸ਼ਟੀ ਰਾਹੀਂ ਘਟਨਾਵਾਂ/ਪ੍ਰਬੰਧਾਂ ਵਿੱਚ ਪਏ ਤੱਤਾਂ ਦੀ ਸਪਸ਼ਟ ਨਿਸ਼ਾਨ ਦੇਹੀ ਵੀ ਕਰਦਾ ਹੈ ਅਤੇ ਨਾਲ ਦੀ ਨਾਲ ਉਹ ਸਮਾਜ ਅਤੇ ਪ੍ਰਬੰਧਾਂ ਦੀ ਪੁਨਰ-ਉਸਾਰੀ ਦੀ ਕਲਪਨਾ ਵੀ ਕਰਦਾ ਹੈ। ਮਨੁੱਖ ਦੀ ਪਦਾਰਥਵਾਦੀ ਦ੍ਰਿਸ਼ਟੀ ਅਤੇ ਵਿਸ਼ਵੀ ਵਰਤਾਰਿਆਂ ਦੀ ਵਪਾਰਕ ਪਹੁੰਚ ਨੂੰ ਉਹ ਮਾਨਵੀਂ ਕਦਰਾਂ-ਕੀਮਤਾਂ ਅਤੇ ਪ੍ਰਬੰਧਾਂ ਦੇ ਵਿਖੰਡਿਤ ਕਰਨ ਵਾਲਾ ਕੇਂਦਰੀ ਤੱਤ ਮੰਨਦਾ ਹੈ। ਉਸਦੇ ਇਹ ਲੇਖ ਭਾਵੇਂ ਇਕਹਿਰੇ ਅਤੇ ਸਰਲ ਹਨ ਪ੍ਰੰਤੂ ਇੰਨ੍ਹਾਂ ਅੰਦਰਲੇ ਪੇਸ਼ ਤੱਤਾਂ ਅਤੇ ਤੱਥਾਂ ਦੀ ਸਹਿਜ ਪੇਸ਼ਕਾਰੀ ਇੰਨ੍ਹਾਂ ਲੇਖਾਂ ਨੂੰ ਰੋਚਿਕਤਾ ਅਤੇ ਗਹਿਰਾਈ ਪ੍ਰਦਾਨ ਕਰਦੀ ਹੈ। ਪੂੰਜੀਵਾਦੀ ਪ੍ਰਬੰਧ ਦੀ ਮਾਨਵੀਂ ਜੀਵਨ ਉੱਤੇ ਵਧਦੀ ਪਕੜ ਸਾਡੀਆਂ ਮਾਨਵੀਂ ਕਦਰਾਂ-ਕੀਮਤਾਂ ਨੂੰ ਪਤਨ ਵੱਲ ਲਿਜਾ ਰਹੀ ਹੈ ਉੱਥੇ ਇਹ ਵਰਤਾਰੇ ਮਨੁੱਖ ਦੇ ਚਰਿੱਤਰ ਨੂੰ ਵੀ ਲਗਾਤਾਰ ਖੰਡਿਤ ਕਰ ਰਹੇ ਹਨ।

ਨਰਿੰਦਰਜੀਤ ਦੇ ਇਨ੍ਹਾਂ ਲੇਖਾਂ ਦੀ ਇਹ ਹੀ ਚਿੰਤਾ ਹੈ। ਪੰਜਾਬ ਅੰਦਰ ਵੱਧ ਰਿਹਾ ਨਸ਼ਾ, ਡੇਰਾਵਾਦ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਜਾਤੀਵਾਦੀ ਅਨੈਤਿਕਤਾ ਮਾਨਵ ਅੰਦਰ ਖੰਡਿਤ ਹੋ ਰਹੀ ਮਾਨਵਤਾ ਪੈਸੇ ਦੀ ਭਾਵਨਾ, ਖੁਦਗਰਜ਼ੀ ਪੂੰਜੀਵਾਦੀ ਕੀਮਤਾਂ ਦਾ ਸੱਤਾ ਦੇ ਕਬਜ਼ਾ ਆਦਿ ਅਜਿਹੇ ਵਿਸ਼ੇ ਹਨ ਜੋ ਇਨ੍ਹਾਂ ਲੇਖਾਂ ਦੇ ਕੇਂਦਰ ਵਿੱਚ ਰਹਿੰਦੇ ਹਨ। ਨਰਿੰਦਰਜੀਤ ਦਾ ਤਰਕ ਹੈ ਕਿ ਜਿੱਥੇ ਇਸ ਦਾ ਕਾਰਨ ਬੇਰੁਜ਼ਗਾਰੀ ਹੈ ਉਥੇ ਇਸ ਦੇ ਕਈ ਕਾਰਨ ਸਾਡੇ ਵਿੱਦਿਅਕ ਪ੍ਰਬੰਧ ਅੰਦਰ ਵੀ ਪਏ ਹਨ। ਸਮਾਜਿਕ ਪੱਧਰ ਤੇ ਜਦੋਂ ਅਸੀਂ ਵੇਖਦੇ ਹਾਂ ਤਾਂ ਸਾਡਾ ਇਹ ਵਿਦਿੱਅਕ ਪ੍ਰਬੰਧ ਵੀ ਸਮਾਂਤਰ ਅਵਸਥਾ ਵਿੱਚ ਨਹੀਂ ਹੈ। ਸੱਤਾ ਦੀ ਦੋਗਲੀ ਨੀਤੀ ਕਾਰਨ ਅੱਜ ਅਧਿਆਪਕ ਦਾ ਸਮਾਜਿਕ ਰੁਤਬਾ ਵੀ ਉਹ ਨਹੀਂ ਰਿਹਾ। ਸੱਤਾ ਦੇ ਮਾਨਵ ਵਿਰੋਧੀ ਵਿਹਾਰ ਕਾਰਨ ਹੀ ਅਸੀਂ ਨਾ ਹੀ ਵਿੱਦਿਅਕ ਪ੍ਰਬੰਧ ਦੀ ਸਹੀ ਉਸਾਰੀ ਕਰ ਸਕੇ ਅਤੇ ਨਾ ਹੀ ਸਿਹਤ ਪ੍ਰਬੰਧਾਂ ਦੀ ਸਹੀ ਸਿਰਜਨਾ ਕਰ ਸਕੇ ਹਾਂ। ਸੱਤਾ ਅਤੇ ਸੱਤਾਧਾਰੀਆਂ ਦੇ ਨਿੱਜੀ ਅਤੇ ਲੁਕਵੇਂ ਅਜੰਡੇ ਸਾਨੂੰ ਘਟਦੀਆਂ ਘਟਨਾਵਾਂ ਤੋਂ ਵੀ ਸਮਝ ਨਹੀਂ ਆਉਂਦੇ। ਇਨ੍ਹਾਂ ਵਰਤਾਰਿਆਂ ਨੇ ਹੀ ਰਿਸ਼ਵਤਖੋਰੀ ਦੀ ਭਾਵਨਾ ਪੈਦਾ ਕੀਤੀ ਹੋਈ ਹੈ। ਰਿਸ਼ਵਤਖੋਰੀ ਦੀ ਇਸ ਭਾਵਨਾ ਨੇ ਮਾਨਵ ਅੰਦਰੋਂ ਮਾਨਵੀਂ ਗੁਣਾਂ ਨੂੰ ਖੰਡਿਤ ਕਰ ਦਿੱਤਾਹੈ ਜਿਸ ਕਰਕੇ ਮਨੁੱਖ ਅੰਦਰ ਪਦਾਰਥ ਦੀ ਭੁੱਖ ਵੱਧ ਗਈ ਹੈ ਜਿਸ ਕਰਕੇ ਉਸ ਨੇ ਆਪਣੇ ਆਪ ਨੂੰ ਪੈਸਾ ਅਧਾਰਿਤ ਕੀਮਤਾਂ ਤੇ ਕੇਂਦਰਿਤ ਕਰ ਲਿਆ ਹੈ। ਇਸ ਤਰ੍ਹਾਂ ਮਨੁੱਖ ਸਮਾਜਿਕ ਰਿਸ਼ਤਿਆਂ ਤੋਂ ਵੀ ਦੂਰ ਹੋ ਰਿਹਾ ਹੈ ਅਤੇ ਮਾਨਸਿਕ ਤੌਰ ਤੇ ਤਣਾਉ ਤੋਂ ਮੁਕਤ ਨਹੀਂ ਹੋ ਰਿਹਾ। ਸਥਿਤੀ ਦੀ ਵਿੰਡਬਨਾ ਇਹ ਹੈ ਕਿ ਮਨੁੱਖ ਹਰ ਵਸਤੂ ਵਰਤਾਰੇ ਵਿੱਚ ਨਿੱਜੀ ਲਾਭ ਦੀ ਤਲਾਸ਼ ਕਰ ਰਿਹਾ ਹੈ। ਮਨੁੱਖ ਦੀ ਪੈਸਾਵਾਦੀ ਰੁਚੀ ਕਾਰਨ ਹੇਠਲੇ ਵਰਗ ਅੰਦਰ ਲਗਾਤਾਰ ਗਰੀਬੀ ਵੱਧ ਰਹੀ ਹੈ। ਗਰੀਬ ਮਨੁੱਖ ਆਪਣੀਆਂ ਤਕਲੀਫ਼ਾਂ ਦਾ ਤੋੜ ਅਧਿਆਤਮ ਵਿੱਚ ਤਲਾਸ਼ ਰਿਹਾ ਹੈ ਜਿਸ ਦੇ ਸਿੱਟੇ ਵੱਜੋਂ ਪੰਜਾਬ ਅੰਦਰ ਡੇਰਾਵਾਦ ਫੈਲ ਰਿਹਾ ਹੈ। ਪੰਜਾਬੀ ਬੰਦੇ ਦੀ ਬੌਧਿਕ ਕੰਗਾਲੀ ਇਸ ਕਦਰ ਹੈ ਕਿ ਇੱਕੀਵੀਂ ਸਦੀ ਵਿੱਚ ਵੀ ਉਹ ਗੁਰਬਾਣੀ ਦੀ ਵਿਚਾਰਧਾਰਾ ਨੂੰ ਆਪਣੇ ਅੰਦਰ ਆਤਮਸਾਤ ਨਹੀਂ ਕਰ ਸਕਿਆ। ਜਿਸਦੇ ਫਲਸਰੂਪ ਪੰਜਾਬ ਅੰਦਰ ਰੋਜ਼ ਜਾਤੀਵਾਦੀ ਘਟਨਾਵਾਂ ਘਟਦੀਆਂ ਹਨ ਜੋ ਕਿ ਬਹੁਤ ਮੰਦਭਾਗੀ ਸਥਿਤੀ ਹੈ।

ਨਰਿੰਦਰਜੀਤ ਦੇ ਇਸ ਤਰ੍ਹਾਂ ਦੇ ਲੇਖ ਮਾਨਵੀ ਚੇਤਨਾ ਤੇ ਤਿੱਖੇ ਵਿਅੰਗ ਕਰਦੇ ਹਨ। ਉਹ ਆਪਣੇ ਇਨ੍ਹਾਂ ਲੇਖਾਂ ਰਾਹੀਂ ਗੁਰਬਾਣੀ ਦੇ ਵਿਚਾਰਧਾਰਕ ਪਹਿਲੂਆਂ ਨੂੰ ਤਾਰਕਿਕ ਧਰਾਤਲ ਤੇ ਖੜ੍ਹ ਕੇ ਇਨ੍ਹਾਂ ਨੂੰ ਆਪਣੇ ਜੀਵਨ ਵਿੱਚ ਢਾਲਣ ਦੀ ਪ੍ਰੇਰਨਾ ਦਿੰਦਾ ਹੈ। ਆਪਣੇ ਇੰਨ੍ਹਾਂ ਲੇਖਾਂ ਰਾਹੀਂ ਉਹ ਨਿਰੰਤਰ ਬਦਲਦੇ ਯਥਾਰਥ ਦੇ ਦ੍ਰਿਸ਼ਾਂ ਰਾਹੀਂ ਮਨੁੱਖ ਨੂੰ ਆਪਣੇ ਅੰਦਰੋਂ ਕੁਝ ਗੁਆਚ ਰਹੇ ਵੱਲ ਸੰਕੇਤ ਕਰਦਾ ਹੈ। 'ਪਿੰਡ' ਸਾਡੇ ਸਭਿੱਆਚਾਰਕ ਵਿੱਚ ਅਜਿਹਾ ਚਿਹਨ੍ਹ ਹੈ ਜਿੱਥੇ ਸਾਡੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਪਸਾਰ ਸੀ ਪ੍ਰੰਤੂ ਵਰਤਮਾਨ ਯੁੱਗ ਦੀ ਵਪਾਰਕ ਦ੍ਰਿਸ਼ਟੀ ਨੇ ਇਹਨਾਂ ਕਦਰਾਂ-ਕੀਮਤਾਂ/ਮੁੱਲਾਂ ਨੂੰ ਬੀਤੇ ਯੁੱਗ ਦੀਆਂ ਵਸਤਾਂ ਵਿੱਚ ਤਬਦੀਲ ਕਰ ਦਿੱਤਾ ਹੈ। ਇਸ ਸਾਰੀ ਪ੍ਰਕਿਰਿਆ ਨੂੰ ਵਿਸ਼ਵਾਰਥੀ ਪੂੰਜੀ ਅਤੇ ਸੱਤਾ ਹੀ ਡਰਾਇਵ ਕਰ ਰਹੀ ਹੈ। 'ਤਾਲੀਬਾਨ' ਪਸ਼ਤੋਂ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਵਿਦਿਆਰਥੀ ਪ੍ਰੰਤੂ ਸੱਤਾ ਅਤੇ ਧਰਮ ਦੀ ਕੱਟੜ ਦ੍ਰਿਸ਼ਟੀ ਨੇ ਇਸ ਸ਼ਬਦ ਅੰਦਰ ਵਿਅੰਜਨਾ ਮੂਲਕ ਅਰਥ ਭਰ ਦਿੱਤੇ ਹਨ। ਅੱਜ ਇਸ ਸ਼ਬਦ ਦਾ ਅਰਥ ਸੱਤਾ/ਸ਼ਕਤੀ ਕੱਟੜਤਾ

ਤੋਂ ਲਿਆਂਦਾ ਹੈ। ਦਰਅਸਲ ਅੰਤਰਰਾਸ਼ਟਰੀ ਪੂੰਜੀ ਅਤੇ ਸੱਤਾ/ਸ਼ਕਤੀ ਵਿਸ਼ਵ ਪੱਧਰ ਤੇ ਸਾਰੇ ਪ੍ਰਬੰਧਾਂ ਨੂੰ ਆਪਣੀ ਦ੍ਰਿਸ਼ਟੀ ਤੋਂ ਪਰਿਭਾਸ਼ਿਤ ਕਰਕੇ ਨਵੇਂ-ਨਵੇਂ ਬਿਰਤਾਂਤ ਸਿਰਜ ਰਹੀ ਹੈ। ਇਹੀ ਕਾਰਨ ਹੈ ਕਿ ਸਾਡੀਆਂ ਸਥਾਨਿਕ ਸੱਤਾ ਮੂਲਿਕ ਤਾਕਤਾਂ ਅਤੇ ਰਾਸ਼ਟਰੀ ਰਾਜਸੀ ਤਾਕਤਾਂ ਦੀ ਪਿੱਠ ਭੂਮੀ ਵਿੱਚ ਵੀ ਇਹ ਤਾਕਤਾਂ ਦੀ ਕਾਰਜਸ਼ੀਲਤਾ ਬਣੀ ਹੋਈ ਹੈ।


ਸੱਤਾ ਦੀ ਮਨੁੱਖ ਤੇ ਵੱਧ ਰਹੀ ਇਹ ਪਕੜ ਹੀ ਉਸ ਨੂੰ ਨੈਤਿਕ ਤੌਰ ਤੇ ਹਨੇਰੇ ਵੱਲ ਧੱਕ ਰਹੀ ਹੈ। ਨਰਿੰਦਰਜੀਤ ਦੇ ਇਨ੍ਹਾਂ ਲੇਖਾਂ ਵਿੱਚ ਭਾਵੇਂ ਸਥਾਨਿਕ ਅਤੇ ਸਖਸ਼ੀ ਘਟਨਾਵਾਂ ਦੇ ਵੇਰਵਾ ਵਧੇਰੇ ਹੈ ਪ੍ਰੰਤੂ ਉਸ ਦੇ ਇਨ੍ਹਾਂ ਲੇਖਾਂ ਵਿੱਚ ਕੁਝ ਅਜਿਹੇ ਲੇਖ ਵੀ ਹਨ ਜੋ ਆਪਣੇ ਸੂਖਮ ਤੱਥਾਂ ਕਾਰਨ ਪਾਠਕ ਨੂੰ ਰਾਸ਼ਟਰੀ ਅੰਦਰਰਾਸ਼ਟਰੀ ਪੱਧਰ ਤੇ ਬਣਦੇ-ਵਿਗੜਦੇ ਯਥਾਰਥ ਪ੍ਰਤੀ ਵੀ ਚੇਤੰਨ ਕਰਦੇ ਹਨ। ਨਰਿੰਦਰਜੀਤ ਸਾਡੇ ਸਮਕਾਲੀ ਵਰਤਾਰਿਆਂ ਨੂੰ ਕੇਂਦਰ ਵਿੱਚ ਰੱਖ ਕੇ ਮਨੁੱਖ ਨੂੰ ਫਿਰ ਤੋਂ ਆਪਣੇ ਵੱਲ ਮੁੜਨ ਦਾ ਸੁਨੇਹਾ ਦਿੰਦਾ ਹੈ। ਆਪਣੇ ਇਨ੍ਹਾਂ ਲੇਖਾਂ ਅੰਦਰ ਰੌਚਕਤਾ ਲਈ ਉਹ ਵਾਰਤਲਾਪਾਂ ਨੂੰ ਵਿਧੀ ਵਜੋਂ ਵਰਤਦਾ ਹੈ। ਭਾਸ਼ਾ ਦੀ ਸਰਲਤਾ ਅਤੇ ਸੰਗਠਿਤ ਵਾਰਤਿਕ ਸ਼ੈਲੀ ਰਚਨਾ ਅੰਦਰ ਰਵਾਨੀ ਪੈਦਾ ਕਰਦੀ ਹੈ। ਨਰਿੰਦਰਜੀਤ ਆਪਣੇ ਇਨ੍ਹਾਂ ਲੇਖਾਂ ਰਾਹੀਂ ਮਨੁੱਖ ਨੂੰ ਆਪਣੇ ਹੋਂਦ ਦੇ ਅਰਥਾਂ ਪ੍ਰਤੀ ਚੇਤੰਨ ਕਰਕੇ ਆਪਣੀ ਸਮਾਜਿਕ ਅਤੇ ਮਾਨਵੀਂ ਭੂਮਿਕਾ ਪ੍ਰਤੀ ਸਕਿਰਿਆ ਕਰਦਾ ਹੈ। ਉਹ ਮਾਨਵੀਂ ਚੇਤਨਾ ਤੇ ਬਾਹਰੀ ਸਥੀਤੀਆਂ ਦੀ ਪਕੜ ਦੀ ਪਛਾਣ ਦੀ ਗੱਲ ਵੀ ਕਰਦਾ ਹੈ। ਇਹ ਤੱਥ ਸਥਾਪਿਤ ਕਰਦਾ ਹੈ ਅਤੇ ਸਮਕਾਲੀ ਸਮੇਂ ਵਿੱਚ ਬਾਹਰੀ ਸ਼ਕਤੀ ਮਨੁੱਖ ਨੂੰ ਮਾਨਸਿਕ ਤੌਰ ਤੇ ਵਿਕਸਿਤ ਲਘੂ ਮਨੁੱਖ ਵਿੱਚ ਤਬਦੀਲ ਕਰ ਰਹੀਆਂ ਹਨ। ਮਨੁੱਖ ਇਨ੍ਹਾਂਸਥਿਤੀਆਂ ਤੋਂ ਉਸ ਸਮੇਂ ਤੱਕ ਮੁਕਤ ਨਹੀਂ ਹੋ ਸਕਦਾ ਜਦੋਂ ਉਹ ਇਨ੍ਹਾਂ ਪ੍ਰਤੀ ਪ੍ਰਤਿਰੋਧ ਦੀ ਭਾਸ਼ਾ ਅਤੇ ਵਿਹਾਰਕ ਪੱਧਰ ਤੇ ਸੰਗਠਿਤ ਸੰਘਰਸ਼ ਦਾ ਰਸਤਾ ਨਹੀਂ ਚੁਣਦਾ। ਇਹ ਹੀ ਉਸ ਦੇ ਇਨ੍ਹਾਂ ਲੇਖਾਂ ਦਾ ਉਦੇਸ਼ ਹੈ ਅਤੇ ਇਸ ਵਿੱਚ ਉਹ ਸਫ਼ਲ ਹੈ।

**-ਸਹਾਇਕ ਪ੍ਰੋਫੈਸਰ, ਸਰਕਾਰੀ ਕਾਲਜ,**
**ਹੁਸਨਰ (ਗਿੱਦੜਬਾਹਾ)**










## ਜ਼ਿੰਦਗੀ ਦਾ ਸੱਚ / ਜਸਪ੍ਰੀਤ ਕੌਰ



ਕਿਸੇ ਦਾ ਹੱਸਣਾ, ਖੇਡਣਾ, ਖਿੜ ਪੈਣਾ
ਜਿਵੇਂ ਬਹਾਰ ਦਾ ਪਹਿਲਾ ਫੁੱਲ ਹੋਵੇ,
ਜ਼ਿੰਦਗੀ ਨੂੰ ਰੰਗਾਂ ਨਾਲ ਭਰ ਦੇਣਾ
ਇਕ ਸੁੰਦਰ ਜਿਉਣ ਦਾ ਅਸੂਲ ਹੋਵੇ...

ਪਰ ਫੁੱਲਾਂ ਦੇ ਨਾਲ ਲੱਗੇ ਕੰਡੇ ਵੀ
ਚੁੱਪਚਾਪ ਚੁਭ ਜਾਂਦੇ ਕਈ ਵਾਰ,
ਮੁਸਕਾਨਾਂ ਹੇਠ ਲੁਕਿਆ ਰਹਿੰਦਾ
ਕਿਸੇ ਦਿਲ ਦਾ ਬੇਆਵਾਜ਼
ਦਰਦ ਭਰਿਆ ਸੰਸਾਰ...

ਫਿਰ ਵੀ ਮੁਸਕਾਨ ਨਾਲ ਭਰਿਆ
ਅਜਿਹਾ ਚਿਹਰਾ ਜੋ ਸਭ ਲਈ
ਸਕੂਨ ਦੀ ਖੁਸ਼ਬੂ ਵਾਂਗ
ਹਰ ਥੱਕੇ ਦਿਲ ਨੂੰ ਥੋੜ੍ਹਾ ਸਾਹ ਦਿੰਦਾ...
ਉਸ ਨੇ ਇਸ ਅਦਾ ਨੂੰ ਹੀ
ਅਸੂਲ ਬਣਾਇਆ ਹੋਵੇ

ਪਰ ਇਹ ਵੀ ਕਿੱਥੇ ਲਾਜ਼ਮੀ ਹੁੰਦਾ
ਹਰ ਦਰਦ ਹਾਸਿਆਂ ਵਿੱਚ ਛੁਪ ਜਾਵੇ,
ਅਤੇ ਇਹ ਵੀ ਸੱਚ ਨਹੀਂ
ਹਰ ਮੁਸਕਾਨ ਪਿੱਛੇ ਕੋਈ ਤੂਫ਼ਾਨ
ਦਿਲ ਵਿੱਚ ਉੱਠ ਆਵੇ

ਕਿਸੇ ਲਈ ਹਾਸਾ ਦਰਦਾਂ ਦਾ
ਮਰਹਮ ਬਣਦਾ,
ਕਿਸੇ ਲਈ ਇਹ ਰੌਸ਼ਨੀ ਦੀ ਲੌ,
ਤੇ ਕਿਸੇ ਲਈ ਦਰਦ ਨਾਲ ਹੀ ਜੀਉਣਾ
ਜ਼ਿੰਦਗੀ ਦਾ ਸੱਚ ਹੋਵੇ...।


# ਗ.ਸ. ਨਕਸ਼ਦੀਪ ਪੰਜਕੋਹਾ ਦਾ ਰਚਨਾ ਸੰਸਾਰ




# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



RNI NO. PUNPUN / 2006 / 16230 April-June 2026 ISSN: 2277-9930




## ਨਿਰਵਾਣ ਦੀ ਤਲਾਸ਼ 'ਚ, ਦਵੰਦ ਕਥਾ, ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਨ ਅਤੇ ਪਿਆਸ ਤੋਂ ਬਾਅਦ ਅਮਰਜੀਤ ਕੌਂਕੇ ਦੀ ਨਵੀਂ ਕਾਵਿ-ਪੁਸਤਕ

# ਇਸ ਧਰਤੀ 'ਤੇ ਰਹਿੰਦਿਆਂ

ਪ੍ਰਕਾਸ਼ਕ: ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਜਦੋਂ ਮੈਂ ਪੂੰਜੀਵਾਦੀ ਵਿਸ਼ਵੀਕਰਨ ਦੀਆਂ ਮਹੀਨ ਅਤੇ ਬਰੀਕ ਤੰਦਾਂ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਤਾਂ ਮੇਰੇ ਜ਼ਹਿਨ ਵਿੱਚ ਹੋਰਾਂ ਖੇਤਰਾਂ ਵਾਂਗ ਕਵਿਤਾ ਦਾ ਖੇਤਰ ਵੀ ਆ ਗਿਆ। ਇਸ ਦਾ ਅਧਿਐਨ ਕਰਨ ਤੋਂ ਬਾਅਦ ਮੈਂ ਇਸ ਸਿੱਟੇ ਦੇ ਪਹੁੰਚਿਆ ਕਿ ਕਵੀਆਂ ਭਾਵ ਸਾਰੀਆਂ ਵਿਧਾਵਾਂ ਦੇ ਲੇਖਕਾਂ ਨੂੰ ਨੇੜ ਭਵਿੱਖ ਵਿੱਚ ਬਹੁਤ ਸਾਰੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਉਹ ਏ ਆਈ ਦੁਆਰਾ ਲਿਖੀ ਜਾ ਰਹੀ ਕਵਿਤਾ ਦਾ ਟਾਕਰਾ ਕਿਵੇਂ ਕਰਨਗੇ। ਹਾਲਾਤ ਇਹ ਬਣ ਰਹੇ ਹਨ ਕਿ ਬੰਦਾ ਮਰ ਰਿਹਾ ਹੈ। ਤੇ ਜੇ ਬੰਦਾ ਮਰ ਰਿਹਾ ਹੈ ਤਾਂ ਕਵਿਤਾ ਕਿਵੇਂ ਬਚ ਸਕੇਗੀ। ਪੂੰਜੀਵਾਦੀ ਵਿਸ਼ਵੀਕਰਨ ਦੇ ਦੌਰ ਵਿੱਚ (ਭਾਵ ਏ ਆਈ ਦੇ ਦੌਰ ਵਿੱਚ ਭਾਵੇਂ ਕਵਿਤਾ ਦੀ ਮੌਤ ਅਜੇ ਨਹੀਂ ਹੋਈ ਪਰ ਹੋ ਜਾਵੇਗੀ। ਕੱਚੇ-ਪਿੱਲੇ ਦ੍ਰਿਸ਼ਟੀਹੀਣ, ਅਪ੍ਰਤੀਬਧ ਕਵੀਆਂ ਤੋਂ ਕਵਿਤਾ ਨਹੀਂ ਬਚਣੀ, ਕਿਉਂਕਿ ਇਸ ਸਮੇਂ ਕਵਿਤਾ ਦੇ ਚਿੱਤਰਪੱਟ ਤੇ ਬਹੁ-ਗਿਣਤੀ ਅਜਿਹੇ ਕਵੀਆਂ (ਅ-ਕਵੀਆਂ) ਦੀ ਹੀ ਹੈ। ਪਰ ਮੈਨੂੰ ਇੱਕ ਸਿਹਤਮੰਦ ਅਤੇ ਹਾਂਦਰੂ-ਪੱਖ ਇਹ ਨਜ਼ਰ ਆ ਰਿਹਾ ਹੈ ਕਿ ਜਦ ਤੀਕ ਅਮਰਜੀਤ ਕੌਂਕੇ ਤੇ ਇਸਦੇ ਕੁਝ ਸਮਕਾਲੀ ਕਵੀ ਜੋ ਪ੍ਰਤੀਬੱਧ ਹਨ (ਭਾਵੇਂ ਗਿਣਤੀ ਵਿੱਚ ਥੋੜੇ ਹਨ) ਕਵਿਤਾ ਰਚਦੇ ਰਹਿਣਗੇ ਤਾਂ ਕਵਿਤਾ ਬਚੀ ਰਹੇਗੀ। ਬਤੌਰ ਪਾਠਕ, ਬਤੌਰ ਅਲੋਚਕ ਮੈਨੂੰ ਅਮਰਜੀਤ ਕੌਂਕੇ ਤੇ ਮਾਣ ਹੈ ਤੇ ਮੈਨੂੰ ਤਸੱਲੀ ਹੈ ਕਿ ਕੌਂਕੇ ਸਦਾ ਮਾਨਵਵਾਦੀ ਕਦਰਾਂ ਕੀਮਤਾਂ ਅਤੇ ਲੋਕ-ਪੱਖੀ ਚੇਤਨਾ ਨਾਲ ਵਰੋਸਾਈ ਕਵਿਤਾ ਸਿਰਜਦਾ ਰਹੇਗਾ। ਕੌਂਕੇ ਕਵਿਤਾ ਸਿਰਜਦਾ ਰਹੇਗਾ ਕਿਉਂਕਿ ਉਹ ਪ੍ਰਤੀਬੱਧ ਹੈ, ਦ੍ਰਿਸ਼ਟੀਵਾਨ ਹੈ ਅਤੇ ਉਸ ਦੀ ਸੋਚ ਅਤੇ ਦ੍ਰਿਸ਼ਟੀ ਨਵ-ਪ੍ਰਗਤੀਵਾਦੀ ਹੈ, ਨਵ-ਯਥਾਰਥਵਾਦੀ ਹੈ। ਇਹੋ ਮੁੱਖ ਕਾਰਨ ਹੈ ਕਿ ਮੈਂ ਅਮਰਜੀਤ ਕੌਂਕੇ ਦੀ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਦਾ ਮੁਲਾਂਕਣ ਕਰਨ ਦਾ ਫੈਸਲਾ ਕੀਤਾ।

-ਡਾ. ਸੁਰਜੀਤ ਬਰਾੜ

ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ
ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ
ਸੰਪਰਕ: 98773-58869, 97810-33133
PARTEEK PUBLICATIONS